ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 43 | 04 November 2020 to 10 November 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

➤ ਅੰਦਰ ਪੜ੍ਹੋ

14 ਖਾਸ ਖਬਰ

ਬਿਹਾਰ ਦੀਆਂ ਚੋਣਾਂ, ਮੋਦੀ ਸਤਾ ਬਨਾਮ ਮਹਾਂ ਗੱਠਜੋੜ



22 ਵਿਸ਼ੇਸ਼ ਰਪੋਰਟ

ਦਲਿਤ ਬੀਬੀਆਂ ਨਾਲ ਬਲਾਤਕਾਰ ਬਣਿਆ ਕੌਮਾਂਤਰੀ ਮੁੱਦਾ




# ਡਿੱਗਦੇ ਢਹਿੰਦੇ ਬੁੱਢੇ ਨੇ ਸਰਪੰਚ ਨੂੰ ਢਾਅ ਈ ਲਿਆ

## (ਬਾਈਡਨ 284 ਵੋਟਾਂ ਲੈ ਕੇ ਜੇਤੂ ਪਰ 306 ਮਿਲਣ ਦੀ ਆਸ)

**ਵਾਸ਼ਿੰਗਟਨ ਡੀ. ਸੀ. (ਅੰਮ੍ਰਿਤਸਰ ਟਾਈਮਜ਼ ਬਿਊਰੋ):** ਸਾਰੀ ਦੁਨੀਆਂ ਦੀਆਂ ਅੱਖਾਂ ਇਸ ਵੇਲੇ ਅਮਰੀਕਾ ਦੀ ਰਾਸ਼ਟਰਪਤੀ ਚੋਣ ਵੱਲ ਹਨ ਜਿਸਨੇ ਦੁਨੀਆਂ ਦੀ ਸਿਆਸਤ ਅਤੇ ਅੰਦਰੂਨੀ ਮਸਲਿਆਂ ਨੂੰ ਪ੍ਰਭਾਵਿਤ ਕਰਨਾ ਹੈ। ਚਾਹੇ ਰਾਸ਼ਟਰਪਤੀ ਟਰੰਪ ਨੇ ਚੋਣਾਂ ਵਾਲੀ ਰਾਤ ਨੂੰ ਆਪਣੇ ਆਪ ਨੂੰ ਜੇਤੂ ਕਰਾਰ ਦੇ ਦਿੱਤਾ ਸੀ ਪਰ ਅਸਲ ਪੈਨਸਲਵੇਨੀਆ ਦੀਆਂ ਵੋਟਾਂ ਮਿਲਣ ਨਾਲ ਜੋ ਬਾਈਡਨ 284 ਵੋਟਾਂ ਲੈ ਕੇ ਜੇਤੂ ਹੋ ਗਿਆ ਹੈ। ਜੇ ਬਾਈਡਨ ਜੋਰਜੀਆ ਅਤੇ ਨਵਾਡਾ ਵੀ ਜਿੱਤ ਜਾਂਦਾ ਹੈ ਤਾਂ ਉਸ ਕੋਲ 306 ਇਲੈਕਟਰਲ ਸੀਟਾਂ ਹੋ ਜਾਣਗੀਆਂ, ਅਮਰੀਕਾ ਦਾ ਰਾਸ਼ਟਰਪਤੀ ਬਨਣ ਲਈ 270 ਸੀਟਾਂ ਦੀ ਜ਼ਰੂਰਤ ਹੁੰਦੀ ਹੈ। ਇਸ ਵੇਲੇ ਜੋ ਬਾਈਡਨ ਨਵਾਡਾ ਵਿੱਚ 22657, ਜੋਰਜੀਆ ਵਿੱਚ 7248 ਤੇ ਅੱਗੇ ਚੱਲ ਰਿਹਾ ਹੈ।

ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਤਕਰੀਬਨ 15 ਕਰੋੜ ਵੋਟਾਂ ਪਈਆਂ ਹਨ ਜੋ ਕਿ ਹੁਣ ਤੱਕ ਦੀਆਂ ਸੱਭ ਤੋਂ ਰਿਕਾਰਡ ਤੋੜ ਹਨ। ਰਾਸ਼ਟਰਪਤੀ ਟਰੰਪ ਨੇ ਚੋਣਾਂ ਵਿੱਚ ਹੋਈ ਹੇਰਾ-ਫੇਰੀ ਦਾ ਮੁੱਦਾ ਕਈ ਮਹੀਨਿਆਂ ਤੋਂ ਪਾ ਰਿਹਾ ਹੈ ਅਤੇ ਉਸਨੇ ਆਪਣੇ ਵੋਟਰਾਂ ਨੂੰ ਡਾਕ ਦੀ ਬਜਾਏ ਆਪ ਜਾ ਕੇ 4 ਨਵੰਬਰ ਨੂੰ ਵੋਟ ਪਾਉਣ ਨੂੰ ਕਿਹਾ ਸੀ। ਆਪ ਜਾ ਕੇ ਵੋਟ ਪਾਉਣ ਨਾਲ ਨਾਲ-ਨਾਲ ਹੀ ਗਿਣੀ ਜਾਂਦੀ ਹੈ ਅਤੇ ਡਾਕ ਵਾਲ਼ੀਆਂ ਬਾਅਦ ਵਿੱਚ ਗਿਣੀਆਂ ਜਾਂਦੀਆਂ ਹਨ। ਜੋ ਬਾਈਡਨ ਨੇ ਲੋਕਾਂ ਨੂੰ ਡਾਕ ਰਾਹੀਂ ਪਾਉਣ ਨੂੰ ਤਰਜ਼ੀਹ ਦਿੱਤੀ ਸੀ ਕਿਉਂ ਕਿ ਡੈਮੋਕਰੈਟਿਕ ਵੋਟਰ ਵੋਟ ਪਾਉਣ ਵਿੱਚ ਸੁਸਤ ਗਿਣਿਆ ਜਾਂਦਾ ਹੈ। ਪਿਛਲੀਆਂ ਚੋਣਾਂ ਵਿੱਚ ਹਿਲਰੀ ਕਲਿੰਟਨ ਦੇ ਹਾਰ ਜਾਣ ਦਾ ਵੱਡਾ ਕਾਰਣ ਡੈਮੋਕਰੈਟਿਕ ਵੋਟਰਾਂ ਵੱਲੋਂ ਘੱਟ ਉਤਸ਼ਾਹ ਦਿਖਾਉਣਾ ਹੀ ਸੀ। ਇਹੀ ਕਾਰਣ ਹੈ ਕਿ ਪਹਿਲਾਂ ਟਰੰਪ ਗਿਣਤੀ ਵਿੱਚ ਅੱਗੇ ਸੀ ਪਰ ਜਦੋਂ ਡਾਕ ਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਜੋ ਬਾਈਡਨ ਅੱਗੇ ਲੰਘ ਗਿਆ ਜੋ ਕਿ ਯਕੀਨੀ ਸੀ ਪਰ ਟਰੰਪ ਲੋਕਾਂ ਖ਼ਾਸ ਕਰ ਰਿਪਲਿਕਨ ਵੋਟਰਾਂ ਦੇ ਦਿਮਾਗ ਵਿੱਚ ਚੋਣਾਂ ਵਿੱਚ ਹੋਈ ਹੇਰਾ-ਫੇਰੀ ਦਾ ਸ਼ੱਕ ਖੜਾ ਕਰਣ ਵਿੱਚ ਕਾਮਯਾਬ ਰਿਹਾ। ਅਸਲ ਵਿੱਚ ਅਮਰੀਕਾ ਵਰਗੇ ਮੁਲਕ ਵਿੱਚ ਇਸ ਤਰਾਂ ਦੀ ਹੇਰਾ-ਫੇਰੀ ਸੰਭਵ ਨਹੀਂ।





ਕਚਹਿਰੀ ਵਿੱਚ ਟਰੰਪ ਦੇ ਕੇਸ ਧੜਾ-ਧੜ ਖ਼ਾਰਜ ਹੋਣ ਲੱਗੇ

ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਪਰਸੋਂ ਤੋਂ ਕੋਰਟ ਕੇਸ ਕਰਣ ਦਾ ਹੜ੍ਹ ਲਿਆਂਦਾ ਪਿਆ ਸੀ ਪਰ ਜੱਜਾਂ ਨੇ ਇੱਕ-ਇੱਕ ਕਰਕੇ ਨਾਂਹ ਕਰਨੀ ਸ਼ੁਰੂ ਕਰ ਦਿੱਤੀ ਹੈ। ਮਿਸ਼ੀਗਨ ਰਾਜ ਵਿੱਚ ਰਾਸ਼ਟਰਪਤੀ ਨੇ ਡਾਕ ਰਾਹੀਂ ਆਈਆਂ ਵੋਟਾਂ ਦੀ ਗਿਣਤੀ ਤੇ ਰੋਕ ਲਾਉਣ ਨੂੰ ਕਿਹਾ ਸੀ ਪਰ ਜੱਜ ਨੇ ਉਹਦੀ ਕੋਈ ਵੀ ਦਲੀਲ ਨਾਂ ਮੰਨਦੇ ਹੋਏ ਕੇਸ ਖ਼ਾਰਜ ਕਰ ਦਿੱਤਾ ਹੈ।

ਜੋਰਜੀਆ ਅਤੇ ਪੈਨਸੇਲਵੇਨੀਆ ਦੇ ਜੱਜਾਂ ਨੇ ਵੀ ਸਬੂਤਾਂ ਦੀ ਘਾਟ ਹੋਣ ਕਰਕੇ ਕੇਸ ਖ਼ਾਰਜ ਕਰ ਦਿੱਤੇ ਹਨ ਪਰ ਰਾਸ਼ਟਰਪਤੀ ਟਰੰਪ ਨੂੰ ਇੱਕ ਰਾਹਤ ਮਿਲੀ ਜਦੋਂ ਪੈਨਸੇਲਵੇਨੀਆ ਦੇ ਜੱਜ ਨੇ ਗਿਣਤੀ ਵੇਲੇ ਟਰੰਪ ਦੀ ਟੀਮ ਨੂੰ ਗਿਣਤੀ ਨਜ਼ਦੀਕ ਤੋਂ ਦੇਖਣ ਦੀ ਖੁੱਲ੍ਹ ਦਿੱਤੀ ਹੈ।

ਕਿਸੇ ਵੀ ਕੇਸ ਵਿੱਚ ਵੋਟਾਂ ਦੀ ਗਿਣਤੀ ਰੁਕਵਾਉਣ ਲਈ ਰਾਸ਼ਟਰਪਤੀ ਟਰੰਪ ਦੀ ਇੱਛਾ ਪੂਰੀ ਨਹੀਂ ਹੋਈ। ਜੋਰਜੀਆ ਵਿੱਚ ਟਰੰਪ ਨੇ ਦੋਸ਼ ਲਾਇਆ ਸੀ ਕਿ ਉਸਦੇ ਵਲੰਟੀਅਰਾਂ ਨੇ ਦੱਸਿਆ ਹੈ ਕਿ ਹਜ਼ਾਰਾਂ ਬੈਲਟ ਵੋਟਿੰਗ ਬੰਦ ਹੋਣ ਤੋਂ ਬਾਅਦ ਆਏ ਭਾਵ ਜਾਲ੍ਹੀ ਹਨ ਪਰ ਜੱਜ ਜੇਮਜ਼ ਬਾਸ ਕੇਸ ਖ਼ਾਰਜ ਕਰਦੇ ਹੋਏ ਕਿਹਾ ਕਿ ਕਿਸੇ ਵੀ ਬੈਲਟ ਦਾ 7 ਵਜੇ ਤੋਂ ਬਾਅਦ ਮਿਲਣ ਦਾ ਸਬੂਤ ਨਹੀਂ। ਮੋਨਟੈਨਾ ਦੇ ਜੱਜ ਨੇ ਵੀ ਕਿਹਾ ਕਿ ਰਾਸ਼ਟਰਪਤੀ ਵੱਲੋਂ ਡਾਕ ਵੋਟਾਂ ਵਿੱਚ ਘਪਲੇਬਾਜੀ ਉਹਦੀ ਆਪਣੀ ਘੜੀ ਕਹਾਣੀ ਹੈ ਪਰ ਸਬੂਤ ਕੋਈ ਨਹੀਂ।

ਪਰ ਰਾਸ਼ਟਰਪਤੀ ਟਰੰਪ ਹਲੇ ਵੀ ਚੁੱਪ ਬੈਠਦਾ ਨਹੀਂ ਲੱਗਦਾ ਕਿਉਂ ਕਿ ਉਸਨੇ ਕੱਲ੍ਹ ਰਾਤ ਦੱਸਿਆ ਹੈ ਕਿ ਅੱਜ ਉਹ ਨਵਾਡਾ ਦੀ ਕਚਹਿਰੀ ਵਿੱਚ ਇੱਕ ਹੋਰ ਕੇਸ ਕਰ ਰਿਹਾ ਹੈ। ਕੱਲ੍ਹ ਰਾਤ ਦੀ ਸਪੀਚ ਵਿੱਚ ਰਾਸ਼ਟਰਪਤੀ ਟਰੰਪ ਬਹੁਤ ਪ੍ਰੇਸ਼ਾਨ ਨਜ਼ਰ ਆਇਆ ਅਤੇ ਉਸਨੇ ਕਿਹਾ ਕਿ ਉਹ ਹੁਣ ਸੁਪਰੀਮ ਕੋਰਟ ਵਿੱਚ ਜਾਵੇਗਾ।

# ਭਾਰਤ ਸਰਕਾਰ ਵੱਲੋਂ ਪੰਜਾਬ ਦੀ ਸਪਲਾਈ ਰੋਕਣ ਕਾਰਨ ਪੰਜਾਬ ’ਚ ਬਿਜਲੀ ਸੰਕਟ ਗਹਿਰਾਇਆ; ਕੈਪਟਨ ਦੇ ਹੱਥ ਖੜ੍ਹੇ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਦੇ ਤਾਪ ਬਿਜਲੀ ਘਰਾਂ ਵਿਚ ਕੋਲੇ ਦੀ ਸਪਲਾਈ ਬੰਦ ਹੋਣ ਕਾਰਨ ਹੁਣ ਸਰਕਾਰ ਨੇ ਹੱਥ ਖੜ੍ਹੇ ਕਰਦਿਆਂ ਬਿਜਲੀ ਦੇ ਕੱਟ ਲਾਉਣੇ ਸ਼ੁਰੂ ਕਰ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਪੰਜਾਬ ਵਿਚ ਮਾਲ ਗੱਡੀਆਂ ਦੀ ਆਵਾਜਾਈ ਰੋਕ ਦਿੱਤੀ ਹੋਈ ਹੈ ਜਿਸ ਦੇ ਚਲਦਿਆਂ ਪੰਜਾਬ ਦੇ ਥਰਮਲਾਂ ਲਈ ਕੋਲੇ ਦੀ ਸਪਲਾਈ ਨਹੀਂ ਪਹੁੰਚ ਰਹੀ।

ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਦਾ ਆਖ਼ਰੀ ਪਾਵਰ ਪਲਾਂਟ ਜੀਵੀਕੇ ਥਰਮਲ ਦੇ ਬੰਦ ਹੋਣ ਕਾਰਨ ਦਿਨ ਦੌਰਾਨ ਬਿਜਲੀ ਦੀ ਘਾਟ ਵਿੱਚ 1000-1500 ਮੈਗਾਵਾਟ ਵਾਧੇ ਦੇ ਮੱਦੇਨਜ਼ਰ, ਬਿਜਲੀ ਵਿਭਾਗ ਕੋਲ ਸਾਰੇ ਰਿਹਾਇਸ਼ੀ, ਵਪਾਰਕ ਤੇ ਖੇਤੀਬਾੜੀ ਖ਼ਪਤਕਾਰਾਂ ਨੂੰ ਮੰਗਲਵਾਰ ਸ਼ਾਮ ਤੋਂ ਬਿਜਲੀ ਦੇ ਕੱਟ ਲਗਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਿਆ।

ਮੌਜੂਦਾ ਸਮੇਂ ਸੂਬੇ ਵਿੱਚ ਦਿਨ ਦੇ ਸਮੇਂ ਬਿਜਲੀ ਦੀ ਮੰਗ ਲਗਭਗ 5100-5200 ਮੈਗਾਵਾਟ ਹੈ ਅਤੇ ਰਾਤ ਸਮੇਂ ਕਰੀਬ 3400 ਮੈਗਾਵਾਟ ਹੈ। ਦੂਜੇ ਪਾਸੇ ਸਪਲਾਈ ਲੋੜ ਤੋਂ ਬਹੁਤ ਘੱਟ ਹੈ ਕਿਉਂਕਿ ਦਿਨ ਸਮੇਂ ਰੋਜ਼ਾਨਾ 4-5 ਘੰਟਿਆਂ ਲਈ ਸਿਰਫ਼ ਸਬਜ਼ੀ ਫੀਡਰਾਂ (800 ਮੈਗਾਵਾਟ) ਦੀ ਖੇਤੀਬਾੜੀ ਬਿਜਲੀ (ਏਪੀ) ਲੋਡ ਸਪਲਾਈ ਕੀਤੀ ਜਾ ਰਹੀ ਹੈ। ਮੌਜੂਦਾ ਸਮੇਂ ਹੋਰ ਏਪੀ ਲੋਡ (ਲਗਭਗ 300 ਮੈਗਾਵਾਟ) ਘੱਟ ਹੈ। ਬੁਲਾਰੇ ਨੇ ਦੱਸਿਆ ਕਿ ਸਥਿਤੀ ਗੰਭੀਰ ਬਣੀ ਹੋਈ ਹੈ ਕਿਉਂਕਿ ਪਾਵਰਕੌਮ ਕੋਲ ਕੋਈ ਵੀ ਉਤਪਾਦਨ ਕੰਟਰੋਲ ਨਹੀਂ ਬਚਿਆ ਤੇ ਬਿਜਲੀ ਦੀਆਂ ਮਾਰਕੀਟ ਦਰਾਂ ਜ਼ਿਆਦਾਤਰ ਬਦਲਵੀਆਂ ਚੱਲ ਰਹੀਆਂ ਹਨ ਅਤੇ ਕਿਸੇ ਵੀ ਸਮੇਂ ਇਸ ਵਿੱਚ ਵਾਧਾ ਹੋ ਸਕਦਾ ਹੈ ਜਿਸ ਦੇ ਨਤੀਜੇ ਵਜੋਂ ਬਿਜਲੀ ਖਰੀਦ ਦੀ ਲਾਗਤ ਵਿੱਚ ਵੀ ਵਾਧਾ ਹੋਇਆ ਹੈ। ਬੁਲਾਰੇ ਨੇ ਦੱਸਿਆ ਕਿ ਸੂਬੇ ਦੇ ਵੱਖ ਵੱਖ ਫੀਡਰਾਂ ’ਤੇ ਦੁਪਹਿਰ 4 ਵਜੇ ਤੋਂ ਬਾਅਦ ਰੋਜ਼ਾਨਾ 4-5 ਘੰਟਿਆਂ ਲਈ ਨਿਯਮਤ ਤੌਰ ’ਤੇ ਲੋਡ ਦੀ ਵੰਡ ਕੀਤੀ ਜਾ ਰਹੀ ਹੈ, ਜਦਕਿ ਏਪੀ/ਸਬਜ਼ੀਆਂ ਸਬੰਧੀ ਸਪਲਾਈ ਵੀ ਘੱਟ ਕੀਤੀ ਜਾ ਰਹੀ ਹੈ। ਪੰਜਾਬ ਵਿਚ ਲਗਾਏ ਗਏ ਪ੍ਰਾਈਵੇਟ ਥਰਮਲਾਂ ਵਿਚੋਂ ਸਿਰਫ ਗੋਇੰਦਵਾਲ ਸਾਹਿਬ ਦਾ ਪਲਾਂਟ ਚਲ ਰਿਹਾ ਸੀ ਉਹ ਵੀ ਮੰਗਲਵਾਰ ਨੂੰ ਬੰਦ ਹੋ ਗਿਆ ਹੈ ਅਤੇ ਹੁਣ ਸਰਕਾਰ ਦੀ ਟੇਕ ਮਹਿਜ਼ ਰੋਪੜ ਤੇ ਲੋਹਰਾ ਮੁਹੱਬਤ ਦੇ ਸਰਕਾਰੀ ਪਲਾਂਟਾਂ ’ਤੇ ਰਹਿ ਗਈ ਹੈ।





ਇਹਨਾਂ ਸਰਕਾਰੀ ਥਰਮਲਾਂ ਨੂੰ ਮੁੜ ਚਾਲੂ ਕਰ ਦਿੱਤਾ ਗਿਆ ਹੈ ਪਰ ਇਹਨਾਂ ਕੋਲ ਵੀ ਕੁੱਝ ਦਿਨਾਂ ਦਾ ਹੀ ਕੋਲਾ ਬਚਿਆ ਹੈ।ਅਹਿਮ ਗੱਲ ਇਹ ਹੈ ਕਿ ਜਦੋਂ ਹੁਣ ਭਾਰਤ ਦੀ ਕੇਂਦਰ ਸਰਕਾਰ ਨੇ ਪੰਜਾਬ ਵਿਚ ਕੋਲੇ ਦੀ ਸਪਲਾਈ ਰੋਕ ਕੇ ਵੱਡਾ ਬਿਜਲੀ ਸੰਕਟ ਖੜ੍ਹਾ ਕਰ ਦਿੱਤਾ ਹੈ ਤਾਂ ਪੰਜਾਬ ਵਿਚੋਂ ਅਵਾਜ਼ਾਂ ਉੱਠ ਰਹੀਆਂ ਹਨ ਕਿ ਪੰਜਾਬ ਦੇ ਡੈਮਾਂ ਦੀ ਬਿਜਲੀ ਜੋ ਕੇਂਦਰ ਦੇ ਪ੍ਰਬੰਧ ਵਿਚ ਹੈ ਅਤੇ ਹੋਰ ਸੂਬਿਆਂ ਨੂੰ ਦਿੱਤੀ ਜਾਂਦੀ ਹੈ ਉਸ ਦਾ ਪ੍ਰਬੰਧ ਪੰਜਾਬ ਸਰਕਾਰ ਆਪਣੇ ਹੱਥ ਵਿਚ ਲਵੇ।

ਪਾਵਰਕੌਮ ਦੇ ਮੁੱਖ ਦਫ਼ਤਰ ਪਟਿਆਲਾ ਤੋਂ ਇਕੱਤਰ ਜਾਣਕਾਰੀ ਮੁਤਾਬਿਕ ਸੂਬੇ ਅੰਦਰ ਬਿਜਲੀ ਸਪਲਾਈ ਲਈ ਰੋਪੜ ਤੇ ਲਹਿਰਾ ਮੁਹੱਬਤ ਥਰਮਲ ਦੇ ਇੱਕ-ਇੱਕ ਉਤਪਾਦਨ ਯੂਨਿਟ ਚਾਲੂ ਕਰ ਦਿੱਤੇ ਗਏ ਹਨ, ਜੇ ਲੋੜ ਪਈ ਤਾਂ ਇਨ੍ਹਾਂ ਥਰਮਲਾਂ ਦੇ ਹੋਰ ਯੂਨਿਟਾਂ ਨੂੰ ਚਲਾਇਆ ਜਾ ਸਕਦਾ ਹੈ। ਰੋਪੜ ਤੇ ਲਹਿਰਾ ਮੁਹੱਬਤ ਕੋਲ ਵੀ ਪੂਰੀ ਲੋਡ ਸਮੱਰਥਾ ’ਚ ਚਲੱਣ ਦੀ ਸੂਰਤ ’ਚ ਚਾਰ-ਪੰਜ ਦਿਨ ਜੋਗਾ ਕੋਲੇ ਦਾ ਭੰਡਾਰ ਹੈ। ਪੰਜਾਬ ਵਾਰ ਵਾਰ ਇਹ ਵੀ ਕਹਿ ਰਿਹਾ ਹੈ ਕਿ ਨੈਸ਼ਨਲ ਗਰਿੱਡਾਂ ਪਾਸੋਂ ਬਿਜਲੀ ਖਰੀਦਣ ਲਈ ਸੂਬੇ ਕੋਲ ਪੈਸਾ ਨਹੀ ਹੈ, ਅਜਿਹੇ ਮੰਦੜੇ ਹਾਲਾਤ ’ਚ ਖਤਰੇ ਵਾਲੀ ਵੱਡੀ ਗੱਲ ਇਹ ਹੈ ਕਿ ਜੇ ਅਗਲੇ ਚਾਰ ਪੰਜ ਦਿਨਾਂ ਤੱਕ ਰੇਲਾਂ ਦੀ ਆਵਾਜਾਈ ਨਾ ਖੁੱਲੀ ਤਾਂ ਕੋਲ ਸੰਕਟ ਕਾਰਨ ਸਰਕਾਰੀ ਪੱਧਰ ਦੇ ਦੋਵੇਂ ਥਰਮਲਾਂ ਨੂੰ ਵੀ ਬੰਦ ਕਰਨਾ ਪੈ ਸਕਦਾ ਹੈ।

# ਸਕੋਪ ਵੱਲੋਂ ਥਾਪੜੇ 28 ਉਮੀਦਵਾਰ ਜਿੱਤੇ

## ਯੂਨੀਅਨ ਸਿਟੀ ਅਤੇ ਹੇਵਰਡ ਵਿੱਚ ਹੂੰਝਾ ਫੇਰ ਜਿੱਤ

ਸਰਬੱਤ ਦਾ ਭਲਾ
SCOPE
Sikh Community Organized for Political Engagement.

**ਯੂਨੀਅਨ ਸਿਟੀ/ਏ.ਟੀ.ਨਿਊਜ਼:** ਅਮਰੀਕਾ ਦੀਆਂ ਚੋਣਾਂ ਵਿੱਚ ਹਾਲ ਹੀ ਵਿੱਚ ਸਿੱਖਾਂ ਵੱਲੋਂ ਸਕੋਪ ਨਾਮ ਦੀ ਜੱਥੇਬੰਦੀ ਹੋਂਦ ਵਿੱਚ ਲਿਆਂਦੀ ਗਈ ਜਿਸਦਾ ਮੁੱਖ ਮੰਤਵ ਸਿਰਫ ਉਹਨਾਂ ਉਮੀਦਵਾਰਾਂ ਦੀ ਮਦਦ ਕਰਨਾ ਹੈ ਜੋ ਸਿੱਖ ਏਜੰਡੇ ਅਤੇ ਮੰਗਾਂ ਨਾਲ ਸਹਿਮਤ ਹੋਣ। ਇਸ ਸਾਲ ਸਕੋਪ ਵੱਲੋਂ ਸਮਰਥਨ ਕੀਤੇ 28 ਉਮੀਦਵਾਰ ਜਿੱਤ ਗਏ ਹਨ। ਸਕੋਪ ਵੱਲੋਂ ਸਮਰਥਨ ਦੇਣ ਲਈ 4 ਮੁੱਖ ਸ਼ਰਤਾਂ ਰੱਖੀਆਂ ਗਈਆਂ ਸਨ ਜੋ ਇਸ ਪ੍ਰਕਾਰ ਹਨ:

1. ਵੱਸੋ ਦੇ ਹਿਸਾਬ ਨਾਲ ਸਿੱਖਾਂ ਨੂੰ ਸ਼ਹਿਰਾਂ ਜਾਂ ਕਾਊਂਟੀ ਦੇ ਵੱਖ ਵੱਖ ਕਮਿਸ਼ਨਾਂ ਵਿੱਚ ਜਗ੍ਹਾ ਦੇਣੀ
2. ਵੱਸੋ ਮੁਤਾਬਕ ਸਿੱਖਾਂ ਨੂੰ ਸਰਕਾਰੀ ਨੌਕਰੀਆਂ ਤੇ ਕੋਂਟਰੈਕਟ ਦੇਣੇ
3. ਭਾਰਤ ਵਿੱਚ 1984 ਵਿੱਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਸਰਕਾਰੀ ਤੌਰ ਤੇ 'ਸਿੱਖ ਨਸਲਕੁਸ਼ੀ' ਵਜੋਂ ਮਾਣਤਾ ਦੇਣੀ
4. ਦੂਜੀਆਂ ਕੌਮਾਂ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਨਾਮ ਤੇ ਸਮਾਰਕਾਂ ਹਨ ਇਸਲਈ ਸਿੱਖ ਸ਼ਖ਼ਸੀਅਤਾਂ ਦੇ ਨਾਮ ਤੇ ਵੀ ਇਮਾਰਤਾਂ, ਪਾਰਕ ਜਾਂ ਸਕੂਲਾਂ ਦੇ ਨਾਮ ਰੱਖਣੇ ਜਿਸ ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਾ ਨਾਮ ਮੁੱਖ ਹੋਵੇਗਾ।

ਸਕੋਪ ਦੇ ਬੁਲਾਰੇ ਭਾਈ ਕਸ਼ਮੀਰ ਸਿੰਘ ਨੇ ਸਕੋਪ ਦੇ ਸਾਰੇ ਮੈਂਬਰਾਂ ਵੱਲੋਂ ਚੋਣਾਂ ਵਿੱਚ ਕੀਤੀ ਮਿਹਨਤ ਦਾ ਧੰਨਵਾਦ ਕੀਤਾ ਅਤੇ ਜਿੱਤੇ ਹੋਏ ਉਮੀਦਵਾਰਾਂ ਨੂੰ ਵਧਾਈ ਦਿੱਤੀ। ਉਹਨਾਂ ਨੇ ਚੋਣਾਂ ਵਿੱਚ ਕੁੱਦੇ ਸਾਰੇ ਉਮੀਦਵਾਰਾਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਵਿੱਚੋਂ ਜਿੱਤੇ ਯੂਨੀਅਨ ਸਿਟੀ ਕਾਉਂਸਲ ਵਿੱਚ ਗੈਰੀ ਸਿੰਘ, ਮਨਟੀਕਾ ਸਿਟੀ ਕਾਉਂਸਲ ਗੈਰੀ ਸਿੰਘ, ਮਾਊਂਟੇਨ ਹਾਊਸ ਬੋਰਡ ਵਿੱਚ ਹੈਰੀ ਢਿੱਲੋਂ ਅਤੇ ਕਰਮਨ ਸਿਟੀ ਕਾਉਂਸਲ ਵਿੱਚ ਬਿੱਲ ਨਿੱਝਰ ਨੂੰ ਵਧਾਈ ਦਿੱਤੀ। ਉਹਨਾਂ ਨੇ ਨਿਊਆਕਰ ਸਿਟੀ ਵਿੱਚ ਤਰਨਜੀਤ ਸਿੰਘ ਗੁਜਰਾਲ ਵੱਲੋਂ ਕਈ ਦਹਾਕਿਆਂ ਦੀ ਜਕੜ ਨੂੰ ਚੈਲੰਜ ਕਰਨ ਦੀ ਸ਼ਲਾਘਾ ਕੀਤੀ ਅਤੇ ਆਖਰੀ ਨਤੀਜੇ ਭਾਈ ਨਿਕਲਣ ਤੱਕ ਉਹਨਾਂ ਦੀ ਜਿੱਤ ਦੀ ਆਸ ਪ੍ਰਗਟਾਈ। ਇਹਨਾਂ ਚੋਣਾਂ ਵਿੱਚ ਜਿਹੜੇ ਸਿੱਖ ਉਮੀਦਵਾਰ ਕਾਮਯਾਬ ਨਹੀਂ ਹੋ ਸਕੇ ਉਹਨਾਂ ਨੂੰ ਬੇਨਤੀ ਕੀਤੀ ਕਿ ਆਉ ਸਾਰੇ ਰਲ ਕੇ ਸ਼ਖਸ਼ੀ ਸਿਆਸਤ ਤੋਂ ਉੱਪਰ ਉੱਠ ਕੇ ਕੌਮੀ ਏਜੰਡੇ ਤੇ ਕੰਮ ਕਰੀਏ।

*ਹਰੇ ਰੰਗ ਵਿੱਚ ਸਕੋਪ ਵੱਲੋਂ ਸਮਰਥਨ ਜੇਤੂ ਉਮੀਦਵਾਰਾਂ ਦੀ ਲਿਸਟ।

| Sr # | Candidates | Green is Winner Votes |
|---|---|---|
| 1 | Eric Swalwell for Congress Dist 15 | 138418 |
| 2 | Bill Quirk for State Assembly Dist 20 | 65799 |
| 3 | David Haubert for Alameda County Supervisor Dist 1 | 44860 |
| 4 | Mark Fickes for Alameda County Judge | 188016 |
| 5 | Aziz Akbari for Alameda County Water District | 42843 |
| 6 | John Weed for Alameda County Water District | 37711 |
| 7 | Martin Koller for Alameda County Water District | 33772 |
| 8 | Dollene Jones for AC Transit | 43614 |
| | **Union City** | |
| 9 | Carol Dutra-Vernaci for Mayor | 8694 |
| 10 | Gary Singh for City Council | 2865 |
| 11 | Lance Nishihira for New Haven School District 1 | 2246 |
| 12 | Melissa Shaun-Mallory for New Haven School District 2 | 1625 |
| 13 | Mike Gonzales for New Haven School District 3 | 2407 |
| | **Fremont** | |
| 14 | Justin Sha for Mayor | 14346 |
| 15 | Teresa Keng for Fremont City Council District 1 | 7284 |
| 16 | Raj Salwan for Fremont City Council District 5 | 8459 |
| 17 | Yogi Chugh for Fremont City Council District 6 | 2012 |
| 18 | Chitra Ramanathan for Washington Hospital Board | 22656 |
| 19 | Desrie Campbell, Fremont Unified School District | 6826 |
| | **Newark City** | |
| 20 | Taranjit "Singh" Gujral for City Council | 4337 |
| 21 | Amanda Chagoya for Newark Unified School Dist | 4071 |
| 22 | Christine Clinton for Newark Unified School Distt | 4468 |
| | **Hayward** | |
| 23 | Elisa Márquez for Hayward City Council | 15871 |
| 24 | Angela Andrews for Hayward City Council | 13673 |
| 25 | Francisco Zermeno for Hayward City Council | 12312 |
| 26 | Mark Salinas for Hayward City Council | 14834 |
| 27 | Peter Rosen for Hayward Area Recreation and Park District | 38367 |
| 28 | Peter Bufete for Hayward Unified School District | 11517 |
| | **Other Areas** | |
| 29 | Otto Lee for Santa Clara County District 3 | 57245 |
| 30 | Rich Tran for Milpitas Mayor | 13265 |
| 31 | Evelyn Chua for Milpitas City Council | 6217 |
| 32 | Bill Nijjar for Kerman City Council | 833 |
| 33 | Gary Singh for Manteca City Council | 8498 |
| 34 | Harry Dhillon for Mountain House Board | 1271 |
| 35 | Jass Sangha for Tracy Mayor | 3751 |
| 36 | Amrik Wander for Tracy City Council | 4111 |
| | **Ohlone CCD Trustees** | |
| 37 | Greg Bonaccorsi | 26482 |
| 38 | Rakesh Sharma | 22417 |
| 39 | Lance Kwan | 20290 |

ਧੰਨ ਧੰਨ ਰਾਮਦਾਸ ਗੁਰ ਜਿਨ ਸਿਰਿਆ ਤਿਨੈ ਸਵਾਰਿਆ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ
ਪਾਵਨ ਪਵਿੱਤਰ ਪ੍ਰਕਾਸ਼ ਦਿਹਾੜਾ
ਹਰ ਸਾਲ ਦੀ ਤਰਾਂ ਗੁਰੂ-ਘਰ ਦੇ ਸੇਵਕ ਭਾਈ ਬਹਾਦਰ ਸਿੰਘ, ਭਾਈ ਗੁਰਿੰਦਰ ਸਿੰਘ ਸਿੱਧੂ ਅਤੇ ਸਮੂੰਹ ਸੰਗਤ ਵੱਲੋਂ ਵਿਸ਼ੇਸ਼ ਤੌਰ ਤੇ
ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ
ਵਿਖੇ ਮਨਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਹਾਜ਼ਰੀ ਭਰ ਕੇ ਗੁਰੂ ਸਾਹਿਬ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ
ਸਹਿਜ ਪਾਠ ਦੇ ਭੋਗ 8 ਨਵੰਬਰ, ਦਿਨ ਐਤਵਾਰ ਸਵੇਰੇ 9:00 ਵਜੇ
ਬੇਨਤੀ ਕਰਤਾ:
ਬਹਾਦਰ ਸਿੰਘ (510)673-4046
ਭਾਈ ਗੁਰਿੰਦਰ ਸਿੰਘ ਸਿੱਧੂ (510)449-3628
300 Gurdwara Road, Fremont. California.



# ਦਿੱਲੀ ਦਰਬਾਰ ਨੇ ਪੰਜਾਬ ਨੂੰ ਇਕ ਬਸਤੀ ਬਣਾ ਕੇ ਰੱਖਿਆ ਹੈ: ਦਲ ਖ਼ਾਲਸਾ

## ✪ 'ਸਾਡਾ ਕਿਸਾਨ- ਸਾਡਾ ਮਾਣ' ਦੇ ਨਾਅਰਿਆਂ ਨਾਲ ਗੂੰਜਿਆ ਅੰਮ੍ਰਿਤਸਰ ✪ ਨਸਲਕੁਸ਼ੀ ਦੀ ਰਾਜਨੀਤੀ ਦੇ ਸ਼ਿਕਾਰ ਨਿਰਦੋਸ਼ ਸਿੱਖਾਂ ਦੀ ਯਾਦ ਵਿੱਚ ਕੱਢਿਆ ਮਸ਼ਾਲ ਮਾਰਚ







**ਅੰਮ੍ਰਿਤਸਰ/ਏ.ਟੀ.ਨਿਊਜ਼:** ਦਲ ਖ਼ਾਲਸਾ ਵੱਲੋਂ ਪੰਜਾਬ ਦਿਵਸ ਮੌਕੇ ਦਿੱਲੀ ਦਰਬਾਰ ਵੱਲੋਂ ਸਟੇਟ-ਨੀਤੀ ਤਹਿਤ ਪੰਜਾਬ ਦੇ ਲੁੱਟੇ ਜਾ ਰਹੇ ਪਾਣੀਆਂ, ਦਰਕਿਨਾਰ ਕੀਤੀ ਬੋਲੀ, ਨਸਲਕੁਸ਼ੀ ਦੀ ਸ਼ਿਕਾਰ ਨੌਜਵਾਨੀ ਅਤੇ ਉਜਾੜੀ ਜਾ ਰਹੀ ਕਿਸਾਨੀ ਵਿਰੁੱਧ ਅੰਮ੍ਰਿਤਸਰ ਵਿਖੇ ਰੈਲ਼ੀ ਕੀਤੀ ਗਈ।

ਰੈਲੀ ਉਪਰੰਤ ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਸੈਂਕੜੇ ਨੌਜਵਾਨਾਂ ਨੇ ਹੱਥਾਂ ਵਿੱਚ ਮਸ਼ਾਲਾਂ ਫੜਕੇ ਨਵੰਬਰ 1984 ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਭੰਡਾਰੀ ਪੁਲ ਤੋਂ ਅਕਾਲ ਤਖ਼ਤ ਸਾਹਿਬ ਤੱਕ ਮਾਰਚ ਕੱਢਿਆ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਭਾਰਤੀ ਸਟੇਟ ਦੀ ਪੁਸ਼ਤ ਪਨਾਹੀ ਹੇਠ ਵਿਉਂਤੇ ਗਏ ਕਤਲੇਆਮ ਵਿੱਚ ਇਨਸਾਫ਼ ਦੇਣ ਵਿੱਚ ਜੁਡੀਸ਼ਰੀ ਫੇਲ ਰਹੀ ਹੈ। ਉਹਨਾਂ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਯੂ.ਐਨ.ਓ ਦੀ ਚੁੱਪ ਨੇ ਸਿੱਖ ਕੌਮ ਅਤੇ ਪੀੜਤਾਂ ਨੂੰ ਡਾਢਾ ਮਾਯੂਸ ਕੀਤਾ ਹੈ।

ਹੱਥਾਂ ਵਿੱਚ ਕਿਸਾਨੀ ਸੰਕਟ ਨਾਲ ਸਬੰਧਤ ਤਖਤੀਆਂ ਫੜੀਂ ਨੌਜਵਾਨਾਂ ਨੇ 'ਸਾਡਾ ਕਿਸਾਨ ਸਾਡਾ ਮਾਣ' ਅਤੇ ਪੰਜਾਬ ਦੀ ਆਜ਼ਾਦੀ ਦੇ ਹੱਕ ਵਿੱਚ ਨਾਅਰੇ ਲਾਏ। ਸ. ਚੀਮਾ ਨੇ ਬੋਲਦਿਆਂ ਕਿਹਾ ਕਿ ਪੰਜਾਬ ਦੇ ਵਸਨੀਕ ਆਪਣੀ ਹੋਂਦ ਅਤੇ ਹੱਕਾਂ ਲਈ ਲੜ ਰਹੇ ਹਨ। ਉਨਾਂ ਯੂ.ਐਨ.ਉ., ਅੰਤਰਰਾਸ਼ਟਰੀ ਭਾਈਚਾਰੇ ਸਮੇਤ ਦੁਨੀਆ ਭਰ ਵਿੱਚ ਕੰਮ ਕਰ ਰਹੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੁਮਾਇੰਦੇ ਪੰਜਾਬ ਵਿੱਚ ਭੇਜਣ ਤਾਂ ਜੋ ਆਪਣੀਆਂ ਅੱਖਾਂ ਨਾਲ ਵੇਖ ਸਕਣ ਕਿ ਕਿਸ ਤਰਾਂ ਭਾਰਤ ਸਰਕਾਰ ਦੀਆਂ ਫਾਸੀਵਾਦੀ ਨੀਤੀਆਂ ਅਤੇ ਮਾਰੂ ਹਮਲਿਆਂ ਕਾਰਨ ਪੰਜਾਬ ਨੂੰ ਬਰਬਾਦ ਅਤੇ ਉਜਾੜਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਅੰਤਰਰਾਸ਼ਟਰੀ ਭਾਈਚਾਰਾ ਅਤੇ ਤਾਕਤਵਰ ਮੁਲਕਾਂ ਤੋਂ ਆਸ ਕਰਦੇ ਹਨ ਕਿ ਉਹ ਸਾਡੇ ਵਾਜਬ ਅਤੇ ਹੱਕੀ ਸੰਘਰਸ਼ ਨੂੰ ਮਾਨਤਾ ਦੇਣਗੇ।

ਪਾਰਟੀ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਮਾਂ ਮੰਗ ਕਰਦਾ ਹੈ ਕਿ ਭਾਰਤ-ਨੇਪਾਲ (ਵੀਜ਼ਾ ਫ੍ਰੀ) ਦੀ ਤਰਜ਼ ਉੱਤੇ ਪੰਜਾਬ ਨਾਲ ਲੱਗਦੇ ਅੰਤਰਰਾਸ਼ਟਰੀ ਸਰਹੱਦ ਨੂੰ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਖੋਲਿਆ ਜਾਵੇ।

ਇਸ ਮੌਕੇ ਦਲ ਖ਼ਾਲਸਾ ਨੇ ਆਪਣਾ ਨੀਤੀ-ਬਿਆਨ ਜਾਰੀ ਕੀਤਾ, ਜਿਸ ਵਿੱਚ ਉਹਨਾਂ ਇਲਜਾਮ ਲਾਇਆ ਕਿ ਪਿਛਲੇ 54 ਵਰੇ ਤੋਂ ਦਿੱਲੀ ਦਰਬਾਰ ਪੰਜਾਬ ਨਾਲ ਇੱਕ ਕਲੋਨੀ (ਬਸਤੀ) ਵਾਂਗ ਵਿਉਹਾਰ ਕਰ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਨੇ ਆਪਣੀ ਹਿੱਕ ਉੱਤੇ ਅਨੇਕਾਂ ਵਾਰ ਝੱਲੇ ਹਨ। ਚਾਹੇ ਉਹ ਪਾਣੀਆਂ ਦੀ ਲੁੱਟ ਹੋਵੇ ਜਾਂ ਜਵਾਨੀ 'ਤੇ ਹਮਲੇ ਹੋਣ ਜਾਂ ਆਰਥਿਕ ਢਾਂਚੇ ਨੂੰ ਤਬਾਹ ਕਰਨ ਵਾਲੀਆਂ ਕੇਂਦਰੀ ਨੀਤੀਆਂ ਹੋਣ, ਹਰ ਵਾਰ ਕੇਂਦਰ ਦੀ ਪੰਜਾਬ ਪ੍ਰਤੀ ਨੀਅਤ ਖ਼ਰਾਬ ਤੇ ਮੈਲੀ ਹੀ ਰਹੀ ਹੈ।

ਆਗੂਆਂ ਨੇ ਬੋਲਦਿਆਂ ਦੱਸਿਆ ਕਿ ਪੰਜਾਬ ਪੁਨਰਗਠਨ ਐਕਟ ਤਹਿਤ ਪੰਜਾਬ ਦੇ ਡੈਮਾਂ ਦਾ ਹੱਕ ਕੇਂਦਰ ਨੇ ਖੋਹ ਲਿਆ, ਪੰਜਾਬੀ ਬੋਲਦੇ ਇਲਾਕੇ ਖੋਹ ਲਏ ਗਏ, ਪਾਣੀਆਂ ਦਾ ਮਾਲਕੀ ਹੱਕ ਜਬਰੀ ਖੋਹ ਲਿਆ ਗਿਆ। ਪੰਜਾਬ ਦੀ ਜੁਆਨੀ ਨੂੰ ਬਰਬਾਦ ਕਰਨ ਲਈ ਅਤੇ ਸਿੱਖਾਂ ਦੇ ਬੱਚਿਆ ਦਾ ਸ਼ਿਕਾਰ ਕਰਨ ਲਈ ਪਹਿਲਾਂ ਟਾਡਾ, ਪੋਟਾ ਤੇ ਹੁਣ ਯੂ.ਏ.ਪੀ.ਏ ਕਾਲੇ ਕਾਨੂੰਨ ਘੜੇ ਗਏ । ਕਾਲੇ ਤੇ ਕਠੋਰ ਕਾਨੂੰਨਾਂ ਰਾਹੀ 1980 ਵੇ ਦਹਾਕਿਆਂ ਤੋ ਹੀ ਪੰਜਾਬ ਨੂੰ ਪੁਲਿਸ ਸਟੇਟ ਵਿਚ ਤਬਦੀਲ ਕਰ ਦਿੱਤਾ ਗਿਆ ਜੋ ਅੱਜ ਵੀ ਜਾਰੀ ਹੈ।

ਉਹਨਾਂ ਕਿਹਾ ਕਿ ਪੰਜਾਬ ਦੇ ਵਾਰਿਸਾਂ ਦਾ ਇਹ ਮੰਨਣਾ ਹੈ ਕਿ ਜੂਨ 1984 ਵਰਗਾ ਘੱਲੂਘਾਰੇ ਅਤੇ ਨਵੰਬਰ ਕਤਲੇਆਮ ਦੇ ਦੁਹਰਾਅ ਨੂੰ ਰੋਕਣ ਲਈ ਪੰਜਾਬ ਦੀ ਆਜ਼ਾਦੀ ਹੀ ਇੱਕੋ ਇਕ ਹੱਲ ਹੈ।

ਦਲ ਖ਼ਾਲਸਾ ਦੇ ਪ੍ਰਧਾਨ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਹਾਲ ਹੀ ਵਿੱਚ ਅੜੀਅਲ ਰਵੱਈਆ ਅਪਣਾਉਂਦੇ ਹੋਏ ਦੇਸ਼ ਦੇ ਕਿਸਾਨਾਂ ਨੂੰ ਬਿਨਾਂ ਭਰੋਸੇ ਵਿੱਚ ਲਏ ਤਿੰਨ ਖੇਤੀ ਕਾਨੂੰਨ ਬਣਾਏ ਹਨ। ਉਹਨਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਕੁਚਲਨ ਲਈ ਕੁਚਾਲਾਂ ਚਲੀਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਨੂੰ ਬਲੈਕਮੇਲ ਕਰਨ ਲਈ ਹੱਥਕੰਡੇ ਵਰਤੇ ਜਾ ਰਹੇ ਹਨ।

ਹਰਚਰਨਜੀਤ ਸਿੰਘ ਧਾਮੀ ਨੇ ਦੱਸਿਆ ਕਿ ਪੰਜਾਬ ਦਾ ਕਿਸਾਨ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਅਤੇ ਉਸ ਵੱਲੋਂ ਪੈਦਾ ਕੀਤੀਆਂ ਜਾਣ ਵਾਲੀਆਂ ਜਿਨਸਾਂ ਦੀਆਂ ਕੀਮਤਾਂ ਮਿਥਣ ਸਮੇਂ ਉਸ ਦੀਆਂ ਸ਼ਰਤਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ । ਉਹਨਾਂ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਭਾਰਤ ਦੀਆਂ ਮੰਡੀਆਂ ਵੱਲ ਆਪਣੀ ਝਾਤ ਖ਼ਤਮ ਕਰਕੇ ਦੁਨੀਆ ਦੀ ਕਿਸੇ ਹੋਰ ਮੰਡੀ ਦੀ ਤਲਾਸ਼ ਕਰਨ ਜਿੱਥੇ ਉਹ ਆਪਣੀਆਂ ਜਿਨਸਾਂ ਦੇ ਲਾਹੇਵੰਦ ਭਾਅ ਹਾਸਲ ਕਰ ਸਕੇ। ਉਹਨਾਂ ਅੱਗੇ ਕਿਹਾ ਕਿ ਸਮਾਂ ਮੰਗ ਕਰਦਾ ਹੈ ਕਿ ਕਿਸਾਨ ਵਾਹਗਾ ਬਾਰਡਰ ਰਾਹੀਂ ਖੁੱਲਾ ਅੰਤਰਰਾਸ਼ਟਰੀ ਵਪਾਰ ਕਰਨ ਦੀ ਆਪਣੀ ਲੋੜ ਨੂੰ ਪੂਰਿਆਂ ਕਰਨ ਲਈ ਭਾਰਤ ਸਰਕਾਰ ਉੱਤੇ ਆਪਣਾ ਦਬਾਅ ਬਣਾਵੇ।

ਇਸ ਮੌਕੇ ਬਹੁਜਨ ਮੁਕਤੀ ਪਾਰਟੀ ਦੇ ਆਗੂ ਰਜਿੰਦਰ ਰਾਣਾ, ਅਕਾਲੀ ਦਲ ਡੈਮੋਕਰੇਟਿਕ ਦੇ ਬੁਲਾਰੇ ਜਸਵੀਰ ਸਿੰਘ ਘੁਮਾਣ, ਦਲ ਖਾਲਸਾ ਦੇ ਜਸਵੀਰ ਸਿੰਘ ਖੰਡੂਰ, ਬਾਬਾ ਹਰਦੀਪ ਸਿੰਘ ਮਹਿਰਾਜ, ਪਰਮਜੀਤ ਸਿੰਘ ਟਾਂਡਾ, ਰਣਬੀਰ ਸਿੰਘ, ਮਾਸਟਰ ਕੁਲਵੰਤ ਸਿੰਘ ਫੈਰੂਮਾਨ ਆਦਿ ਹਾਜਿਰ ਸਨ।

# ਸਿੱਖ ਭਾਈਚਾਰੇ ਨਾਲ ਸਬੰਧਤ ਕਈ ਉਮੀਦਵਾਰ ਜਿੱਤੇ ਤੇ ਕਈ ਹਾਰੇ



**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਦੀਆਂ ਇਨਾਂ ਚੋਣਾ ਚ ਜਿਥੇ ਸਿੱਖ ਭਾਈਚਾਰੇ ਸਬੰਧਤ ਕਈ ਉਮੀਦਵਾਰਾਂ ਨੇ ਆਪਣੇ ਵਿਰੋਧੀਆਂ ਤੋਂ ਜਿੱਤ ਪ੍ਰਾਪਤ ਕੀਤੀ ਉਥੇ ਹੀ ਕੁਝ ਉਮਿਦਵਾਰਾ ਨੂੰ ਹਾਰ ਦਾ ਮੂੰਹ ਵੀ ਦੇਖਣਾ ਪਿਆ। ਲੈਥਰੋਪ, ਕੈਲੀਫੋਰਨੀਆ ਸ਼ਹਿਰ ਚ ਪੰਜਵੀਂ ਵਾਰ ਮੇਅਰ ਲਈ ਖੜੇ ਸੁਖਮਿੰਦਰ ਸਿੰਘ ਧਾਲੀਵਾਲ ਬਿਨਾਂ ਮੁਕਾਬਲਾ ਚੁਣੇ ਗਏ। ਗੈਰੀ ਸਿੰਘ, ਯੂਨੀਅਨ ਸਿਟੀ ਕਾਊਂਸਲ, ਹੈਰੀ ਢਿੱਲੋਂ, ਮਾਊਂਟਨ ਹਾਊਸ ਬੋਰਡ, ਗੈਰੀ ਸਿੰਘ, ਮਨਟੀਕਾ ਸਿਟੀ ਕਾਊਂਸਲ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਧਾਲੀਵਾਲ ਬੰਗਾ ਲਾਗੇ ਪਿੰਡ ਲੰਗੇਰੀ ਦੇ ਵਸਨੀਕ ਹਨ ਉਨਾਂ ਦਾ ਸਥਾਨਿਕ ਪੰਜਾਬੀ ਭਾਈਚਾਰੇ ਵਿੱਚ ਵੀ ਕਾਫੀ ਰਸੂਖ ਹੈ। ਐਲਕ ਗਰੋਵ ਤੋਂ ਮੇਅਰ ਦੀ ਚੋਣ ਲਈ ਲੜੀ ਸਿੱਖ ਭਾਈਚਾਰੇ ਨਾਲ ਸਬੰਧਿਤ ਤੇ ਲਖਵਿੰਦਰ ਸਿੰਘ ਲੱਖੀ ਦੀ ਬੇਟੀ ਚੋਣ ਚ ਆਪਣੇ ਵਿਰੋਧੀ ਤੇ ਦੋ ਵਾਰ ਪਹਿਲਾਂ ਜਿਤੇ ਸਟੀਵ ਲੀ ਨੂੰ ਹਰਾ ਕੇ ਜਿੱਤੀ। ਇਸੇ ਤਰਾਂ ਹੀ ਬਜੁਰਗ ਸਿੱਖ ਆਗੂ ਸ. ਦਿਦਾਰ ਸਿੰਘ ਬੈਂਸ ਦੇ ਪੁੱਤਰ ਕਰਮਦੀਪ ਸਿੰਘ ਬੈਂਸ ਜੋ ਯੂਬਾ ਸਿਟੀ ਡਿਸਟਿਕ 4 ਤੋਂ ਕਾਊਂਟੀ ਸੁਪਰਵਾਈਜਰ ਦੀ ਚੋਣ ਚੋਂ ਆਪਣੇ ਵਿਰੋਧੀ ਤੇ ਪੰਜਾਬੀ ਭਾਈਚਾਰੇ ਚੋਂ ਹੀ ਤੇਜ ਮਾਨ ਨੂੰ ਹਰਾ ਕੇ ਜਿੱਤੇ। ਇਥੇ ਹੀ ਡਿਸਟਿਕ 5 ਤੋਂ ਪੰਜਾਬੀ ਭਾਈਚਾਰੇ ਵਿੱਚ ਸਤਿਕਾਰੇ ਜਾਂਦੇ ਸਰਬ ਥਿਆਰਾ ਆਪਣੇ ਵਿਰੋਧੀ ਮੈਟ ਕੋਨੈਂਟ ਤੋਂ ਚੋਣ ਹਾਰ ਗਏ । ਐਲਕ ਗਰੋਵ ਤੋਂ ਕੌਂਸਲ ਮੈਂਬਰ ਦੀ ਚੋਣ ਲੜ ਰਹੇ ਅਮਰਦੀਪ ਸਿੰਘ ਦੀ ਵੀ ਪੰਜਾਬੀ ਭਾਈਚਾਰੇ ਵਲੋ ਕਾਫੀ ਮੱਦਦ ਕੀਤੀ ਗਈ ਸੀ ਵੀ ਚੋਣ ਹਾਰ ਗਏ। ਸੀਰੀਸ ਸ਼ਹਿਰ ਤੋਂ ਕੌਂਸਲ ਮੈਂਬਰ ਵਜੋਂ ਚੋਣ ਲੜ ਰਹੇ ਮਹਿੰਦਰ ਸਿੰਘ ਕੰਡਾ ਵੀ ਚੋਣ ਹਾਰ ਗਏ।

## ਬਲਬੀਰ "ਬੀਰੋ" ਸੱਲ ਨੇ ਅਕਾਲ ਚਲਾਣਾ ਕੀਤਾ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਲਬੀਰ 'ਬੀਰੋ' ਸੱਲ ਦੀ ਅਚਨਚੇਤ ਹੋਈ ਮੌਤ ਨੇ ਪਰਿਵਾਰ ਅਤੇ ਕਰੀਬੀਆਂ ਨੂੰ ਵੱਡਾ ਸਦਮਾ ਦਿੱਤਾ ਹੈ। ਉਹਨਾਂ ਨੇ ਕੁੱਝ ਦਿਨ ਪਹਿਲਾਂ ਹੀ ਆਪਣਾ 68ਵਾਂ ਜਨਮ ਦਿਨ ਮਨਾਇਆ ਸੀ। ਉਹਨਾਂ ਨੇ ਜਿੱਥੇ ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਬਾਖੂਬੀ ਨਿਭਾਈਆਂ ਉੱਥੇ ਸਮਾਜਿਕ ਕਾਰਜਾਂ ਵਿਚ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕਰਦੇ ਰਹੇ। ਉਹਨਾਂ ਦੇ ਅੰਤਿਮ ਦਰਸ਼ਨ 7 ਅਤੇ 8 ਨਵੰਬਰ ਨੂੰ ਕੀਤੇ ਜਾ ਸਕਦੇ ਹਨ। ਇਸ ਲਈ ਪਰਿਵਾਰ ਨਾਲ ਨੰਬਰ 9258338845 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਪਟਨ ਸਰਕਾਰ ਬੁੱਚੜ ਸੈਣੀ ਦੇ ਹੱਕ ਵਿਚ ਭੁਗਤੀ

## ✪ ਮੁਲਤਾਨੀ ਕੇਸ ਵਿਚ ਪੰਜਾਬ ਸਰਕਾਰ ਨੇ ਸੁਮੇਧ ਸੈਣੀ ਦੀ ਜ਼ਮਾਨਤ ਰੱਦ ਕਰਨ ਬਾਰੇ ਅਰਜ਼ੀ ਵਾਪਸ ਲਈ ✪ ਅਦਾਲਤ ਅਤੇ ਸਿਟ ਨੂੰ ਦੱਸੇ ਬਿਨਾਂ ਘਰੋਂ ਗ਼ਾਇਬ ਹੋਣ ਕਾਰਨ ਸਰਕਾਰ ਨੇ ਕੀਤੀ ਸੀ ਅਰਜ਼ੀ ਦਾਇਰ

**ਮੁਹਾਲੀ/ਏ.ਟੀ.ਨਿਊਜ਼:** ਮੁਹਾਲੀ ਦੇ ਵਸਨੀਕ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਮਗਰੋਂ ਭੇਤ-ਭਰੀ ਹਾਲਤ ਵਿੱਚ ਗ਼ਾਇਬ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦੀ ਸਿੱਖ ਨੌਜਵਾਨ ਨੂੰ ਘਰੋਂ ਅਗਵਾ ਕਰਨ, ਲਾਸ਼ ਖ਼ੁਰਦ-ਬੁਰਦ ਕਰਨ ਦੀ ਧਾਰਾ ਸਬੰਧੀ ਮਿਲੀ ਅਗਾਊਂ ਜ਼ਮਾਨਤ ਰੱਦ ਕਰਨ ਬਾਰੇ ਪੰਜਾਬ ਸਰਕਾਰ ਨੇ ਅਚਾਨਕ ਯੂ-ਟਰਨ ਲੈਂਦਿਆਂ ਆਪਣੀ ਅਰਜ਼ੀ ਵਾਪਸ ਲੈ ਲਈ ਹੈ। ਜਾਣਕਾਰੀ ਅਨੁਸਾਰ ਅਦਾਲਤ ਨੇ ਕੁਝ ਸਮਾਂ ਪਹਿਲਾਂ ਸੈਣੀ ਨੂੰ ਵੱਡੀ ਰਾਹਤ ਦਿੰਦਿਆਂ ਧਾਰਾ 364, 201 ਅਤੇ 120ਬੀ ਵਿੱਚ ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕੀਤੀ ਸੀ ਅਤੇ ਸਾਬਕਾ ਡੀਜੀਪੀ ਨੂੰ ਪੁਲੀਸ ਜਾਂਚ ਵਿੱਚ ਸ਼ਾਮਲ ਹੋਣ ਦੇ ਆਦੇਸ਼ ਦਿੱਤੇ ਸਨ। ਸੈਣੀ ਨੂੰ ਇਹ ਵੀ ਹਦਾਇਤ ਕੀਤੀ ਸੀ ਕਿ ਅਦਾਲਤ ਨੂੰ ਬਿਨਾਂ ਦੱਸੇ ਉਹ ਆਪਣੇ ਘਰ ਤੋਂ ਬਿਲਕੁਲ ਬਾਹਰ ਨਹੀਂ ਜਾਣਗੇ, ਬਸ਼ਰਤੇ ਉਨਾਂ ਨੂੰ ਕੋਈ ਮੈਡੀਕਲ ਐਮਰਜੈਂਸੀ ਨਾ ਹੋਵੇ।

ਜਾਣਕਾਰੀ ਅਨੁਸਾਰ ਮੁਹਾਲੀ ਅਦਾਲਤ ਵੱਲੋਂ ਸੁਮੇਧ ਸੈਣੀ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾਣ ਮਗਰੋਂ ਉਸ ਵੱਲੋਂ ਅਦਾਲਤ ਅਤੇ ਸਿਟ ਨੂੰ ਕੁਝ ਦੱਸੇ ਬਿਨਾਂ ਘਰ ਤੋਂ ਗ਼ਾਇਬ ਹੋ ਕੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ ਹੈ। ਜਿਸ ਕਾਰਨ ਪੰਜਾਬ ਸਰਕਾਰ ਵੱਲੋਂ ਸੈਣੀ ਦੀ ਜ਼ਮਾਨਤ ਰੱਦ ਕਰਵਾਉਣ ਲਈ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਗਈ ਸੀ। ਚੇਤੇ ਰਹੇ ਕਿ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਮਗਰੋਂ ਸੈਣੀ ਜ਼ੈੱਡ ਪਲੱਸ ਸੁਰੱਖਿਆ ਛੱਤਰੀ ਛੱਡ ਕੇ ਆਪਣੇ ਘਰੋਂ ਅਚਾਨਕ ਰੂਪੋਸ਼ ਹੋ ਗਿਆ ਸੀ।

ਪੰਜਾਬ ਸਰਕਾਰ ਅਤੇ ਪੁਲੀਸ ਦਾ ਮੰਨਣਾ ਹੈ ਕਿ ਸਾਬਕਾ ਪੁਲੀਸ ਮੁਖੀ ਨੇ ਆਪਣੇ ਘਰੋਂ ਗ਼ਾਇਬ ਹੋ ਕੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ, ਲਿਹਾਜ਼ਾ ਉਸ ਦੀ ਜ਼ਮਾਨਤ ਰੱਦ ਕੀਤੀ ਜਾਵੇ। ਪਰ ਹੁਣ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਰੌਸ਼ਨੀ ਵਿੱਚ ਸੈਣੀ ਦੀ ਜ਼ਮਾਨਤ ਰੱਦ ਕਰਵਾਉਣ ਲਈ ਦਾਇਰ ਅਰਜ਼ੀ ਵਾਪਸ ਲੈ ਲਈ ਹੈ। ਸਰਕਾਰੀ ਵਕੀਲ ਨੇ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਸੈਣੀ ਨੂੰ ਆਰਜ਼ੀ ਰਾਹਤ ਦੇਣ ਸਬੰਧੀ ਜਾਰੀ ਹੁਕਮਾਂ ਵਿੱਚ ਉਸ ਖ਼ਿਲਾਫ਼ ਦਰਜ ਸਾਰੀਆਂ ਧਾਰਾਵਾਂ ਅਤੇ ਨੁਕਤਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਕਾਰਨ ਸਰਕਾਰ ਨੇ ਆਪਣੀ ਅਰਜ਼ੀ ਵਾਪਸ ਲੈ ਲਈ ਹੈ।

# ਪ੍ਰਵਾਸੀ ਪੰਜਾਬੀਆਂ ਦਾ ਨਨਕਾਣਾ ਸਾਹਿਬ ਗੁਰਪੁਰਬ ਤੇ ਪਹੁੰਚਣ ਲਈ ਭਾਰੀ ਉਤਸ਼ਾਹ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 551ਵਾਂ ਗੁਰਪੁਰਬ 27 ਨਵੰਬਰ ਤੋਂ 2 ਦਸੰਬਰ, 2020 ਤੱਕ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿੱਥੇ ਸੰਸਾਰ ਭਰ ਤੋਂ ਪ੍ਰਵਾਸੀ ਪੰਜਾਬੀਆਂ ਵਿਚ ਸ਼ਾਮਲ ਹੋਣ ਲਈ ਉਤਸ਼ਾਹ ਪਾਇਆ ਜਾ ਰਿਹਾ ਹੈ। ਪਾਕਿਸਤਾਨ ਤੋਂ ਸਿੱਖ ਮਸਲਿਆਂ ਦੇ ਇੰਚਾਰਜ ਫਾਰੂਕ ਅਰਸ਼ਾਦ ਨੇ ਸੰਸਾਰ ਭਰ ਤੋਂ ਸਿੱਖਾਂ ਨੂੰ ਗੁਰਪੁਰਬ ਤੇ ਪਹੁੰਚਣ ਲਈ ਖੁੱਲਾ ਸੱਦਾ ਦਿੱਤਾ। ਉਨਾਂ ਵਿਸ਼ਵਾਸ ਦੁਆਇਆ ਕਿ ਗੁਰਪੁਰਬ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਕਿਸੇ ਨੂੰ ਵੀਜ਼ੇ ਦੀ ਸਮੱਸਿਆ ਨਹੀਂ ਹੋਵੇਗੀ ਸਗੋਂ ਇਕ ਤੋਂ ਵੱਧ ਵਾਰ ਦਾਖ਼ਲ ਹੋਣ ਦੀ ਇਜਾਜ਼ਤ ਹੋਵੇਗੀ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਨਗਰ ਕੀਰਤਨ ਸ਼ੁਰੂ ਹੋ ਕੇ ਨਨਕਾਣਾ ਸਾਹਿਬ ਵਿਚ ਸੱਤ ਹੋਰ ਗੁਰਦੁਆਰਿਆਂ ਤੋਂ ਹੁੰਦਾ ਹੋਇਆ ਪਹੁੰਚੇਗਾ, ਜਿੱਥੇ ਗੁਰਦੁਆਰਾ, ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਸਰਕਾਰ ਵੱਲੋਂ ਦਾਅਵਤ ਨਾਮਾ ਭਾਰਤੀ ਸੰਗਤ ਨੂੰ ਭੇਜ ਦਿੱਤਾ ਗਿਆ ਹੈ ਤੇ ਭਾਰਤੀ ਸਿੱਖ ਸ਼ਰਧਾਲੂ 27 ਨਵੰਬਰ ਨੂੰ ਵਾਹਗਾ ਬਾਰਡਰ ਸਿੱਖ ਜਥੇ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ ਅਤੇ ਖ਼ਾਸ ਬੱਸਾਂ ਰਾਹੀਂ ਸਿੱਖ ਸੰਗਤਾਂ ਸਿੱਧਾ ਨਨਕਾਣਾ ਸਾਹਿਬ ਪਹੁੰਚਣਗੀਆਂ ਅਤੇ ਪਹਿਲੀ ਦਸੰਬਰ ਸਿੱਖ ਜਥਾ ਵਾਹਗਾ ਬਾਰਡਰ ਰਾਹੀਂ ਵਾਪਸ ਭਾਰਤ ਪਹੁੰਚੇਗਾ। ਇਸ ਵਾਰ ਸਿੱਖ ਯਾਤਰੂਆਂ ਨੂੰ ਲਾਹੌਰ ਠਹਿਰਨ ਦੀ ਇਜਾਜ਼ਤ ਨਹੀਂ ਹੋਵੇਗੀ। ਸਿਆਟਲ ਦੇ ਪੰਜਾਬੀ ਭਾਈਚਾਰੇ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

ਫੋਟੋ : ਪਾਕਿਸਤਾਨ ਤੋਂ ਵਫ਼ਦ ਦੀ ਅਗਵਾਈ ਕਰਦੇ ਹੋਏ ਫਾਰੂਕ ਅਰਸ਼ਾਦ, ਗੁਰਪੁਰਬ ਦੇ ਸਮਾਗਮਾਂ ਦੀ ਜਾਣਕਾਰੀ ਤੇ ਸੱਦਾ ਦੇਂਦੇ ਸਮੇਂ।

# ਸਿੱਖਾਂ ਬਾਰੇ ਭੁਲੇਖੇ ਦੂਰ ਕਰਨ ਲਈ ਮਨਾਇਆ ਜਾ ਰਿਹਾ ਹੈ; ਜਾਗਰੂਕਤਾ ਮਹੀਨਾ

## ਰਾਸ਼ਟਰੀ ਮਾਰਗਾਂ ਉੱਪਰ ਸਿੱਖਾਂ ਦੀ ਪਛਾਣ ਬਾਰੇ ਬੋਰਡ ਲਾਏ




**ਸੈਕਰਾਮੈਂਟੋ,ਕੈਲੀਫੋਰਨੀਆ(ਹੁਸਨਲੜੋਆਬੰਗਾ)** ਕੈਲੀਫੋਰਨੀਆ ਰਾਜ ਨੇ ਨਵੰਬਰ ਨੂੰ ਸਿੱਖ ਜਾਗਰੂਕਤਾ ਤੇ ਸ਼ਲਾਘਾ ਮਹੀਨੇ ਵਜੋਂ ਮਾਨਤਾ ਦਿੱਤੀ ਹੋਈ ਹੈ। ਹਰ ਸਾਲ ਇਸ ਮਹੀਨੇ ਦੌਰਾਨ ਸਿੱਖ ਸੰਸਥਾਵਾਂ ਵੱਲੋਂ ਸਿੱਖਾਂ ਦੀ ਪਛਾਣ ਬਾਰੇ ਭੁਲੇਖੇ ਦੂਰ ਕਰਨ ਤੇ ਸਿੱਖਾਂ ਦੇ ਸਭਿਆਚਾਰ ਬਾਰੇ ਅਮਰੀਕਨ ਲੋਕਾਂ ਨੂੰ ਜਾਣੂ ਕਰਵਾਉਣ ਲਈ ਮੁਹਿੰਮ ਚਲਾਈ ਜਾਂਦੀ ਹੈ। ਇਸ ਵਾਰ ਵੀ ਟਰੇਸੀ, ਮਾਊਨਟੇਨ ਹਾਊਸ , ਮਨਟਿਕਾ ਤੇ ਹੋਰ ਖੇਤਰਾਂ ਦੇ ਸਿੱਖ ਭਾਈਚਾਰੇ ਵੱਲੋਂ ਇਸ ਮੁਹਿੰਮ ਵਿਚ ਹਿੱਸਾ ਲਿਆ ਜਾ ਰਿਹਾ ਹੈ । ਗੁਰੂ ਘਰਾਂ, ਸੈਂਟਰਲ ਵੈਲੀ ਆਰਗੇਨਾਈਜ਼ੇਸ਼ਨ ਜੈਕਾਰਾ ਮੂਵਮੈਂਟ ਤੇ ਸਥਾਨਕ ਸਮਾਜ ਸੇਵਿਕਾ ਦੇ ਸਹਿਯੋਗ ਨਾਲ ਸੈਨ ਜੈਕੁਇਨ ਕਾਊਂਟੀ ਦੇ ਸਿੱਖ ਭਾਈਚਾਰੇ ਵੱਲੋਂ ਵੱਖ ਵੱਖ ਰਾਸ਼ਟਰੀ ਮਾਰਗਾਂ ਉੱਪਰ ਸਿੱਖਾਂ ਦੀ ਪਛਾਣ ਸਬੰਧੀ ਬੋਰਡ ਲਾਏ ਗਏ ਹਨ। ਸਿੱਖਸ ਆਫ ਟਰੇਸੀ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ "ਇਸ ਮੁਹਿੰਮ ਦਾ ਸਿੱਧਾ ਸਾਧਾ ਸੰਦੇਸ਼ ਇਹ ਹੈ ਕਿ ਅਮਰੀਕਨ ਲੋਕ ਸਿੱਖਾਂ ਦੇ ਸਭਿਆਚਾਰ ਤੇ ਸਿੱਖਇਜ਼ਮ ਬਾਰੇ ਜਾਣ ਸਕਣ। ਸਿੱਖ ਧਰਮ ਨੂੰ ਗ਼ਲਤ ਪਛਾਣ ਕਾਰਨ ਨਿਸ਼ਾਨਾ ਬਣਾਇਆ ਜਾਂਦਾ ਹੈ ਤੇ ਸਿੱਖਾਂ ਨੂੰ ਨਫ਼ਰਤ ਨਾਲ ਵੇਖਿਆ ਜਾਂਦਾ ਹੈ। ਗ਼ਲਤ ਪਛਾਣ ਕਾਰਨ ਸਿੱਖਾਂ ਉੱਪਰ ਹਮਲੇ ਹੁੰਦੇ ਹਨ। ਅਗਸਤ 2019 ਵਿਚ ਟਰੇਸੀ ਵਾਸੀ 64 ਸਾਲਾ ਪਰਮਜੀਤ ਸਿੰਘ ਇਸੇ ਨਫ਼ਰਤ ਦਾ ਸ਼ਿਕਾਰ ਹੋਇਆ ਸੀ ਤੇ ਉਸ ਦੀ ਚਾਕੂ ਮਾਰਕੇ ਹੱਤਿਆ ਕਰ ਦਿੱਤੀ ਗਈ ਸੀ।" ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਇਹੋ ਜਿਹੀਆਂ ਵਾਪਰੀਆਂ ਅਫ਼ਸੋਸਨਾਕ ਘਟਨਾਵਾਂ ਨੇ ਜਾਗਰੂਕਤਾ ਮੁਹਿੰਮ ਚਲਾਉਣ ਲਈ ਪ੍ਰੇਰਿਆ ਹੈ ਤਾਂ ਜੋ ਭਵਿੱਖ ਵਿਚ ਹੋਰ ਕੋਈ ਸਿੱਖ ਗ਼ਲਤ ਪਛਾਣ ਕਾਰਨ ਨਿਸ਼ਾਨਾ ਨਾ ਬਣੇ। ਇੱਥੇ ਵਰਨਣਯੋਗ ਹੈ ਕਿ ਟਰੇਸੀ ਦੇ ਸਿੱਖਾਂ ਤੇ ਉਨਾਂ ਦੀਆਂ ਸਹਿਯੋਗੀ ਸੰਸਥਾਵਾਂ ਵੱਲੋਂ ਅਪਣਾਏ ਗਏ ਰਾਸ਼ਟਰੀ ਮਾਰਗਾਂ ਦੇ ਹਿੱਸੇ ਉੱਪਰ ਨਿਰੰਤਰ ਸਫ਼ਾਈ ਕੀਤੀ ਜਾਂਦੀ ਹੈ।

# ਸਿਆਟਲ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ





**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸ੍ਰੀ ਗੁਰੂ ਰਾਮਦਾਸ ਸੰਸਥਾ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਹੈੱਡਗ੍ਰੰਥੀ ਗਿਆਨੀ ਸ਼ੇਰ ਸਿੰਘ ਨੇ ਜਥੇ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਵਿਸਥਾਰ ਸਾਹਿਤ ਚਾਨਣਾ ਪਾਇਆ। ਭਾਈ ਜਰਨੈਲ ਸਿੰਘ, ਭਾਈ ਵਰਿਆਮ ਸਿੰਘ ਤੇ ਭਾਈ ਕੁਲਬੀਰ ਸਿੰਘ ਦੇ ਕੀਰਤਨੀ ਜਥਿਆਂ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਭਾਈ ਸਮਸ਼ੇਰ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸ੍ਰੀ ਗੁਰੂ ਰਾਮਦਾਸ ਸੰਸਥਾ ਵੱਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਤੇ ਲਗਨ ਨਾਲ ਨਿਭਾਈ।

# ਅਮਰੀਕਾ ਵਿਚ ਕਰੋਨਾ ਦਾ ਦੂਜਾ ਦੌਰ ਜ਼ਿਆਦਾ ਭਿਅੰਕਰ

## ✪ ਅਮਰੀਕਾ 'ਤੇ ਦੂਜੇ ਦੌਰ ਦੀ ਮਹਾਮਾਰੀ ਪੈ ਰਹੀ ਏ ਭਾਰੀ

## ✪ ਰੋਜ਼ਾਨਾ ਮਿਲ ਰਹੇ 80 ਹਜ਼ਾਰ ਕੋਰੋਨਾ ਰੋਗੀ

**ਵਾਸ਼ਿੰਗਟਨ/ਏ.ਟੀ.ਨਿਊਜ਼:** ਦੁਨੀਆ ਵਿਚ ਕੋਰੋਨਾ ਵਾਇਰਸ ਦੇ ਕਹਿਰ ਨਾਲ ਸਭ ਤੋਂ ਜ਼ਿਆਦਾ ਜੂਝ ਰਹੇ ਅਮਰੀਕਾ 'ਤੇ ਦੂਜੇ ਦੌਰ ਦੀ ਮਹਾਮਾਰੀ ਜ਼ਿਆਦਾ ਭਾਰੀ ਪੈ ਰਹੀ ਹੈ। ਇਸ ਦੇਸ਼ ਵਿਚ ਹਾਲਾਤ ਅਜਿਹੇ ਬਣ ਗਏ ਹਨ ਕਿ ਰੋਜ਼ਾਨਾ ਔਸਤਨ 80 ਹਜ਼ਾਰ ਕੋਰੋਨਾ ਰੋਗੀ ਪਾਏ ਜਾ ਰਹੇ ਹਨ। ਰੋਜ਼ਾਨਾ ਦੇ ਨਵੇਂ ਮਾਮਲਿਆਂ ਦਾ ਇਹ ਇਕ ਨਵਾਂ ਰਿਕਾਰਡ ਹੈ। ਅਮਰੀਕਾ ਵਿਚ ਹੁਣ ਤਕ ਕੁਲ 95 ਲੱਖ ਤੋਂ ਜ਼ਿਆਦਾ ਕੋਰੋਨਾ ਰੋਗੀ ਮਿਲੇ ਹਨ ਅਤੇ ਕਰੀਬ ਦੋ ਲੱਖ, 37 ਹਜ਼ਾਰ ਪੀੜਤਾਂ ਦੀ ਮੌਤ ਹੋਈ ਹੈ। ਅਮਰੀਕੀ ਸੈਂਟਰਸ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਨੇ ਦੱਸਿਆ ਕਿ ਰੋਜ਼ਾਨਾ ਦੇ ਔਸਤ ਮਾਮਲੇ ਰਿਕਾਰਡ ਪੱਧਰ 'ਤੇ ਪੁੱਜ ਗਏ ਹਨ। ਬੀਤੇ ਇਕ ਹਫ਼ਤੇ ਤੋਂ ਹਰ ਰੋਜ਼ ਔਸਤਨ 80 ਹਜ਼ਾਰ 800 ਨਵੇਂ ਮਾਮਲੇ ਮਿਲ ਰਹੇ ਹਨ ਜਦਕਿ ਹਰ ਰੋਜ਼ ਔਸਤਨ 826 ਪੀੜਤਾਂ ਦੀ ਜਾਨ ਜਾ ਰਹੀ ਹੈ। ਦੇਸ਼ ਵਿਚ ਸਤੰਬਰ ਦੇ ਅਖੀਰ ਤੋਂ ਨਵੇਂ ਮਾਮਲੇ ਦੁਬਾਰਾ ਵਧਣੇ ਸ਼ੁਰੂ ਹੋਏ ਹਨ। ਸੀਡੀਸੀ ਅਨੁਸਾਰ ਦੇਸ਼ ਵਿਚ ਬੀਤੇ ਸੋਮਵਾਰ ਨੂੰ 88 ਹਜ਼ਾਰ ਤੋਂ ਜ਼ਿਆਦਾ ਨਵੇਂ ਪਾਜ਼ੇਟਿਵ ਕੇਸ ਮਿਲੇ। ਇਕ ਦਿਨ ਪਹਿਲੇ 77 ਹਜ਼ਾਰ ਤੋਂ ਜ਼ਿਆਦਾ ਕੋਰੋਨਾ ਦੇ ਮਰੀਜ਼ ਮਿਲੇ ਸਨ ਜਦਕਿ ਬੀਤੇ ਸ਼ੁੱਕਰਵਾਰ ਨੂੰ ਪਹਿਲੀ ਵਾਰ ਇਕ ਲੱਖ ਤੋਂ ਜ਼ਿਆਦਾ ਕੋਰੋਨਾ ਪੀੜਤਾਂ ਦੀ ਪੁਸ਼ਟੀ ਹੋਈ ਸੀ। ਅਮਰੀਕਾ ਦੇ 50 ਸੂਬਿਆਂ ਵਿੱਚੋਂ 31 ਵਿਚ ਕਾਫ਼ੀ ਤੇਜ਼ ਗਤੀ ਨਾਲ ਇਨਫੈਕਸ਼ਨ ਵੱਧ ਰਿਹਾ ਹੈ। ਇਨਾਂ ਥਾਵਾਂ 'ਤੇ ਰਿਕਾਰਡ ਗਿਣਤੀ ਵਿਚ ਕੋਰੋਨਾ ਰੋਗੀ ਮਿਲ ਰਹੇ ਹਨ।

# ਲੁਧਿਆਣਾ ਵਿਖੇ ਗੁਟਕਾ ਸਾਹਿਬ ਦੀ ਬੇਅਦਬੀ

## ਪੁਲਿਸ ਨੂੰ ਸੂਚਨਾ ਦੇਣ ਵਾਲਾ ਨੌਜਵਾਨ ਹੀ ਨਿਕਲਿਆ ਦੋਸ਼ੀ

**ਲੁਧਿਆਣਾ/ਏ.ਟੀ.ਨਿਊਜ਼:** ਲੁਧਿਆਣਾ ਦੇ ਤਾਜਪੁਰ ਰੋਡ 'ਤੇ ਪੈਂਦੇ ਪ੍ਰੇਮ ਵਿਹਾਰ 'ਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਦੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਘਟਨਾ ਤੋਂ ਬਾਅਦ ਥਾਣਾ ਟਿੱਬਾ ਦੀ ਪੁਲਿਸ ਨੇ ਗੁਟਕਾ ਸਾਹਿਬ ਦੇ ਅੰਗਾਂ ਨੂੰ ਕਬਜ਼ੇ 'ਚ ਲੈ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ 'ਚ ਰੋਸ ਪਾਇਆ ਜਾ ਰਿਹਾ ਹੈ। ਸੇਵਾ ਸਿੰਘ ਨਾਮ ਦੇ ਇੱਕ ਨੌਜਵਾਨ ਨੇ ਪਲਾਟ ਵਿੱਚ ਗੁਟਕਾ ਸਾਹਿਬ ਦੇ ਅੰਗ ਦੇਖ ਕੇ ਰੌਲਾ ਪਾ ਦਿੱਤਾ। ਕੁਝ ਹੀ ਸਮੇਂ 'ਚ ਉੱਥੇ ਹੋਰ ਲੋਕ ਵੀ ਇਕੱਠੇ ਹੋ ਗਏ। ਜਾਣਕਾਰੀ ਤੋਂ ਬਾਅਦ ਥਾਣਾ ਟਿੱਬਾ ਦੀ ਪੁਲਿਸ ਵੀ ਮੌਕੇ 'ਤੇ ਪਹੁੰਚੀ। ਥਾਣਾ ਮੁਖੀ ਦਲਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ 'ਚ ਤਫ਼ਤੀਸ਼ ਕਰਨ ਲਈ ਜੱਦ ਸੀ ਸੀ ਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਸੂਚਨਾ ਦੇਣ ਵਾਲੇ ਨੌਜਵਾਨ ਨੇ ਇਸ ਮਾੜੀ ਘਟਨਾ ਨੂੰ ਅੰਜਾਮ ਦਿੱਤਾ ਹੈ। ਇਸ ਮਾਮਲੇ 'ਚ ਪੁਲਿਸ ਨੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਭਾਰਤ ਸਰਕਾਰ ਵੱਲੋਂ 12 ਪ੍ਰੋ-ਖ਼ਾਲਿਸਤਾਨ ਸੰਗਠਨਾਂ ਦੀਆਂ ਵੈੱਬਸਾਈਟਸ ਬਲਾਕ

**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤ ਸਰਕਾਰ ਨੇ 12 ਪ੍ਰੋ-ਖ਼ਾਲਿਸਤਾਨ ਸੰਗਠਨਾਂ ਦੀਆਂ ਵੈੱਬਸਾਈਟਸ ਨੂੰ ਬਲਾਕ ਕਰਨ ਦੇ ਆਦੇਸ਼ ਦਿੱਤੇ ਹਨ। ਅਧਿਕਾਰੀਆਂ ਨੇ ਇਹ ਆਦੇਸ਼ ਦਿੰਦੇ ਹੋਏ ਦੱਸਿਆ ਕਿ ਬਲਾਕ ਕੀਤੀਆਂ ਗਈਆਂ ਕੁਝ ਵੈੱਬਸਾਈਟਸ ਸਿੱਧੇ ਤੌਰ 'ਤੇ ਗ਼ੈਰ-ਕਾਨੂੰਨੀ ਸੰਗਠਨ ਸਿੱਖ ਫ਼ਾਰ ਜਸਟਿਸ ਵੱਲੋਂ ਸੰਚਾਲਿਤ ਕੀਤੀਆਂ ਜਾ ਰਹੀਆਂ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਤਿੰਨ ਕਰਮਚਾਰੀਆਂ ਵੱਲੋਂ ਲਾਪਤਾ ਪਾਵਨ ਸਰੂਪ ਬਾਰੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ

## ਅਦਾਲਤ ਨੇ ਕੋਈ ਜਵਾਬ ਨਹੀਂ ਮੰਗਿਆ: ਲੌਂਗੋਵਾਲ





**ਅੰਮ੍ਰਿਤਸਰ/ਏ.ਟੀ.ਨਿਊਜ਼:** 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਦੋਸ਼ੀ ਕਰਾਰ ਦਿੱਤੇ ਕਰਮਚਾਰੀਆਂ ਵਿੱਚੋਂ 3 ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਇਰ ਕਰ ਕੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਇਸ ਮਾਮਲੇ ਵਿੱਚ ਅਦਾਲਤ ਨੇ ਸ਼੍ਰੋਮਣੀ ਕਮੇਟੀ ਕੋਲੋਂ ਜਵਾਬ ਮੰਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਖ਼ਿਲਾਫ਼ ਇਹ ਕੇਸ ਪਬਲੀਕੇਸ਼ਨ ਵਿਭਾਗ ਦੇ ਮੀਤ ਸਕੱਤਰ ਗੁਰਬਚਨ ਸਿੰਘ, ਬਾਜ ਸਿੰਘ ਅਤੇ ਦਲਬੀਰ ਸਿੰਘ ਵੱਲੋਂ ਦਾਇਰ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਪੰਜ ਕਰਮਚਾਰੀਆਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ ਅਤੇ ਪੰਜ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਸੀ। ਫਾਰਗ ਕੀਤੇ ਗਏ ਕਰਮਚਾਰੀਆਂ ਵਿੱਚ ਕੇਸ ਦਾਇਰ ਕਰਨ ਵਾਲੇ ਕਰਮਚਾਰੀ ਵੀ ਸ਼ਾਮਲ ਹਨ।

ਇਸ ਸਬੰਧੀ ਗੁਰਬਚਨ ਸਿੰਘ ਨੇ ਆਖਿਆ ਕਿ ਉਨਾਂ ਅਦਾਲਤ ਵਿੱਚ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨਾਂ 'ਤੇ ਗ਼ਲਤ ਦੋਸ਼ ਲਾਏ ਗਏ ਹਨ। ਉਹ ਜੁਲਾਈ ਮਹੀਨੇ ਸੇਵਾ ਮੁਕਤ ਹੋ ਗਏ ਸਨ ਪਰ ਉਨਾਂ ਦੇ ਸੇਵਾ ਕਾਲ ਵਿੱਚ ਵਾਧਾ ਕਰ ਦਿੱਤਾ ਗਿਆ ਅਤੇ ਕੁਝ ਦਿਨਾਂ ਬਾਅਦ ਹੀ ਉਨਾਂ ਨੂੰ ਫਸਾ ਦਿੱਤਾ ਗਿਆ। ਉਨਾਂ ਕਿਹਾ ਕਿ ਪਬਲੀਕੇਸ਼ਨ ਵਿਭਾਗ ਵਿੱਚ ਜਦੋਂ ਅੱਗ ਲੱਗੀ ਅਤੇ ਸਰੂਪ ਘਟੇ ਸਨ, ਉਦੋਂ ਉਹ ਇਸ ਵਿਭਾਗ ਨਾਲ ਸਬੰਧਤ ਵੀ ਨਹੀਂ ਸਨ।

ਉਨਾਂ ਦੱਸਿਆ ਕਿ ਇਸ ਸਬੰਧੀ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਆਦਿ ਨੂੰ ਮਿਲੇ ਅਤੇ ਲਾਏ ਦੋਸ਼ਾਂ ਨੂੰ ਰੱਦ ਕਰਦੇ ਦਸਤਾਵੇਜ਼ ਪੇਸ਼ ਕੀਤੇ ਪਰ ਭਰੋਸਾ ਦੇਣ ਮਗਰੋਂ ਵੀ ਉਨਾਂ ਦੇ ਹੱਕ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ। ਮਜਬੂਰਨ ਉਨਾਂ ਨੂੰ ਨਿਆਂ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ ਹੈ। ਉਨਾਂ ਅਦਾਲਤ ਰਾਹੀਂ ਮੰਗ ਕੀਤੀ ਕਿ ਉਹ ਸੇਵਾ ਕਾਲ ਵਿੱਚ ਵਾਧਾ ਨਹੀਂ ਚਾਹੁੰਦੇ ਅਤੇ ਉਨਾਂ ਦੀ ਸੇਵਾਮੁਕਤੀ ਦੇ ਲਾਭ ਦੇ ਦਿੱਤੇ ਜਾਣ। ਪਬਲੀਕੇਸ਼ਨ ਵਿਭਾਗ ਦੇ ਕਲਰਕ ਬਾਜ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੂੰ ਇਸ ਮਾਮਲੇ ਵਿੱਚ ਗ਼ਲਤ ਫਸਾਇਆ ਗਿਆ ਹੈ। ਉਸ ਕੋਲ ਆਪਣੇ ਸੱਚੇ ਹੋਣ ਬਾਰੇ ਕਈ ਸਬੂਤ ਹਨ, ਜਿਨਾਂ ਬਾਰੇ ਉਸ ਨੇ ਪ੍ਰਧਾਨ ਅਤੇ ਹੋਰਨਾਂ ਨੂੰ ਜਾਣੂ ਕਰਾਇਆ ਸੀ। ਉਸ ਵੇਲੇ ਉਸ ਨੂੰ ਚੁੱਪ ਰਹਿਣ ਲਈ ਆਖਿਆ ਗਿਆ ਪਰ ਹੁਣ ਤਕ ਉਸ ਦੇ ਹੱਕ ਵਿੱਚ ਕੋਈ ਕਾਰਵਾਈ ਨਹੀਂ ਹੋਈ।

ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਸਬੰਧੀ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਅਪੀਲ ਕੀਤੀ ਗਈ ਹੈ ਕਿ ਅਦਾਲਤ ਇਸ ਸਬੰਧੀ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਪੱਖ ਜ਼ਰੂਰ ਸੁਣੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਹੁਣ ਤਕ ਅਦਾਲਤ ਵੱਲੋਂ ਇਸ ਸਬੰਧੀ ਕੋਈ ਜਵਾਬ ਨਹੀਂ ਮੰਗਿਆ ਗਿਆ। ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਕਾਨੂੰਨੀ ਮਾਹਿਰਾਂ ਦੀ ਕਮੇਟੀ ਬਣਾਈ ਹੋਈ ਹੈ, ਜਿਸ ਵਿੱਚ ਲੋੜ ਮੁਤਾਬਕ ਹੋਰ ਵੀ ਮਾਹਿਰ ਸ਼ਾਮਲ ਕੀਤੇ ਜਾ ਸਕਦੇ ਹਨ।

# ਬਾਬਾ ਲਸ਼ਕਰ ਸਿੰਘ ਕਾਮਯਾਬ ਦੁਨਿਆਵੀ ਯਾਤਰਾ ਪੂਰੀ ਕਰ ਚੱਲੇ



**ਫਰੀਮਾਂਟ/ਏ.ਟੀ.ਨਿਊਜ਼:** ਬੇ-ਏਰੀਆ ਦੇ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਬਾਬਾ ਲਸ਼ਕਰ ਸਿੰਘ ਜੀ ਵੀਰਵਾਰ, ਮਿਤੀ 30 ਅਕਤੂਬਰ ਨੂੰ 86 ਸਾਲਾਂ ਦੀ ਉਮਰ ਵਿਚ ਪਰਲੋਕ ਸੁਧਾਰ ਗਏ ਹਨ। ਫਰੀਮਾਂਟ ਗੁਰਦੁਆਰਾ ਸਾਹਿਬ ਵਿੱਚ ਇਹ ਪਰਿਵਾਰ ਬਹੁਤ ਹੀ ਗੁਰੂ-ਘਰ ਦੇ ਸੇਵਕ ਅਤੇ ਸ਼ਰਧਾਲੂ ਵਜੋਂ ਜਾਣਿਆ ਜਾਂਦਾ ਹੈ। ਬਾਬਾ ਜੀ, ਦੀਦਾਰ ਸਿੰਘ ਅਤੇ ਬਲਕਾਰ ਸਿੰਘ ਬੰਬੇ ਗਾਰਡਨ ਵਾਲ਼ਿਆਂ ਦੇ ਪਿਤਾ ਜੀ ਸਨ। ਬਾਬਾ ਜੀ ਇਸ ਵੇਲੇ ਕਈ ਸਾਲਾਂ ਤੋਂ ਆਪਣੇ ਘਰ ਹੀ ਸਨ।

ਬਾਬਾ ਲਸ਼ਕਰ ਸਿੰਘ ਦਾ ਜਨਮ 20 ਨਵੰਬਰ 1934 ਨੂੰ ਹੋਇਆ, ਉਹਨਾਂ ਦਾ ਜੱਦੀ ਪਿੰਡ ਖਨੂਰ ਜ਼ਿਲਾ ਹੁਸ਼ਿਆਰਪੁਰ ਹੈ ਅਤੇ 1947 ਵਿੱਚ ਸ਼ੇਖ਼ੂਪੁਰਾ, ਪਾਕਿਸਤਾਨ ਤੋਂ ਆ ਕੇ ਵਸੇ ਸਨ। ਇੱਧਰ ਆ ਕੇ ਇਨਾਂ ਨੇ ਖੇਤੀ ਕੀਤੀ ਅਤੇ ਫੇਰ ਕਾਮਯਾਬ ਟਰਾਂਸਪੋਰਟ ਦਾ ਕੰਮ ਕੀਤਾ। ਉਹ 1988 ਵਿੱਚ ਅਮਰੀਕਾ ਆਏ ਅਤੇ ਇੱਥੇ ਆ ਕੇ ਵੀ ਪੂਰੀ ਮਿਹਨਤ ਕੀਤੀ। ਉਹ ਇੱਕ ਮਿਹਨਤਕਸ਼ ਅਤੇ ਇਮਾਨਦਾਰ ਇਨਸਾਨ ਵਜੋਂ ਜਾਣੇ ਜਾਂਦੇ ਸਨ। ਬਲਕਾਰ ਸਿੰਘ, ਦੀਦਾਰ ਸਿੰਘ ਤੇ ਪਰਿਵਾਰ 1990 ਵਿੱਚ ਅਮਰੀਕਾ ਆ ਗਏ ਸਨ ਅਤੇ ਆਪਣੇ ਪਿਤਾ ਵਾਂਗ ਇਹ ਵੀ ਆਪਣੀ ਮਿਹਨਤ ਸਦਕਾ ਇਸ ਏਰੀਏ ਦੇ ਕਾਰੋਬਾਰੀ ਸ਼ਖ਼ਸੀਅਤਾਂ ਵਿੱਚ ਗਿਣੇ ਜਾਂਦੇ ਹਨ। ਇੱਥੇ ਇਹਨਾਂ ਨੇ ਰੈਸਟੋਰੈਂਟ ਦੀ ਇੱਕ ਲੜੀ ਖੜੀ ਕੀਤੀ ਜੋ ਬੰਬੇ ਗਾਰਡਨ ਅਤੇ ਸਕੂਨ ਦੇ ਨਾਮ ਨਾਲ ਜਾਣੇ ਜਾਂਦੇ ਹਨ।

ਗੁਰਦੁਆਰਾ ਸਾਹਿਬ ਫਰੀਮਾਂਟ, ਸਿੰਘ ਸਭਾ ਮਿਲਪੀਟਸ ਅਤੇ ਸਿੱਖ ਪੰਚਾਇਤ ਨੇ ਬਾਬਾ ਲਸ਼ਕਰ ਸਿੰਘ ਦੀ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਗੁਰੂ ਅੱਗੇ ਅਰਦਾਸ ਕੀਤੀ। ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਬਾਬਾ ਲਸ਼ਕਰ ਸਿੰਘ ਵੱਲੋਂ ਪਿੰਡ ਖਨੂਰ ਅਤੇ ਫਰੀਮਾਂਟ ਦੇ ਗੁਰੂ-ਘਰਾਂ ਦੀ ਸੇਵਾ ਸ਼ਲਾਘਾਯੋਗ ਹੈ ਅਤੇ ਬਾਬਾ ਜੀ ਆਪਣਾ ਜੀਵਨ ਸਫਲਾ ਕਰ ਗਏ ਹਨ ਜਿਸ ਦਾ ਕਮਿਊਨਿਟੀ ਨੂੰ ਮਾਣ ਹੈ।

ਬਾਬਾ ਲਸ਼ਕਰ ਸਿੰਘ ਦਾ ਸਸਕਾਰ ਹੇਵਰਡ ਦੀ ਮਿਸ਼ਨ ਚੈਪਲ ਵਿੱਚ ਸਨਿੱਚਰਵਾਰ 12:30 ਤੋਂ 2:30 ਵਜੇ ਉਪਰੰਤ ਗੁਰਦੁਆਰਾ ਸਾਹਿਬ ਫਰੀਮਾਂਟ (**300 Gurdwara Road, Fremont**) ਵਿਖੇ 3 ਵਜੇ ਭੋਗ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ (510) 676-5641 'ਤੇ ਬਲਕਾਰ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ।

**Funeral address:**
Chapel of the Chimes
32992 Mission Blvd, Hayward.


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸਿਆਟਲ ਵਿਚ ਸੈਨਫਰਾਂਸਿਸਕੋ ਦੇ ਕੌਂਸਲੇਟ ਜਨਰਲ ਨਗਿੰਦਰਾ ਪ੍ਰਸਾਦ ਨਾਲ ਅਹਿਮ ਮੁੱਦਿਆਂ ਤੇ ਵਿਚਾਰ ਚਰਚਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੇ ਪੰਜਾਬੀ ਭਾਈਚਾਰੇ ਦੇ ਸੈਨਫਰਾਂਸਿਸਕੋ ਅੰਬੈਸੀ ਦੇ ਕੌਂਸਲੇਟ ਜਨਰਲ ਡਾ. ਜੇ. ਵੀ. ਨਗਿੰਦਰਾ ਪ੍ਰਸਾਦ ਨਾਲ ਸਿਆਟਲ ਵਿਚ ਭਾਰਤੀ ਕੌਂਸਲੇਟ ਦਾ ਦਫ਼ਤਰ ਖੋਲਣ, ਵੀਜ਼ਾ, ਪਾਸਪੋਰਟ ਅਤੇ ਕਿਸਾਨਾਂ ਦੇ ਮੁੱਦੇ ਸਬੰਧੀ ਤੋਂ ਇਲਾਵਾ ਧਾਰਮਿਕ ਅਤੇ ਸਮਾਜਿਕ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਸਬੰਧੀ ਭਾਰਤੀ ਕੌਂਸਲੇਟ ਜਨਰਲ ਨੇ ਸਾਰਥਕ ਹੱਲ ਲੱਭਣ ਲਈ ਵਿਸ਼ਵਾਸ ਦਿਵਾਇਆ। ਉਨਾਂ ਦੱਸਿਆ ਕਿ ਭਾਰਤ ਜਾਣ ਲਈ ਵੀਜ਼ਾ ਅਤੇ ਓ.ਸੀ.ਆਈ.ਪਾਸਪੋਰਟ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਭਾਰਤ ਸਰਕਾਰ ਅਮਰੀਕਾ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਨਾਲ ਤਾਲਮੇਲ ਕਰਕੇ ਅਧਿਆਪਕਾਂ, ਪ੍ਰੋਫੈਸਰਾਂ ਨੂੰ ਵੱਖ ਵੱਖ ਵਿਸ਼ਿਆਂ ਤੇ ਰਿਫਰੈਸ਼ ਕੋਰਸਾਂ ਰਾਹੀਂ ਅਮਰੀਕਾ ਦੇ ਵਿੱਦਿਆ ਖੇਤਰ ਦੀ ਜਾਣਕਾਰੀ ਤੇ ਟ੍ਰੇਨਿੰਗ ਮੁਹੱਈਆ



ਕਰਵਾਈ ਜਾਵੇਗੀ। ਜਿਸ ਨਾਲ ਭਾਰਤੀ ਵਿਦਿਆਰਥੀ ਲਾਭ ਉਠਾ ਸਕਣਗੇ। ਇਸ ਮੌਕੇ ਹਰਸ਼ਿੰਦਰ ਸਿੰਘ ਸੰਧੂ, ਹਰਦੇਵ ਸਿੰਘ, ਉਪਿੰਦਰ ਢੀਂਡਸਾ, ਸੈਮ ਵਿਰਕ, ਬੋਥਲ ਤੋਂ ਮਨਮੋਹਨ ਸਿੰਘ ਢਿੱਲੋਂ, ਵਿਜੈ ਬੈਨੀਵਾਲ, ਉਂਕਾਰ ਭੰਡਾਲ, ਹਰਪ੍ਰੀਤ ਸਿੰਘ, ਗੁਰਪ੍ਰੀਤ ਗੋਗਾ ਵਿਰਕ ਤੇ ਕੁਲਵਿੰਦਰ ਸੰਧੂ ਨੇ ਵੱਖ ਵੱਖ ਸਵਾਲ ਕੀਤੇ ਅਤੇ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਜਿਨਾਂ ਦੇ ਨਗਿੰਦਰਾ ਪ੍ਰਸ਼ਾਦ ਨੇ ਤਸੱਲੀਬਖ਼ਸ਼ ਜੁਆਬ ਦਿੱਤੇ। ਡਾ. ਜੇ. ਵੀ. ਨਗਿੰਦਰਾ ਪ੍ਰਸਾਦ ਕੌਂਸਲੈਟ ਜਨਰਲ ਦੇ ਅਹੁਦੇ ਤੇ ਤਿੰਨ ਸਾਲ ਲਈ ਨਿਯੁਕਤ ਹਨ ਜੋ ਪਹਿਲਾਂ ਅੱਠ ਦੇਸ਼ਾਂ ਵਿਚ ਸੇਵਾ ਨਿਭਾਅ ਚੁੱਕੇ ਹਨ। ਅਖੀਰ ਵਿਚ ਸੇਮ ਵਿਰਕ ਨੇ ਧੰਨਵਾਦ ਕਰਦਿਆਂ ਸਿਆਟਲ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਤੇ ਜ਼ੋਰ ਦਿੱਤਾ। ਗੁਰਦੁਆਰਾ ਸੱਚਾ ਮਾਰਗ ਦੇ ਸੰਚਾਲਕ ਹਰਸ਼ਿੰਦਰ ਸਿੰਘ ਸੰਧੂ ਤੇ ਸੇਮ ਵਿਰਕ ਨੇ ਕੌਂਸਲੇਟ ਜਨਰਲ ਦਾ ਸ਼ਾਲ ਪਾ ਕੇ ਸਨਮਾਨ ਕੀਤਾ।

# ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦਾ ਗਠਨ

**ਅੰਮ੍ਰਿਤਸਰ/ਏ.ਟੀ.ਨਿਊਜ਼:** ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਵੱਲੋਂ ਆਪਣੀ ਪਹਿਲੀ ਇਕੱਤਰਤਾ 6-ਨਵੰਬਰ-2020 ਦਿਨ ਸ਼ੁੱਕਰਵਾਰ ਨੂੰ ਹਵੇਲੀ ਜੰਡਿਆਲਾ ਅੰਮ੍ਰਿਤਸਰ ਵਿਖੇ ਕੀਤੀ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੈਡਮ



ਨਿਰਮਲ ਕੌਰ ਕੋਟਲਾ ਮੱਤੇਵਾਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੱਖ- ਵੱਖ ਜ਼ਿਲਿਆਂ ਤੋਂ ਨੁਮਾਇੰਦਿਆਂ ਦੀ ਇਕ ਜ਼ੂਮ ਮੀਟਿੰਗ ਕੀਤੀ ਗਈ ਜਿਸ ਵਿਚ ਇਹ ਵਿਚਾਰਿਆ ਗਿਆ ਕਿ ਇਹ ਇੱਕ ਨਿਰੋਲ ਸਾਹਿਤਕ ਮੰਚ ਹੈ ; ਜਿਸ ਦੇ ਮੁੱਖ ਮੰਤਵ ਪੰਜਾਬੀ ਇਸਤਰੀ ਲੇਖਕਾਵਾਂ ਨੂੰ ਉਤਸ਼ਾਹਿਤ ਕਰਨਾ ਅਤੇ ਉਨਾਂ ਨੂੰ ਵਿਸ਼ਵ ਨਾਲ ਜੋੜਨਾ ਹੈ। ਇਸ ਮੰਤਵ ਲਈ ਮੁੱਖ ਮੁੱਦਿਆਂ ਵਿੱਚ ਇਸ ਸਭਾ ਦੇ ਵੱਖ- ਵੱਖ ਨੁਮਾਇੰਦਿਆਂ ਦੀ ਚੋਣ, ਰਜਿਸਟ੍ਰੇਸ਼ਨ ਦਾ ਮੁੱਦਾ, ਫ਼ੰਡ ਦਾ ਮੁੱਦਾ, ਮਾਇਕ ਸਹਾਇਤਾ ਲਈ ਰਾਸ਼ੀ, ਕਿਸਾਨੀ ਸੰਘਰਸ਼ ਲਈ ਪ੍ਰੇਰਨਾ, ਔਰਤਾਂ ਦੇ ਸ਼ੋਸ਼ਣ ਵਿਰੁੱਧ ਆਵਾਜ਼ ਉਠਾਉਣਾ ਆਦਿ ਮੁੱਦੇ ਵੀ ਵਿਚਾਰੇ ਜਾਣਗੇ। ਇੱਥੇ ਜ਼ਿਕਰਯੋਗ ਹੈ ਕਿ ਹਰ ਇੱਕ ਨੁਮਾਇੰਦਾ ਬਿਨਾਂ ਕਿਸੇ ਲਾਲਚ ਤੋਂ ਆਪੋ -ਆਪਣੇ ਖੇਤਰ ਵਿੱਚ ਸੰਸਥਾ ਦੀ ਚੜਦੀ ਕਲਾ ਲਈ ਅਤੇ ਪੰਜਾਬ ਪੰਜਾਬੀ ਪੰਜਾਬੀਅਤ ਦੀ ਚੜਦੀ ਕਲਾ ਲਈ ਕੰਮ ਕਰੇਗਾ। ਇਸ ਸੰਸਥਾ ਵਿਚ ਸਾਰੇ ਹੀ ਅਹੁਦਿਆਂ ਤੇ ਇਸਤਰੀਆਂ ਹੋਣਗੀਆਂ ਅਤੇ ਸਮੇਂ- ਸਮੇਂ ਉੱਤੇ ਜ਼ਰੂਰਤਮੰਦਾਂ ਦੀ ਮਦਦ ਵੀ ਇਸ ਮੰਚ ਵੱਲੋਂ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਨਿਰਮਲ ਕੌਰ ਕੋਟਲਾ ਅੰਜੂ ਵੀ ਰੱਤੀ, ਕੁਲਵਿੰਦਰ ਕੌਰ ਨੰਗਲ, ਪਰੀਤ ਰਿਆੜ, ਸੁੱਖ ਕਾਹਲੋਂ ਰੰਧਾਵਾ, ਸਵਰਨਜੀਤ ਕੌਰ ਗਰੇਵਾਲ, ਗੁਰਪਰੀਤ ਧਾਲੀਵਾਲ ਲੁਧਿਆਣਾ ਆਦਿ ਸ਼ਾਮਲ ਸਨ। ਸਭ ਨੂੰ 6 ਨਵੰਬਰ ਦੀ ਹੰਗਾਮੀ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜ ਦਿੱਤਾ ਗਿਆ ਹੈ।

# ਮਾਣਹਾਨੀ ਕੇਸ ’ਚ ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਦੁਬਾਰਾ ਸਮਨ

**ਚੰਡੀਗੜ /ਏ.ਟੀ.ਨਿਊਜ਼:** ਪੰਜਾਬ ਦੇ ਸਾਬਕਾ ਉਪ- ਮੁੱਖ ਮੰਤਰੀ ਸੁਖਬੀਰ ਬਾਦਲ ’ਤੇ ਚੱਲ ਰਹੇ ਮਾਣਹਾਨੀ ਕੇਸ ’ਚ ਹੁਣ ਜ਼ਿਲਾ ਅਦਾਲਤ ਨੇ ਸੁਖਬੀਰ ਸਿੰਘ ਨੂੰ ਦੁਬਾਰਾ ਸਮਨ ਜਾਰੀ ਕੀਤਾ ਹੈ। ਸੁਖਬੀਰ ’ਤੇ ਇਹ ਕੇਸ ਅਖੰਡ ਕੀਰਤਨੀ ਜਥੇ ਤੇ ਇਸ ਦੇ ਬੁਲਾਰੇ ਨੂੰ ਬੱਬਰ ਖ਼ਾਲਸਾ ਦਾ ਸਿਆਸੀ ਚਿਹਰਾ ਦੱਸਣ ਬਾਰੇ ਦਿੱਤੀ ਗਈ ਸ਼ਿਕਾਇਤ ’ਤੇ ਜ਼ਿਲਾ ਅਦਾਲਤ ’ਚ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਕੋਰਟ ਨੇ ਇਸੇ ਸਾਲ 4 ਮਾਰਚ ਤੇ 18 ਮਾਰਚ ਨੂੰ ਸਮਨ ਜਾਰੀ ਕਰ ਕੇ ਸੁਖਬੀਰ ਬਾਦਲ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਸੀ। ਉਸ ਵੇਲੇ ਸੁਖਬੀਰ ਬਾਦਲ ਪੇਸ਼ ਨਹੀਂ ਹੋ ਸਕੇ। ਇਸ ਤੋਂ ਬਾਅਦ ਕੋਰੋਨਾ ਮਹਾਮਾਰੀ ਦੀ ਵਜਾ ਨਾਲ ਸਿਰਫ਼ ਜ਼ਰੂਰੀ ਕੇਸਾਂ ਦੀ ਸੁਣਵਾਈ ਹੋਈ। ਹੁਣ ਕੋਰਟ ਨੇ ਸੁਖਬੀਰ ਬਾਦਲ ਦੇ ਚੰਡੀਗੜ ਪਤੇ ’ਤੇ ਸਮਨ ਜਾਰੀ ਕਰ ਦਿੱਤਾ ਹੈ। ਕੋਰਟ ਨੇ ਸੁਖਬੀਰ ਬਾਦਲ ਦੇ ਨਾਲ ਮਾਮਲੇ ’ਚ ਸ਼ਿਕਾਇਤ ਕਰਤਾ ਰਾਜਿੰਦਰ ਸਿੰਘ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

ਰਾਜਿੰਦਰਪਾਲ ਨੇ ਆਪਣੇ ਕੇਸ ’ਚ ਦੋਸ਼ ਲਗਾਏ ਹਨ ਕਿ 4 ਜਨਵਰੀ, 2017 ਨੂੰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਉਨਾਂ ਦੇ ਘਰ ਸਵੇਰ ਵੇਲੇ ਉਨਾਂ ਨੂੰ ਮਿਲਣ ਆਏ ਸਨ। ਉਨਾਂ ਵਿਚਕਾਰ ਸਾਧਾਰਨ ਗੱਲਬਾਤ ਹੋਈ। ਇਹ ਗੱਲ ਕਈ ਅਖ਼ਬਾਰਾਂ ’ਚ ਛਪੀ। ਇਸ ਤੋਂ ਬਾਅਦ ਇਕ ਅਖ਼ਬਾਰ ਨੂੰ ਇੰਟਰਵਿਊ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਤੋਂ ਚੋਣ ਲੜਨੀ ਚਾਹੁੰਦੇ ਹਨ। ਉਨਾਂ ਨੂੰ ਪੰਜਾਬ ਦੀ ਪਰੰਪਰਾ ਤੇ ਪੰਥ ਬਾਰੇ ਕੁਝ ਪਤਾ ਨਹੀਂ। ਰੱਬ ਨਾ ਕਰੇ ਜੇਕਰ ਪੰਜਾਬ ’ਚ ਆਪ ਪਾਰਟੀ ਦੀ ਸਰਕਾਰ ਆਉਂਦੀ ਹੈ ਤਾਂ ਉਹ ਇੱਥੇ ਅਰਾਜਕਤਾ ਫੈਲਾ ਦੇਵੇਗੀ। ’ ਕੇਜਰੀਵਾਲ ਪੰਜਾਬ ’ਚ ਆਏ ਤੇ ਗਰਮ ਖਿਆਲੀਆਂ



ਨਾਲ ਮੇਲ-ਜੋਲ ਵਧਾ ਰਹੇ ਹਨ। ਬੱਬਰ ਖ਼ਾਲਸਾ ਜਿਹਾ ਆਲਮੀ ਪੱਧਰ ’ਤੇ ਇਕ ਅੱਤਵਾਦੀ ਸੰਗਠਨ ਹੈ, ਅਖੰਡ ਕੀਰਤਨੀ ਜਥਾ ਉਸ ਦਾ ਧਾਰਮਿਕ ਚਿਹਰਾ ਹੈ। ਇਸ ਦੇ ਨਾਲ ਹੀ ਕਿਹਾ ਸੀ ਕਿ ਸਰਬੱਤ ਖ਼ਾਲਸਾ ਜਿਸ ਨੂੰ ਖ਼ਾਲਿਸਤਾਨ ਐਲਾਨ ਦਿੱਤਾ ਗਿਆ ਹੈ, ਉਸ ਦੇ ਜਥੇਦਾਰਾਂ ਨਾਲ ਡਿਨਰ ਕੀਤਾ ਹੈ। ਹੁਣ ਰਾਜਿੰਦਰ ਨੇ ਸ਼ਿਕਾਇਤ ’ਚ ਦੱਸਿਆ ਕਿ ਸੁਖਬੀਰ ਬਾਦਲ ਨੇ ਜਾਣ-ਬੁੱਝ ਕੇ ਅਜਿਹਾ ਕੀਤਾ ਹੈ।

ਦੱਸਿਆ ਕਿ ਇਸ ਨਾਲ ਉਨਾਂ ਦੀ ਕਾਫ਼ੀ ਇਮੇਜ ਖ਼ਰਾਬ ਹੋਈ ਹੈ। ਉਨਾਂ ਦਾ ਕਿਸੇ ਵੀ ਬੱਬਰ ਖ਼ਾਲਸਾ ਸੰਗਠਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸ਼ੰਭੂ ਮੋਰਚਾ, ਖ਼ੁਦਮੁਖ਼ਤਿਆਰੀ, ਖ਼ਾਲਿਸਤਾਨ ਦੇ ਨਾਅਰੇ ਦਾ ਪ੍ਰਤੀਕਰਮ ਅਤੇ ਅਗਾਮੀ ਚਣੌਤੀਆਂ

**- ਪਰਮਜੀਤ ਸਿੰਘ**

ਇੰਡੀਆ ਵੱਲੋਂ ਬਣਾਏ ਗਏ ਨਵੇਂ ਖੇਤੀ ਕਾਨੂੰਨਾਂ ਦੇ ਹਵਾਲੇ ਨਾਲ ਸ਼ੰਭੂ ਵਿਖੇ ਚੱਲ ਰਹੇ ਪੱਕੇ ਮੋਰਚੇ ਦੇ ਪ੍ਰਬੰਧਕਾਂ ਵੱਲੋਂ ਇਹ ਗੱਲ ਉਭਾਰੀ ਜਾ ਰਹੀ ਹੈ ਕਿ ਨਵੇਂ ਖੇਤੀ ਕਾਨੂੰਨ ਅਤੇ ਕਿਸਾਨੀ ਮਸਲਾ ਸਿਰਫ਼ ਕੁਝ ਕੁ ਰਿਆਇਤਾਂ ਦਾ ਮਸਲਾ ਨਹੀਂ ਹੈ ਬਲਕਿ ਇਹ ਪੰਜਾਬ ਦੀ ਹੋਂਦ ਦਾ ਸੰਘਰਸ਼ ਹੈ। ਉਨਾਂ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਅਤੇ ਸਰਕਾਰੀ ਮੰਡੀਕਰਨ ਦੀ ਕਾਨੂੰਨੀ ਜਾਮਨੀ ਦੀਆਂ ਕਿਸਾਨ ਯੂਨੀਅਨਾਂ ਦੀਆਂ ਮੰਗਾਂ ਤੋਂ ਅਗਾਂਹ ਜਾ ਕੇ 'ਖ਼ੁਦਮੁਖ਼ਤਿਆਰੀ' ਦੀ ਗੱਲ ਕੀਤੀ ਜਾ ਰਹੀ ਹੈ।

ਇਸ ਮੋਰਚੇ ਨੂੰ ਹਿਮਾਇਤ ਵੀ ਤਕਰੀਬਨ ਉਨਾਂ ਹਿੱਸਿਆ ਵੱਲੋਂ ਹੀ ਮਿਲ ਰਹੀ ਸੀ ਜੋ ਰਿਆਇਤਾਂ ਤੋਂ ਵਧੀਕ ਹੱਕਾਂ ਲਈ ਸੰਘਰਸ਼ ਦੇ ਹਾਮੀ ਹਨ ਤੇ ਇਨਾਂ ਵਿਚੋਂ ਵੀ ਵੱਡਾ ਹਿੱਸਾ ਨੌਜਵਾਨਾਂ ਦਾ ਹੈ।

ਬੀਤੇ ਦਿਨ ਸ਼ੰਭੂ ਮੋਰਚੇ ਉੱਤੇ ਇੱਕ ਅਜਿਹੀ ਘਟਨਾ ਵਾਪਰੀ ਹੈ ਜਿਸ ਦੀ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਬਹੁਭਾਂਤੀ ਚਰਚਾ ਹੋ ਰਹੀ ਹੈ। ਮੋਰਚੇ ਦਾ ਪ੍ਰਬੰਧ ਕਰਨ ਵਾਲੀ ਪੰਚਾਇਤ ਦੇ ਇੱਕ ਜੀਅ ਵਕੀਲ ਹਾਕਮ ਸਿੰਘ ਨੇ ਇੱਕ ਨੌਜਵਾਨ ਵੱਲੋਂ ਖ਼ਾਲਿਸਤਾਨ ਦੇ ਨਾਅਰੇ ਲਾਉਣ ਉੱਤੇ ਉਸ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਅਤੇ ਉਸ ਖ਼ਿਲਾਫ਼ ਪੁਲਿਸ ਕਾਰਵਾਈ ਦੀ ਮੰਗ ਕੀਤੀ।

ਬਿਜਲ ਸੱਥ ਉੱਤੇ ਹੋ ਰਹੀਆਂ ਟਿੱਪਣੀਆਂ ਬਾਰੇ ਚਰਚਾ ਕਰਨ ਜਾਂ ਕਿਸੇ ਤਰਾਂ ਦੀ ਫ਼ੈਸਲੇ ਬਾਜ਼ੀ ਦੀ ਬਜਾਏ ਇੱਥੇ ਇਸ ਘਟਨਾ ਤੋਂ ਉਜਾਗਰ ਹੋਏ ਕੁਝ ਅਹਿਮ ਪੱਖਾਂ ਬਾਰੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਪਹਿਲਾ ਪੱਖ ਮੋਰਚੇ ਦੇ ਪ੍ਰਬੰਧ ਨਾਲ ਜੁੜਦਾ ਹੈ। ਅਜੇ ਜਦੋਂ ਕਿ ਮੌਜੂਦਾ ਸੰਘਰਸ਼ ਬਾਰੇ ਰਾਜ-ਤੰਤਰ (ਸਟੇਟ) ਨੇ ਕਿਸੇ ਵੀ ਤਰਾਂ ਦੀ ਸਿੱਧੀ ਰਣਨੀਤੀ ਤੇ ਕਾਰਵਾਈ ਦਾ ਪ੍ਰਗਟਾਵਾ ਨਹੀਂ ਕੀਤਾ ਤਾਂ ਮੁਕਾਬਲਤਨ ਸੰਘਰਸ਼ ਦਾ ਸੁਖਾਵਾਂ ਦੌਰ ਹੀ ਚੱਲ ਰਿਹਾ ਹੈ। ਸ਼ੰਭੂ ਮੋਰਚੇ ਵੱਲੋਂ ਕੇਂਦਰੀ ਨੁਕਤਾ ਬਣਾਇਆ ਜਾ ਰਿਹਾ ਖ਼ੁਦਮੁਖ਼ਤਿਆਰੀ ਦਾ ਬਿਰਤਾਂਤ ਸਟੇਟ ਤੋਂ ਇਲਾਵਾ ਹੋਰ ਬਹੁਤ ਸਾਰੇ ਹਿੱਸਿਆਂ/ਧਿਰਾਂ ਨੂੰ ਮੁਆਫ਼ਕ ਨਹੀਂ ਬੈਠਦਾ। ਇਸ ਲਈ ਇਸ ਬਿਰਤਾਂਤ ਦੁਆਲੇ ਮੋਰਚਾ ਚਲਾਉਣ ਵਾਲਿਆਂ ਲਈ ਵੱਡੀ ਪਰਖ ਹਾਲੀ ਆਉਣੀ ਹੈ, ਹਾਲ ਦੀ ਘੜੀ ਤਾਂ ਇਸ ਵਿਚਾਰ ਕਰਕੇ ਉਨਾਂ ਨੂੰ ਹਿਮਾਇਤ ਹੀ ਮਿਲ ਰਹੀ ਹੈ। ਇਹ ਗੱਲ ਵੀ ਹੈ ਕਿ ਆਉਣ ਵਾਲੀਆਂ ਪਰਖਾਂ ਨੂੰ ਇਮਾਨਦਾਰੀ, ਸੁਹਿਰਦਤਾ ਅਤੇ ਠਰੰਮੇ ਦੇ ਬੁਨਿਆਦੀ ਗੁਣਾਂ ਦੇ ਨਾਲ-ਨਾਲ ਸਿਆਸੀ ਸੂਝ ਦੀ ਦ੍ਰਿੜਤਾ (ਪੁਲੀਟੀਕਲ ਮਚਿਓਰਟੀ) ਨਾਲ ਹੀ ਮੁਖ਼ਾਤਿਬ ਹੋਇਆ ਜਾ ਸਕਦਾ ਹੈ। ਜਿਵੇਂ-ਜਿਵੇਂ ਪਰਖ ਪ੍ਰਚੰਡ ਹੁੰਦੀ ਜਾਵੇਗੀ ਸਿਆਸੀ ਸੂਝ ਦੀ ਦ੍ਰਿੜਤਾ ਦੀ ਭੂਮਿਕਾ ਓਨੀ ਹੀ ਵਧਦੀ ਜਾਵੇਗੀ। ਬੀਤੇ ਦਿਨ ਦੀ ਘਟਨਾ ਮੋਰਚੇ ਦੇ ਪ੍ਰਬੰਧਕਾਂ ਦੀ ਸਿਆਸੀ ਸੂਝ ਦੀ ਦ੍ਰਿੜਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਉਂਦੀ ਹੈ, ਜਿਸ ਬਾਰੇ ਉਨਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਦੂਜਾ ਮਸਲਾ ਖ਼ਾਲਿਸਤਾਨ ਦੇ ਨਾਅਰੇ ਬਾਰੇ ਅਜਿਹੇ ਨਿਖੇਧੀ ਯੋਗ ਅਤੇ ਸਰਾਸਰ ਗ਼ਲਤ ਪ੍ਰਤੀਕਰਮ ਦੇ ਇਜ਼ਹਾਰ ਦਾ ਹੈ। ਇਸ ਬਾਰੇ ਇੱਕ ਪੱਖ ਤਾਂ ਇਹ ਹੈ ਕਿ ਇਹ ਵਤੀਰਾ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਤੋਂ ਮੁਨਕਰ ਹੋਣ ਵਾਲਾ ਹੈ। ਜਿਸ ਸਟੇਟ ਜਾਂ ਹਕੂਮਤ ਦੇ ਧੱਕੇ ਵਿਰੁੱਧ ਆਵਾਜ਼ ਚੁੱਕਣ ਦੀ ਮੋਰਚੇ ਵੱਲੋਂ ਗੱਲ ਕੀਤੀ ਜਾ ਰਹੀ ਹੈ, ਆਪਣੇ ਤੋਂ ਵੱਖਰੇ ਵਿਚਾਰਾਂ ਵਾਲਿਆਂ ਨਾਲ ਉਸ ਹਕੂਮਤ ਜਿਹਾ ਹੀ ਵਿਹਾਰ ਕਰਨਾ ਜਾਂ ਉਨਾਂ ਵਿਰੁੱਧ ਉਸੇ ਹਕੂਮਤ ਕੋਲ ਸ਼ਿਕਾਇਤਾਂ ਕਰਕੇ ਕਾਰਵਾਈ ਦੀ ਮੰਗ ਕਰਨੀ ਬਹੁਤ ਗੰਭੀਰ ਸਵਾਲ ਖੜੇ ਕਰਦੇ ਹਨ। ਵਿਚਾਰਾਂ ਦੇ ਪ੍ਰਗਟਾਵੇ ਦਾ ਹਾਮੀ ਕੋਈ ਵੀ ਵਿਅਕਤੀ ਅਜਿਹੇ ਰਵਈਏ ਨੂੰ ਸਹੀ ਨਹੀਂ ਠਹਿਰਾਅ ਸਕਦਾ ਬਲਕਿ ਇਸ ਦੀ ਨਿਖੇਧੀ ਅਤੇ ਵਿਰੋਧ ਹੀ ਕਰੇਗਾ।

ਦੂਜਾ ਪੱਖ ਇਹ ਹੈ ਕਿ ਅਜਿਹੇ ਪ੍ਰਤੀਕਰਮ ਦੇ ਕਈ ਕਾਰਨ ਹੋ ਸਕਦੇ ਹਨ। ਅਜਿਹਾ ਪ੍ਰਤੀਕਰਮ ਇੰਡੀਅਨ ਨੈਸ਼ਨਲਿਜ਼ਮ ਦੇ ਪ੍ਰਭਾਵ ਦਾ ਨਤੀਜਾ ਵੀ ਹੋ ਸਕਦਾ ਹੈ; ਕਿਸੇ ਦੇ ਖ਼ਾਲਿਸਤਾਨ ਦੇ ਵਿਰੋਧੀ ਨਿੱਜੀ ਵਿਚਾਰਾਂ ਦਾ ਨਤੀਜਾ ਵੀ ਹੋ ਸਕਦਾ ਹੈ, ਮੋਰਚੇ ਦੀ ਰਣਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ ਜਾਂ ਫਿਰ ਬੀਤੇ ਦੇ ਤਸ਼ੱਦਦ ਦੇ ਮਾਨਸਿਕ ਦਬਾਅ ਜਾਂ ਡਰ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ, ਜਾਂ ਇਸ ਦੇ ਹੋਰ ਕਾਰਨ ਵੀ ਹੋ ਸਕਦੇ ਹਨ। ਇਸ ਮਾਮਲੇ ਵਿੱਚ ਕੋਈ ਤਟਫੱਟ ਨਤੀਜਾ ਤਾਂ ਨਹੀਂ ਕੱਢਿਆ ਜਾ ਸਕਦਾ ਪਰ ਇਸ ਮਾਮਲੇ ਵਿੱਚ ਮੋਰਚੇ ਦੇ ਪ੍ਰਬੰਧਕਾਂ ਨੂੰ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ ਜਿਸ ਤੋਂ ਬਾਅਦ ਸਥਿਤੀ ਵਧੇਰੇ ਸਪਸ਼ਟ ਹੋ ਸਕੇਗੀ।

ਤੀਜਾ ਅਹਿਮ ਮਸਲਾ 'ਖ਼ੁਦਮੁਖ਼ਤਿਆਰੀ' ਦੇ ਬਿਰਤਾਂਤ ਨਾਲ ਜੁੜਿਆ ਹੋਇਆ ਹੈ। ਅਜੇ ਤੱਕ ਮੋਰਚੇ ਦੇ ਪ੍ਰਬੰਧਕਾਂ ਨੇ 'ਖ਼ੁਦਮੁਖ਼ਤਿਆਰੀ' ਦੀ ਗੱਲ ਹੀ ਉਭਾਰੀ ਹੈ ਪਰ ਇਹ ਬਹੁਤਾ ਸਪਸ਼ਟ ਨਹੀਂ ਕੀਤਾ ਕਿ 'ਖ਼ੁਦਮੁਖ਼ਤਿਆਰੀ' ਤੋਂ ਉਨਾਂ ਦਾ ਭਾਵ ਕੀ ਹੈ? ਜਾਂ ਕਹਿ ਲਈਏ ਕਿ ਉਨਾਂ ਦੇ ਬੋਲਾਂ ਅਤੇ ਕੰਮਾਂ ਤੋਂ ਹਾਲ ਦੀ ਘੜੀ ਖ਼ੁਦਮੁਖ਼ਤਿਆਰੀ ਸਪਸ਼ਟਤਾ ਨਾਲ ਪ੍ਰਭਾਸ਼ਿਤ ਨਹੀਂ ਹੋ ਰਹੀ। ਸ਼੍ਰੋਮਣੀ ਅਕਾਲੀ ਦਲ ਨੇ ਜਿਸ ਖ਼ੁਦਮੁਖ਼ਤਿਆਰੀ ਲਈ ਸੰਘਰਸ਼ ਲੜਿਆ ਉਹ ਵੱਧ ਅਧਿਕਾਰਾਂ ਲਈ ਸੀ ਪਰ ਉਸ ਦਾ ਵੀ ਇੱਕੋ-ਇਕਹਿਰਾ ਰੂਪ ਨਹੀਂ ਸੀ। ਉਸ ਖ਼ੁਦਮੁਖ਼ਤਿਆਰੀ ਦਾ ਇੱਕ ਰੂਪ 1973 ਵਾਲਾ ਸਰਦਾਰ ਕਪੂਰ ਸਿੰਘ ਹੋਰਾਂ ਵੱਲੋਂ ਤਿਆਰ ਕੀਤਾ ਅਨੰਦਪੁਰ ਸਾਹਿਬ ਦਾ ਮਤਾ ਸੀ ਜੋ ਕਿ ਸਿੱਖਾਂ ਦੀ ਖ਼ਾਸ ਸਿਆਸੀ ਪਛਾਣ ਨੂੰ ਤਸਲੀਮ ਕਰਨ ਅਤੇ ਉਸ ਦੀ ਮਾਨਤਾ ਦੇ ਪ੍ਰਗਟਾਵੇ ਵਜੋਂ ਖ਼ਾਸ ਸਿਆਸੀ ਪ੍ਰਬੰਧ ਸਿਰਜਣ ਦੇ ਨੁਕਤੇ ਉੱਤੇ ਕੇਂਦਰਿਤ ਸੀ। ਇਸ ਦਾ ਦੂਜਾ ਰੂਪ 1978 ਦਾ ਅਨੰਦਪੁਰ ਸਾਹਿਬ ਦਾ ਮਤਾ ਸੀ, ਜੋ ਕਿ ਵੱਧ ਅਧਿਕਾਰਾਂ ਦੀ ਗੱਲ ਕਰਦਾ ਸੀ ਅਤੇ ਜਿਸ ਵਿੱਚ ਪੰਜਾਬ ਦੀਆਂ ਰਾਜਨੀਤਿਕ, ਸਮਾਜਿਕ-ਸਭਿਆਚਾਰਕ ਅਤੇ ਆਰਥਿਕ ਮੰਗਾਂ ਸ਼ਾਮਿਲ ਸਨ।

1994 ਦਾ ਅੰਮ੍ਰਿਤਸਰ ਐਲਾਨਨਾਮਾ 'ਖ਼ੁਦਮੁਖ਼ਤਿਆਰੀ' ਦਾ ਇੱਕ ਵੱਖਰਾ ਰੂਪ ਪੇਸ਼ ਕਰਦਾ ਹੈ ਜਿਸ ਵਿੱਚ ਕਿ ਇਸ ਉਪ-ਮਹਾਂਦੀਪ ਵਿੱਚ 'ਕਨਫੈਡਰਲ' ਸਿਆਸੀ ਪ੍ਰਬੰਧ ਦੀ ਗੱਲ ਕੀਤੀ ਗਈ ਸੀ।

ਪੰਜਾਬ ਵਿੱਚ ਖ਼ੁਦਮੁਖ਼ਤਿਆਰੀ ਦਾ ਇੱਕ ਰੂਪ ਖ਼ਾਲਿਸਤਾਨ ਦੇ ਐਲਾਨਨਾਮੇ ਦੇ ਰੂਪ ਵਿੱਚ ਵੀ ਸਾਹਮਣੇ ਆਇਆ ਹੈ ਜਿਸ ਤਹਿਤ ਇੰਡੀਆ ਤੋਂ ਵੱਖਰੇ ਖ਼ਾਲਿਸਤਾਨ ਰਾਜ (ਸਟੇਟ) ਦੀ ਗੱਲ ਕੀਤੀ ਗਈ ਹੈ।

ਚੱਲ ਰਹੇ ਸੰਘਰਸ਼ ਵਿੱਚ ਖ਼ੁਦਮੁਖ਼ਤਿਆਰੀ ਦਾ ਇੱਕ ਰੂਪ ਕਿਰਸਾਨੀ ਮਾਮਲੇ ਦੀਆਂ ਹੱਦਾਂ ਦੇ ਵਿੱਚ ਵੀ ਸਾਹਮਣੇ ਆਇਆ ਹੈ ਜੋ ਕਿ ਜਿਨਸਾਂ ਦੇ ਭਾਅ ਮਿਥਣ ਬਾਰੇ ਸਵੈ-ਨਿਰਨੇ ਦਾ ਹੱਕ, ਵਣਜ ਅਤੇ ਵਪਾਰ ਦੀ ਅਜ਼ਾਦੀ ਅਤੇ ਕੁਦਰਤੀ ਸਾਧਨਾਂ ਦੇ ਹੱਕ ਦੀ ਬਹਾਲੀ ਤੱਕ ਸੀਮੀਤ ਹੈ।

ਸ਼ੰਭੂ ਮੋਰਚੇ ਸੰਬੰਧੀ ਇਹ ਗੱਲ ਵਿਚਾਰਨ ਵਾਲੀ ਹੈ ਕਿ ਖ਼ੁਦਮੁਖ਼ਤਿਆਰੀ ਦੇ ਭਾਵ ਮੋਰਚੇ ਵੱਲੋਂ ਬਹੁਤੀ ਸਪਸ਼ਟਤਾ ਨਾਲ ਪ੍ਰਭਾਸ਼ਿਤ ਨਾ ਕੀਤੇ ਹੋਣ ਕਰਕੇ ਹਾਲ ਦੀ ਘੜੀ ਤੱਕ ਖ਼ੁਦਮੁਖ਼ਤਿਆਰੀ ਦੇ ਹਰ ਭਾਵ ਦੀ ਵਨਗੀ ਦੇ ਹਾਮੀ ਇਸ ਮੋਰਚੇ ਦੀ ਹਿਮਾਇਤ ਕਰ ਰਹੇ ਹਨ। ਅਜਿਹੇ ਵਿੱਚ ਜਿੱਥੇ ਹਿਮਾਇਤ ਬਹੁਭਾਂਤੀ ਹੈ ਓਥੇ ਵਿਚਾਰਾਂ ਦੇ ਵਖਰੇਵੇਂ ਅਤੇ ਟਕਰਾਅ ਦੇ ਅਸਾਰ ਵੀ ਵਧੇਰੇ ਹਨ। ਹਾਲੀਆ ਘਟਨਾ ਦਰਸਾਉਂਦੀ ਹੈ ਕਿ ਪ੍ਰਬੰਧਕਾਂ ਨੂੰ ਹੁਣ ਇਸ ਪੱਖ ਵੱਲ ਵੀ ਧਿਆਨ ਦੇਣ ਪੈਣਾ ਹੈ।

ਸ਼ੰਭੂ ਮੋਰਚੇ ਲਈ ਇਹ ਪਹਿਲੀ ਵੱਡੀ ਪਰਖ ਆਈ ਹੈ। ਪ੍ਰਬੰਧਕ ਇਸ ਵਿਚੋਂ ਕਿਵੇਂ ਨਿਕਲਦੇ ਹਨ ਇਹ ਗੱਲ ਇਸ ਦੇ ਭਵਿੱਖ ਉੱਤੇ ਅਸਰ ਪਾਵੇਗੀ।













# Sir Speedy Tustin

Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
Guru Nanak Sikh Temple Fairfield Visit Our Website: www.FairfieldGurudwara.com
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
ਲੱਖ ਲੱਖ ਵਧਾਈ
Printed with your logo and info. One color, one location. Min. qty 1000
**19¢ each**

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Only $4.99**

## Your Printed Caps
YOUR LOGO HERE
1 color in 1 position. Min Qty. 100
**Only $4.99**

## Trip Envelopes Qty 1000
DAILY TRIP ENVELOPE
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਨਾਨਕਸ਼ਾਹੀ ਕੈਲੰਡਰ ਤੇ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ

**- ਇਕਬਾਲ ਸਿੰਘ**

ਊਠ ਦੇ ਕਾਲਪਨਿਕ ਰੱਸੇ ਦੀ ਗਾਥਾ ਕੱਲ ਆਪ ਨਾਲ ਸਾਂਝੀ ਕੀਤੀ ਸੀ, ਫਿਰ ਵੀ ਅੱਜ ਅੱਗੇ ਪੜਨ ਤੋਂ ਪਹਿਲਾਂ ਇਸ ਲਿਖਤ ਥੱਲੇ ਦਿੱਤੀ ਤਸਵੀਰ ਗਹੁ ਨਾਲ ਵੇਖ ਲਵੋ ਤਾਂ ਗੱਲ ਨਾਲ ਤੁਰਨਾ ਆਸਾਨ ਰਹੇਗਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਸਿੱਖ ਪੰਥ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਉਣ ਦੀ ਪਿਰਤ ਅਰੰਭ ਹੋਈ। ਉਸੇ ਮੁਤਾਬਕ ਸਾਡੇ ਵਿੱਚੋਂ ਬਹੁਗਿਣਤੀ, ਕੱਤਕ ਮਹੀਨੇ ਦੀ ਪੂਰਨਮਾਸ਼ੀ ਨੂੰ ਹੀ ਪ੍ਰਕਾਸ਼ ਦਿਹਾੜਾ ਮਨਾਉਂਦੀ ਹੈ।

ਇਹ ਇੱਕ ਵੱਖਰਾ ਵਿਸ਼ਾ ਹੈ ਕਿ ਮਹਾਤਮਾ ਬੁੱਧ ਤੋਂ ਲੈ ਕੇ ਭਗਤ ਕਬੀਰ ਜੀ ਤੱਕ ਅਤੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਭਗਤ ਰਵਿਦਾਸ ਤੱਕ ਬ੍ਰਾਹਮਣਵਾਦ ਨੂੰ ਟੱਕਰ ਦੇਣ ਵਾਲੇ ਹਰ ਮਹਾਂਪੁਰਖ ਦਾ ਪ੍ਰਕਾਸ਼ ਦਿਹਾੜਾ ਇੱਕ ਖ਼ਾਸ ਰਣਨੀਤੀ ਤਹਿਤ ਕਿਸੇ ਨਾ ਕਿਸੇ ਪੂਰਨਮਾਸ਼ੀ ਨੂੰ ਹੀ ਮਿੱਥ ਦਿੱਤਾ ਗਿਆ ਹੈ। ਪਰ ਆਪਾਂ ਅੱਜ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਪ੍ਰਕਾਸ਼ ਦਿਹਾੜਾ ਮੰਨ ਕੇ ਗੱਲ ਕਰਦੇ ਹਾਂ।

ਹੁਣ ਮਹੀਨਾ ਕੱਤਕ ਦਾ ਚੱਲ ਰਿਹਾ ਹੈ ਅਤੇ ਕੱਲ ਨੂੰ ਭਾਵ 31 ਅਕਤੂਬਰ ਨੂੰ ਪੂਰਨਮਾਸ਼ੀ ਹੈ, ਭਾਵ ਕੱਤਕ ਦੀ ਪੂਰਨਮਾਸ਼ੀ। ਪਰ ਦੁਨੀਆ ਭਰ ਵਿੱਚ ਕਿਸੇ ਸਿੱਖ ਦੀ ਜੁਰਅਤ ਨਹੀਂ ਕਿ ਉਹ ਕੱਲ ਨੂੰ ਪ੍ਰਕਾਸ਼ ਦਿਹਾੜਾ ਮਨਾ ਲਵੇ।

ਭਲਾ ਇਸ ਦਾ ਕੀ ਕਾਰਣ ਹੈ ? ਇਸ ਲਿਖਤ ਥੱਲੇ ਦਿੱਤੀ ਫ਼ੋਟੋ ਵਿੱਚ ਘੋੜਾ ਪਲਾਸਟਿਕ ਦੀ ਕੁਰਸੀ ਨਾਲ ਬੰਨਿਆ ਗਿਆ ਹੈ, ਹਾਲਾਂਕਿ ਘੋੜਾ ਕੁਰਸੀ ਸਮੇਤ ਦੌੜ ਸਕਦਾ ਹੈ। ਕੁਝ ਸਮੇਂ ਦੀ ਤੇਜ਼ ਦੌੜ ਨਾਲ ਕੁਰਸੀ ਤੀਲਾ-ਤੀਲਾ ਹੋ ਸਕਦੀ ਹੈ। ਪਰ ਘੋੜਾ ਕੁਰਸੀ ਨੂੰ ਜ਼ਮੀਨ ਵਿੱਚ ਗੱਡਿਆ ਡੂੰਘਾ ਕਿੱਲਾ ਸਮਝਦਾ ਹੈ। ਸਿਰਫ਼ ਘੋੜੇ ਦੇ ਗਲ਼ ਨੂੰ ਹੀ ਰੱਸਾ ਨਹੀਂ ਪਾਇਆ ਗਿਆ, ਬਲਕਿ ਘੋੜੇ ਦੀ ਸੋਚ ਨੂੰ ਵੀ ਕਾਲਪਨਿਕ ਰੱਸੇ ਨਾਲ ਜਕੜਿਆ ਹੋਇਆ ਹੈ।

ਸਾਨੂੰ ਆਪਣੀ ਗ੍ਰਿਫ਼ਤ ਵਿੱਚ ਜਕੜੀ ਬੈਠੇ ਬ੍ਰਾਹਮਣ ਦਾ ਵੀ ਸਭ ਕੁਝ ਕਾਲਪਨਿਕ ਹੈ। ਬੇਸ਼ੁਮਾਰ ਕਲਪਿਤ ਹਥਿਆਰਾਂ ਨਾਲ ਬ੍ਰਾਹਮਣ ਨੇ ਸਮਾਜ ਨੂੰ ਮਜ਼ਬੂਤੀ ਨਾਲ ਸਦੀਆਂ ਤੋਂ ਜਕੜਿਆ ਹੋਇਆ ਹੈ। ਜਾਤ-ਪਾਤ, ਸ਼ਗਨ-ਅਪਸ਼ਗਨ, ਰਾਹੂ-ਕੇਤੂ, ਸਰਾਧ, ਤੇਤੀ ਕਰੋੜ ਦੀ ਗਿਣਤੀ ਵਿੱਚ ਦੇਵੀ-ਦੇਵਤੇ-ਦੈਂਤ, ਵਗੈਰਾ ਵਗੈਰਾ ਵਗੈਰਾ ਵਗੈਰਾ ਵਗੈਰਾ ਸਭ ਕੁਝ ਕਾਲਪਨਿਕ।

ਅਚੱਲ ਜਾਇਦਾਦ ਪੱਖੋਂ ਬ੍ਰਾਹਮਣ ਤੇ ਤਥਾ ਕਥਿਤ ਸ਼ੂਦਰ ਵਿੱਚ ਬਹੁਤਾ ਫ਼ਰਕ ਨਹੀਂ ਹੁੰਦਾ ਪਰ ਸ਼ੂਦਰ ਜਿੱਥੇ ਬਾਕੀ ਸਭ ਜਾਤਾਂ ਦਾ ਗ਼ੁਲਾਮ ਬਣਕੇ ਜੂਨ ਭੋਗਦਾ ਹੈ, ਬ੍ਰਾਹਮਣ ਆਪਣੇ ਕਾਲਪਨਿਕ ਹਥਿਆਰਾਂ ਨਾਲ ਬਾਕੀ ਸਭ ਜਾਤਾਂ ਉੱਤੇ ਸਵਾਰੀ ਕਰਦਾ ਹੋਇਆ ਜ਼ਿੰਦਗੀ ਗੁਜ਼ਾਰਦਾ ਹੈ। ਬ੍ਰਾਹਮਣ ਇਹਨਾਂ ਕਾਲਪਨਿਕ ਹਥਿਆਰਾਂ ਦੀ ਸਿੱਖਿਆ ਸਿਰਫ਼ ਬ੍ਰਾਹਮਣ ਨੂੰ ਹੀ ਦਿੰਦਾ ਹੈ। ਹੋਰ ਕੋਈ ਇਹ ਭੇਦ ਪਾ ਨਹੀਂ ਸਕਦਾ।

ਜ਼ਿਮੀਂਦਾਰ ਖੇਤ ਵਿੱਚ ਹੱਲ ਚਲਾਉਣ ਤੋਂ ਪਹਿਲਾਂ, ਰਾਜ ਮਿਸਤਰੀ ਘਰ ਦੀ ਨੀਂਹ ਖੋਦਣ ਤੋਂ ਪਹਿਲਾਂ ਬ੍ਰਾਹਮਣ ਨੂੰ ਪੁੱਛਦੇ ਨੇ ਕਿ ਪੰਡਤ ਜੀ ਦੱਸੋ, ਧਰਤੀ ਸੁੱਤੀ ਹੈ ਕਿ ਜਾਗਦੀ ? ਵਿਆਹ ਲਈ, ਕਾਰੋਬਾਰ ਲਈ ਸ਼ੁੱਭ ਮਹੂਰਤ ਪੁੱਛਣ ਸਮੇਤ ਸੈਂਕੜੇ ਹਜ਼ਾਰਾਂ ਸਵਾਲ ਨੇ।

ਪੰਡਤ ਜੀ ਤੋਂ ਅਜਿਹੇ ਹਰ ਸਵਾਲ ਦਾ ਜਵਾਬ ਲੈਣ ਲਈ ਤੈਅ-ਸ਼ੁਦਾ ਫ਼ੀਸ ਅਦਾ ਕਰਨੀ ਪੈਂਦੀ ਹੈ। ਹਾਲਾਂਕਿ ਸਮਾਜ ਨੂੰ ਆਪਣੀ ਗ੍ਰਿਫ਼ਤ ਵਿੱਚ ਰੱਖਣ ਲਈ ਬ੍ਰਾਹਮਣ ਨੇ ਹੀ ਕਾਲਪਨਿਕ ਸਵਾਲ ਪੈਦਾ ਕੀਤੇ ਹੋਏ ਨੇ, ਅਸਲੀਅਤ ਵਿੱਚ ਉਹਨਾਂ ਸਵਾਲਾਂ ਦੀ ਵੀ ਕੋਈ ਹੋਂਦ ਨਹੀਂ।

ਬ੍ਰਾਹਮਣ ਦੇ ਅਜਿਹੇ ਕਾਲਪਨਿਕ ਹਥਿਆਰਾਂ ਵਿੱਚ ਬਹੁਤ ਹੀ ਅਹਿਮ ਭੂਮਿਕਾ ਨਿਭਾਉਂਦਾ ਹੈ, ਬ੍ਰਾਹਮਣ ਦਾ ਕੈਲੰਡਰ। ਜੇ ਇਹ ਕਿਹਾ ਜਾਵੇ ਕਿ ਕੈਲੰਡਰ ਹੀ ਬ੍ਰਾਹਮਣ ਦੇ ਕਾਲਪਨਿਕ ਹਥਿਆਰਾਂ ਦਾ ਕਾਰਖ਼ਾਨਾ ਹੈ ਤਾਂ ਅਤਕਥਨੀ ਨਹੀਂ ਹੋਵੇਗੀ। ਬੱਚੇ ਦੇ ਜਨਮ ਤੋਂ ਪਹਿਲਾਂ ਉਸਦੇ ਮਾਪਿਆਂ ਦੇ ਵਿਆਹ ਦੀ ਤਾਰੀਖ਼, ਘੜੀ, ਪਲ਼ ਮੁਕੱਰਰ ਕਰਨ ਤੋਂ ਲੈ ਕੇ ਉਸ ਦੇ ਮਰਨ ਤੋਂ ਮਗਰੋਂ ਅਗਲੀ ਪੀੜੀ ਤੱਕ ਚੱਲਣ ਵਾਲੇ ਸਰਾਧਾਂ ਤੱਕ ਲੋਕਾਈ ਨੂੰ ਨੋਚਣ ਲਈ ਬ੍ਰਾਹਮਣ ਸਭ ਹਥਿਆਰ ਇਸੇ ਕੈਲੰਡਰ ਵਿੱਚੋਂ ਈਜਾਦ ਕਰਦਾ ਆ ਰਿਹਾ ਹੈ। ਬ੍ਰਾਹਮਣ ਆਪਣੇ ਕੈਲੰਡਰ ਨੂੰ ਕਿਸੇ ਵੀ ਗ਼ੈਰ-ਬ੍ਰਾਹਮਣ ਦੇ ਦਿਮਾਗ਼ ਵਿੱਚ ਸਮਝ ਨਹੀਂ ਆਉਣ ਦਿੰਦਾ, ਐਨ ਬ੍ਰਾਹਮਣ ਦੀਆਂ ਬਾਕੀ ਸਭ ਸਾਜਿਸ਼ਾਂ ਵਾਂਗ, ਇਸ ਕੈਲੰਡਰ ਨੂੰ ਬ੍ਰਾਹਮਣ ਹੀ ਤਿਆਰ ਕਰ ਸਕਦਾ ਹੈ ਤੇ ਸਮਝ ਸਕਦਾ ਹੈ। ਜਿਸ ਤਰਾਂ ਈਸਵੀ ਸੰਮਤ ਵਿੱਚ ਚਾਰ ਸਾਲਾਂ ਮਗਰੋਂ ਇੱਕ ਦਿਨ ਜੋੜਨਾ ਪੈਂਦਾ ਹੈ। ਸਕੂਲ ਪੜਨ ਵਾਲੇ ਇੱਕ ਬੱਚੇ ਨੂੰ ਵੀ ਪਤਾ ਹੁੰਦਾ ਕਿ ਜਿਸ ਸਾਲ ਨੂੰ ਚਾਰ ਨਾਲ ਤਕਸੀਮ ਹੋ ਜਾਵੇ, ਉਹ ਸਾਲ ਲੀਪ ਦਾ ਹੁੰਦਾ ਹੈ ਭਾਵ ਉਸ ਸਾਲ ਦੀ ਫ਼ਰਵਰੀ 29 ਦਿਨਾਂ ਦੀ ਹੁੰਦੀ ਹੈ।

ਪਰ ਬ੍ਰਾਹਮਣ ਆਪਣੇ ਕੈਲੰਡਰ ਬਾਰੇ ਧੂੰਅ ਵੀ ਗ਼ੈਰ-



ਬ੍ਰਾਹਮਣ ਕੋਲ ਨਹੀਂ ਨਿਕਲਣ ਦਿੰਦਾ। ਬ੍ਰਾਹਮਣ ਦਾ ਕੈਲੰਡਰ ਇੰਨਾ ਨੁਕਸਦਾਰ ਹੈ ਕਿ ਇਸ ਵਿੱਚ ਦਿਨਾਂ ਦਾ ਨਹੀਂ ਮਹੀਨਿਆਂ ਦਾ ਫ਼ਰਕ ਪੈ ਜਾਂਦਾ ਹੈ, ਜਿਸ ਨੂੰ ਪੂਰਾ ਕਰਨ ਲਈ ਉਸ ਨੇ ਕਈ ਜੁਗਾੜ ਬਣਾਏ ਹੋਏ ਨੇ ਪਰ ਸਕੂਲ ਦੇ ਨਿਆਣੇ ਇੱਕ ਪਾਸੇ ਰਹੇ, ਮਜਾਲ ਆ ਬਈ ਕਿਤੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੂੰ ਵੀ ਬ੍ਰਾਹਮਣ ਦੇ ਜੁਗਾੜਾਂ ਦਾ ਕੋਈ ਅਤਾ ਪਤਾ ਹੋਵੇ।

ਇਸ ਸਾਲ ਅਸੀਂ ਗੁਰਪੁਰਬ ਕੱਤਕ ਦੀ ਪੂਰਨਮਾਸ਼ੀ, 31 ਅਕਤੂਬਰ ਦੀ ਥਾਂ ਭਲਾ ਐਨ ਇੱਕ ਮਹੀਨੇ ਮਗਰੋਂ ਮੱਘਰ ਵਿੱਚ 30 ਨਵੰਬਰ ਨੂੰ ਕਿਉਂ ਮਨਾਵਾਂਗੇ ? ਲਓ ਜਾਣੋ ਉਸ ਦਾ ਕਾਰਣ।

ਇਸ ਸਾਲ ਬ੍ਰਾਹਮਣ ਦੇ ਜੁਗਾੜ ਮੁਤਾਬਕ ਚੰਦ ਵਾਲੇ ਸਾਲ ਨੂੰ ਬਰਾਬਰ ਕਰਨ ਲਈ ਇੱਕ ਪੂਰਾ ਮਹੀਨਾ, ਚੱਲ ਰਹੇ ਸਾਲ ਵਿੱਚ ਪਾਉਣ ਦੀ ਲੋੜ ਪੈ ਗਈ। ਜਿਸ ਅਨੁਸਾਰ 31 ਅਕਤੂਬਰ ਨੂੰ ਆਈ ਕੱਤਕ ਦੀ ਪੂਰਨਮਾਸ਼ੀ ਬ੍ਰਾਹਮਣ ਨੇ ਕਾਲਪਨਿਕ ਤੇਰਵੇਂ ਮਹੀਨੇ ਦੀ ਬਲੀ ਚਾੜ ਦਿੱਤੀ; ਤੇ 30 ਨਵੰਬਰ ਵਾਲੀ ਮੱਘਰ ਦੀ ਪੂਰਨਮਾਸ਼ੀ, ਬ੍ਰਾਹਮਣ ਵੱਲੋਂ ਕੱਤਕ ਦੀ ਪੂਰਨਮਾਸ਼ੀ ਐਲਾਨ ਦਿੱਤੀ ਗਈ ਹੈ।

ਅਸੀਂ ਬ੍ਰਾਹਮਣ ਦੇ ਗ਼ੁਲਾਮ ਜੋ ਹੋਏ; ਜਿਵੇਂ ਘੋੜੇ ਨੇ ਪਲਾਸਟਿਕ ਦੀ ਕੁਰਸੀ ਨੂੰ ਸੱਚ ਸਮਝ ਲਿਆ, ਅਸੀਂ ਵੀ ਬ੍ਰਾਹਮਣ ਦੇ ਕਾਲਪਨਿਕ ਤੇਰਵੇਂ ਮਹੀਨੇ ਨੂੰ ਸੱਚ ਮੰਨ ਕੇ ਮੱਘਰ ਦੀ ਪੂਰਨਮਾਸ਼ੀ ਨੂੰ, ਕੱਤਕ ਦੀ ਪੂਰਨਮਾਸ਼ੀ ਮੰਨ ਕੇ ਗੁਰਪੁਰਬ ਮੱਘਰ ਵਿੱਚ ਮਨਾਵਾਂਗੇ।

ਬਾਲ ਅਵਸਥਾ ਵਿੱਚ ਜਗਤ ਗੁਰੂ ਨਾਨਕ ਦੇਵ ਜੀ ਨੇ ਜਿਸ ਬ੍ਰਾਹਮਣਵਾਦ ਦੀ ਬਾਂਹ ਫੜਕੇ ਜਨੇਊ ਪਹਿਨਾਉਣ ਤੋਂ ਰੋਕ ਦਿੱਤਾ ਸੀ। ਹਾਲਾਤ ਦੀ ਅਜਬ ਲੀਲਾ ਕਿ ਓਸੇ ਬ੍ਰਾਹਮਣਵਾਦ ਨੇ ਬਾਬੇ ਦੇ ਨਿਰਮਲ ਪੰਥ ਨੂੰ ਆਪਣੇ ਕਾਲਪਨਿਕ ਰੱਸਿਆਂ ਵਿੱਚ ਅਜਿਹਾ ਜਕੜਿਆ ਹੋਇਆ ਹੈ ਕਿ ਸਾਨੂੰ ਬ੍ਰਾਹਮਣ ਹੀ ਦੱਸ ਸਕਦਾ ਹੈ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਕਦੋਂ ਹੈ। ਜੋ ਤਾਰੀਖ ਓਸ ਨੇ ਦੇ ਦਿੱਤੀ, ਸਾਡੀ ਲਈ ਤ੍ਰੈ ਕਾਲ ਸਤਿ ਹੈ।

ਗੂਗਲ, ਵਿਕੀਪੀਡੀਆ ਦੇ ਦੌਰ ਵਿੱਚ ਇਸ ਲਿਖਤ ਨੂੰ ਪੜਨ ਵਾਲੇ ਹਰ ਵੀਰ-ਭੈਣ ਨੂੰ ਖੁੱਲਾ ਸੱਦਾ ਹੈ ਕਿ ਜੇ ਉਹ ਬ੍ਰਾਹਮਣ ਵੱਲੋਂ ਇਸ ਸਾਲ ਵਿੱਚ ਪਾਏ ਕਾਲਪਨਿਕ ਤੇਰਵੇਂ ਮਹੀਨੇ ਨੂੰ ਦਾਖਲ ਕਰਨ ਦਾ ਜੁਗਾੜ ਅਤੇ ਕਾਰਣ ਲੱਭ ਲੈਣ ਤਾਂ ਥੱਲੇ ਟਿੱਪਣੀ ਵਿੱਚ ਜ਼ਰੂਰ ਦੱਸਣ। ਅਜਿਹਾ ਕਰਨ ਲਈ ਬੇਨਤੀ ਇਸ ਲਈ ਕੀਤੀ ਹੈ ਤਾਂ ਕਿ ਤੁਹਾਨੂੰ ਇਹ ਅਹਿਸਾਸ ਹੋ ਜਾਵੇ ਕਿ ਬ੍ਰਾਹਮਣ ਆਪਣੀ ਹਰ ਗੱਲ ਵਾਂਗ ਕੈਲੰਡਰ ਦੀ ਤਰਤੀਬ ਵੀ ਕਿੰਨੀ ਗੁਪਤ ਰੱਖਦਾ ਹੈ ਜਿਸ ਨੂੰ ਇੰਟਰਨੈੱਟ ਤੇ ਦੋ-ਚਾਰ ਉਂਗਲੀਆਂ ਮਾਰਕੇ ਤਾਂ ਦੂਰ ਦੀ ਗੱਲ, ਦੋ-ਚਾਰ ਘੰਟੇ ਲਗਾਕੇ ਵੀ ਨਹੀਂ ਲੱਭਿਆ ਜਾ ਸਕਦਾ। ਹਾਂ; ਜੇ ਗੂਗਲ ਬਾਬਾ ਵੀ ਜਵਾਬ ਨਾ ਦੱਸ ਸਕੇ ਤਾਂ ਸਿਰਫ਼ ਜਾਣਕਾਰੀ ਲੈਣ ਲਈ ਬੇਝਿਜਕ ਹੋ ਕੇ ਨਿੱਜੀ ਤੌਰ ਤੇ ਕੋਈ ਵੀ ਮੇਰੇ ਨਾਲ ਸੰਪਰਕ ਕਰ ਸਕਦਾ ਹੈ।

1997-98 ਵਿੱਚ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੰਥਕ ਜਥੇਬੰਦੀਆਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਤੋਂ ਪਹਿਲਾਂ ਵਿਚਾਰ ਕਰ ਰਹੀਆਂ ਸਨ ਤਾਂ ਮੁਗ਼ਲ ਕਾਲ ਤੋਂ ਅੰਗਰੇਜ਼ੀ ਰਾਜ ਤੱਕ ਵੱਖ-ਵੱਖ ਹਕੂਮਤਾਂ ਦੌਰਾਨ ਵੀ ਆਪਣੀ ਬਰਾਬਰ ਦੀ ਸਲਤਨਤ ਚਲਾਉਣ ਵਾਲੇ ਕਰੂਰਦ੍ਰਿਸ਼ਟ ਅਤੇ ਦੂਰਦ੍ਰਿਸ਼ਟ ਬ੍ਰਾਹਮਣ ਨੇ ਨਾਨਕਸ਼ਾਹੀ ਕੈਲੰਡਰ ਦੇ ਦੂਰਗਾਮੀ ਸਿੱਟਿਆਂ ਦਾ ਅੰਦਾਜ਼ਾ ਲਾਉਂਦੇ ਹੋਏ ਆਪਣੇ ਘੁਸਪੈਠੀਆਂ ਦੀ ਖ਼ਾਸ ਫ਼ੌਜ ਭਾਵ ਚਿੱਟੀ ਸਿਉਂਕ ਨੂੰ ਕੈਲੰਡਰ ਲਾਗੂ ਕਰਨ ਤੋਂ ਰੋਕਣ ਲਈ ਸਰਗਰਮ ਕਰ ਦਿੱਤਾ, ਪਰ ਜਿਉਂ ਹੀ ਬ੍ਰਾਹਮਣ ਨੂੰ ਅਹਿਸਾਸ ਹੋਇਆ ਕਿ ਹੁਣ ਖਾਲਸਾ ਪੰਥ ਨੇ ਪਿੱਛੇ ਨਹੀਂ ਮੁੜਨਾ ਤਾਂ ਉਸ ਨੇ ਇੱਕ ਹੋਰ ਪੱਤਾ ਖੇਡਿਆ, ਬਦਕਿਸਮਤੀ ਨਾਲ ਸਾਡੇ ਪੰਥਕ ਆਗੂ ਅਤੇ ਵਿਦਵਾਨ ਉਸਦੀ ਚਾਲ ਨੂੰ ਹਮੇਸ਼ਾ ਵਾਂਗ ਹੀ ਸਮਝਣ ਤੋਂ ਅਸਮਰਥ ਰਹੇ। ਚਿੱਟੀ ਸਿਉਂਕ ਨੇ ਚਤੁਰਾਈ ਨਾਲ ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਦੇ ਬਾਵਜੂਦ ਦੀਵਾਲੀ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀਆਂ ਤਾਰੀਖ਼ਾਂ ਮਿਥਣ ਦਾ ਅਧਿਕਾਰ ਅਗਲੇ 10 ਸਾਲ ਲਈ ਬ੍ਰਾਹਮਣ ਕੋਲ ਹੀ ਰਹਿਣ ਦੀ ਜ਼ਿੱਦ ਪੁਗਾ ਲਈ। ਅਤੇ ਜੀ; ਅਗਲੇ 10 ਸਾਲਾਂ ਵਿੱਚ ਪੰਥ ਵਿੱਚ ਇਹਨਾਂ ਦੋ ਦਿਹਾੜਿਆਂ ਲਈ ਸਹਿਮਤੀ ਪੈਦਾ ਕਰ ਲਈ ਜਾਵੇਗੀ।

ਬ੍ਰਾਹਮਣ ਨੇ ਚਿੱਟੀ ਸਿਉਂਕ ਤੋਂ ਖ਼ਾਸ ਤੌਰ ਤੇ ਇਹੀ ਦਿਹਾੜੇ ਨਾਨਕਸ਼ਾਹੀ ਕੈਲੰਡਰ ਦੀ ਸਹਿਮਤੀ ਮਗਰੋਂ ਆਪਣੇ ਲਈ ਰਾਖਵੇਂ ਕਰਵਾਏ ਕਿਉਂਕਿ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜਨੇਊ ਵਾਲੀ ਘਟਨਾ ਤੋਂ ਹੀ ਬ੍ਰਾਹਮਣ ਖਾਰ ਖਾਂਦਾ ਆ ਰਿਹਾ ਹੈ। ਉੱਥੇ ਦੂਜੇ ਪਾਸੇ ਸਿੱਖਾਂ ਦੀ ਦੀਵਾਲੀ ਜੇਕਰ ਹਿੰਦੂਆਂ ਤੋਂ ਵੱਖਰੀ ਹੋ ਜਾਂਦੀ ਤਾਂ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਹਮੇਸ਼ਾ ਲਈ ਪੱਕੀ ਲਕੀਰ ਖਿੱਚੀ ਜਾਣੀ ਸੀ। ਇੱਕ ਦਿਹਾੜਾ ਉਸ ਸਤਿਗੁਰੂ ਦਾ ਸੀ ਜਿਸ ਨੇ ਜਨੇਊ ਨਾ ਪਹਿਣਕੇ ਬ੍ਰਾਹਮਣ ਦੀ ਗ਼ੁਲਾਮੀ ਕਬੂਲਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਦੂਜਾ ਦਿਹਾੜਾ ਉਸ ਗੁਰੂ ਸਾਹਿਬ ਦਾ ਸੀ ਜਿਸ ਨੇ ਦੀਵਾਲੀ ਵਾਲੇ ਦਿਨ 52 ਕੈਦੀ ਰਾਜਿਆਂ ਨੂੰ ਮੁਕਤ ਕਰਵਾਇਆ ਸੀ।

ਪਰ ਬਦਕਿਸਮਤੀ ਕਿ ਆਪ ਮੁਕਤ ਤੇ ਹੋਰਾਂ ਨੂੰ ਮੁਕਤ ਕਰਨ ਵਾਲੇ ਗੁਰੂ ਸਾਹਿਬਾਨ ਵੱਲੋਂ ਸਾਜੇ ਸਿੱਖ ਪੰਥ ਦੇ ਆਗੂ ਨਾਨਕਸ਼ਾਹੀ ਕੈਲੰਡਰ ਕਾਇਮ ਹੋਣ ਦੇ ਬਾਵਜੂਦ ਆਪਣੇ ਗੁਰੂ ਸਾਹਿਬਾਨ ਨਾਲ ਜੁੜੇ ਇਹ ਦੋ ਦਿਹਾੜੇ ਬ੍ਰਾਹਮਣ ਤੋਂ ਮੁਕਤ ਨਾ ਕਰਵਾ ਸਕੇ।

1998-99 ਤੋਂ 10 ਸਾਲ ਅੰਦਰ ਦੋਵਾਂ ਦਿਹਾੜਿਆਂ ਤੇ ਸਹਿਮਤੀ ਕਾਇਮ ਕਰਕੇ ਬ੍ਰਾਹਮਣ ਤੋਂ ਮੁਕਤ ਤਾਂ ਕੀ ਕਰਨਾ ਸੀ ਸਗੋਂ ਸਿਰਸੇ ਵਾਲੇ ਦੇ ਚੇਲੇ ਤੇ ਕਮਬੁੱਧੀ ਲਾਡਲੇ ਨੂੰ ਪੰਥ ਦੀ ਵਾਗ-ਡੋਰ ਸੰਭਾਲ਼ ਕੇ ਇੰਨੀ ਤਾਕਤ ਦੇ ਦਿੱਤੀ ਗਈ ਕਿ ਦਹਾਕਿਆਂ ਦੀ ਮਿਹਨਤ ਅਤੇ ਸਾਲਾਂ ਦੀ ਸੋਚ ਵਿਚਾਰ ਮਗਰੋਂ ਪੰਥ ਨੇ ਜਿਸ ਬ੍ਰਾਹਮਣਵਾਦੀ ਕੈਲੰਡਰ ਨੂੰ ਥੁੱਕਦੇ ਹੋਏ, ਨਾਨਕਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਸੀ। ਉਸ ਕਮਬੁੱਧੀ ਲਾਡਲੇ ਨੇ ਸਿਰਫ਼ ਇੱਕ ਫ਼ੋਨ ਕਾਲ ਕਰਕੇ ਹੀ ਪੰਥ ਵੱਲੋਂ ਥੁੱਕਿਆ ਬ੍ਰਾਹਮਣੀ ਕੈਲੰਡਰ ਮੁੜ ਚੱਟਣ ਲਈ ਮਜਬੂਰ ਕਰ ਦਿੱਤਾ। ਦੋ ਦਿਹਾੜਿਆਂ ਤੇ ਸਹਿਮਤੀ ਤਾਂ ਕੀ ਬਣਨੀ ਸੀ, ਬਾਕੀ ਦਿਹਾੜੇ ਵੀ ਮੁੜ ਪੰਡਤ ਜੀ ਦੀ ਝੋਲੀ ਪਾ ਆਏ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬ੍ਰਾਹਮਣਵਾਦੀ ਕੈਲੰਡਰ ਨੂੰ ਰੱਦ ਕਰ ਦਿੱਤਾ ਗਿਆ ਸੀ, ਠੀਕ ਓਵੇਂ ਹੀ ਸਿਰਸੇ ਆਲੇ ਨਾਲ਼ੋਂ ਹਰ ਨਾਤਾ ਤੋੜਨ ਲਈ ਆਖ ਦਿੱਤਾ ਗਿਆ ਸੀ। ਪਿਤਾ ਸਮਾਨ ਭਾਪੇ ਦੇ ਕਮਬੁੱਧੀ ਪੁੱਤਰ ਦੇ ਡਹੇ ਚੜਕੇ ਸਿਰਸੇ ਆਲੇ ਨੂੰ ਮਾਫ਼ ਕਰਨ ਵਾਲੇ ਅਤੇ ਥੁੱਕੇ ਬ੍ਰਾਹਮਣੀ ਕੈਲੰਡਰ ਨੂੰ ਮੁੜ ਮੁੜ ਚੱਟਣ ਵਾਲਿਆਂ ਨੂੰ ਤਵਾਰੀਖ ਦੋਸ਼ੀਆਂ ਦੀ ਕਤਾਰ ਵਿੱਚ ਹੀ ਰੱਖੇਗੀ। ਇਹ ਯਾਦ ਰਹੇ !

ਹਾਲਾਤ ਦਾ ਮਜ਼ਾਕ ਵੇਖੋ; ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਬ੍ਰਾਹਮਣ ਦੇ ਪਖੰਡ ਦੇ ਪਰਦੇ ਉਧੇੜਦੇ ਆਖਦੇ ਹਨ, 'ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥' ਬਹੁਤ ਲੋਕ ਵੰਨ ਸੁਵੰਨੇ ਲੇਬਲ ਲਾਕੇ ਆਪਣੇ ਆਪ ਨੂੰ ਪੰਥਕ ਹੋਣ ਦਾ ਪਖੰਡ ਕਰਦੇ ਹੋਏ, ਕਮਬੁੱਧੀ ਲਾਡਲੇ ਨੂੰ ਉਸ ਦੇ ਪਿਤਾ ਸਮਾਨ ਭਾਪੇ ਸਮੇਤ, ਲੋਕਾਂ ਸਾਹਮਣੇ ਤਾਂ ਗਾਲਾਂ ਕੱਢਦੇ ਰਹਿੰਦੇ ਹਨ ਪਰ ਅੰਦਰੋਂ ਉਹ ਵੀ ਇਸੇ ਕਮਬੁੱਧੀ ਲਾਡਲੇ ਵੱਲੋ ਲਿਆਂਦੇ ਕੈਲੰਡਰ ਨੂੰ ਪ੍ਰਵਾਨ ਕਰਦੇ ਹਨ। ਇੱਥੇ ਹੀ ਬੱਸ ਨਹੀਂ ਜੋ ਇਹਨਾਂ ਦੇ ਲਾਡਲੇ ਤੋਂ ਬਾਗ਼ੀ ਹੋ ਕੇ ਥੁੱਕਿਆ ਚੱਟਣ ਤੋਂ ਇਨਕਾਰੀ ਹਨ, ਉਹਨਾਂ ਨੂੰ ਸੰਜਮੁ ਤੁਰਕਾਂ ਭਾਈ ਵਾਲੀ ਮਰਿਯਾਦਾ ਨਿਭਾਉਂਦੇ ਹੋਏ ਮੰਦੇ ਖ਼ਿਤਾਬ ਦੇਣ ਲੱਗੇ ਵੀ ਇਹ ਪਲ ਨਹੀਂ ਲਾਉਂਦੇ।

ਖ਼ੈਰ ਗੱਲ ਲਾਂਭੇ ਚਲੀ ਗਈ, ਮੁਹਾਰਾਂ ਮੋੜੀਏ ਘੋੜੇ ਵੱਲ, ਸਰੀਰਕ ਗ਼ੁਲਾਮੀ ਤੋੜਨੀ ਸੌਖੀ ਹੈ, ਜੇ ਘੋੜਾ ਚਾਹੇ ਤਾਂ ਅਸਲੀ ਕਿੱਲਾ ਵੀ ਪੁੱਟ ਕੇ ਭੱਜ ਸਕਦਾ ਪਰ ਮਾਨਸਿਕ ਗ਼ੁਲਾਮੀ ਵਿੱਚੋਂ ਨਿਕਲਣਾ ਨਾਮੁਮਕਿਨ ਹੈ। ਸਾਡੇ ਕਿਸੇ ਵਿੱਚ ਹਿੰਮਤ ਨਹੀਂ ਕਿ ਬ੍ਰਾਹਮਣ ਦੇ ਕਾਲਪਨਿਕ ਮਹੀਨੇ ਨੂੰ ਰੱਦ ਕਰਦੇ ਹੋਏ ਗੁਰਪੁਰਬ, ਕੱਤਕ ਦੀ ਪੂਰਨਮਾਸ਼ੀ, 31 ਅਕਤੂਬਰ ਨੂੰ ਮਨਾ ਸਕੀਏ।

ਮੰਨੋ ਭਾਵੇਂ ਨਾ ਪਰ ਅਸੀਂ ਗੁਰਬਾਣੀ ਵਿੱਚ ਭਗਤ ਕਬੀਰ ਜੀ ਦੀ ਪੰਕਤੀ ਦੇ ਪਹਿਲੇ ਅੱਧ ਨੂੰ ਸੰਪੂਰਨ ਸੱਚ ਮੰਨ ਲਿਆ ਹੈ। 'ਕਬੀਰ ਬਾਮਨੁ ਗੁਰੂ ਹੈ ਜਗਤ ਕਾ॥' ਇਸੇ ਲਈ ਅਸੀਂ ਉਸ ਬ੍ਰਾਹਮਣਵਾਦ ਤੋਂ ਮੁਕਤ ਨਹੀਂ ਹੋਣਾ ਚਾਹੁੰਦੇ। ਕਬੀਰ ਜੀ ਇਸੇ ਪੰਕਤੀ ਦੇ ਦੂਜੇ ਅੱਧ ਵਿੱਚ ਐਲਾਨ ਕਰਦੇ ਹੋਏ ਆਖਦੇ ਹਨ ਕਿ ਹੋਵੇਗਾ ਬ੍ਰਾਹਮਣ, ਦੁਨੀਆ ਦਾ ਗੁਰੂ ਪਰ ਭਗਤ ਉਸਦੇ ਗੁਲਾਮ ਨਹੀਂ ਹਨ। 'ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥' ਸਾਡੀ ਕਹਾਣੀ ਉਲਟ ਹੈ। ਜਿਸ ਬ੍ਰਾਹਮਣ ਨੂੰ ਬਾਣੀ 'ਮੂਰਖ ਬਾਮਣ, ਦੁਸਟੁ ਬ੍ਰਾਹਮਣ, ਹਿੰਦੂ ਅੰਨਾ' ਆਖ ਸੰਬੋਧਨ ਕਰਦੀ ਹੈ। ਅਸੀਂ ਉਸੇ ਬ੍ਰਾਹਮਣ ਦੇ ਕੈਲੰਡਰ ਨੂੰ ਵਾਰ ਵਾਰ ਮਾਨਤਾ ਦੇ ਰਹੇ ਹਾਂ ਜਿਸ ਨੂੰ ਸਿਵਾਏ ਬ੍ਰਾਹਮਣ ਦੇ ਕੋਈ ਹੋਰ ਤਿਆਰ ਹੀ ਨਹੀਂ ਕਰ ਸਕਦਾ। ਅੰਨੇ ਨੂੰ ਅੰਨੇ ਹੀ ਆਗੂ ਮੰਨ ਸਕਦੇ ਨੇ: 'ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥' ਜਿਵੇਂ ਵੇਖਣ ਵਿੱਚ ਆਇਆ ਕਿ ਬਹੁਤੀ ਵਾਰੀ ਬ੍ਰਾਹਮਣ ਦੇ ਪਿਛਲੱਗ, ਪੰਡਤ ਜੀ ਦੀ ਦੱਸੀ ਤਾਰੀਖ਼ ਨੂੰ ਅੰਗਰੇਜ਼ੀ ਮਹੀਨੇ ਨਾਲ ਬੰਨਕੇ ਛੇ ਜਾਂ ਅੱਠ ਸੁਦੀ ਨੂੰ ਪੋਹ ਸੁਦੀ 7 ਸਮਝਕੇ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ ਮਨਾਈ ਜਾਣਗੇ। ਬ੍ਰਾਹਮਣ ਦੇ ਕੈਲੰਡਰ ਵਿੱਚ ਤਾਰੀਖ਼ਾਂ ਦੀ ਗਿਣਤੀ ਇੰਨੀ ਸੌਖੀ ਨਹੀਂ ਕਿ ਕੋਈ 7 ਤੱਕ ਵੀ ਉਸ ਦੀ ਮਦਦ ਤੋਂ ਬਗੈਰ ਗਿਣ ਲਵੇ।

ਕਬੀਰ ਜੀ ਦੀਆਂ ਨਜ਼ਰਾਂ ਵਿੱਚ ਬ੍ਰਾਹਮਣ ਤੋਂ ਮੁਕਤ ਭਗਤ ਹੀ ਹੋ ਸਕਦਾ ਹੈ ਪਰ ਅੱਜ ਸਾਡਾ ਹਾਲ ਇਹ ਹੈ ਕਿ ਬ੍ਰਾਹਮਣ ਦੇ ਕਾਲਪਨਿਕ ਰੱਸਿਆਂ ਤੋਂ ਜੇ ਕੋਈ ਸਾਨੂੰ ਬਾਹਰੀ ਤੌਰ ਤੇ ਆਜ਼ਾਦ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਸਾਡੇ ਲੋਕ ਹੀ ਅੱਤਵਾਦੀ , ਵੱਖਵਾਦੀ ਐਲਾਨਣ ਵਿੱਚ ਪਲ ਨਹੀਂ ਲਾਉਂਦੇ ਤੇ ਜੇ ਕੋਈ ਬੌਧਿਕ ਪੱਧਰ ਤੇ ਮੁਕਤ ਕਰਵਾਉਣ ਦੀ ਕੋਸ਼ਿਸ਼ ਵਿੱਚ ਕੌਮੀ ਕੈਲੰਡਰ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਅਸੀਂ ਉਸਨੂੰ ਕਾਮਰੇਡ ਕੌਡੀ ਦਾ ਬੰਦਾ ਅਤੇ ਹੋਰ ਪਤਾ ਨਹੀਂ ਕੀ ਕੀ ਆਖ ਚਿੜਾਉਂਦੇ ਹਾਂ।

ਤੇ ਉਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਗੁਰੂ ਸਾਹਿਬਾਨ ਨੇ ਪਹਿਲੇ ਜਾਮੇ ਦੀ ਬਾਲ ਅਵਸਥਾ ਵਿੱਚ ਬ੍ਰਾਹਮਣ ਨੂੰ ਇੱਕ ਧਾਗੇ ਦਾ ਜਨੇਊ ਪਾਉਣ ਤੋਂ ਰੋਕਣ ਤੋਂ ਲੈ ਦਸਵੇਂ ਜਾਮੇ ਵਿੱਚ ਬਿਪਰਨ ਕੀ ਰੀਤਿ ਤੋਂ ਦੂਰ ਰਹਿਣ ਦੀ ਤਾੜਨਾ ਕਰਦੇ ਹੋਏ ਸਿੱਖ ਨਾਲ ਆਪਣਾ ਰਿਸ਼ਤਾ ਖ਼ਤਮ ਕਰਨ ਦੀ ਚਿਤਾਵਨੀ ਦਿੰਦੇ ਹੋਏ ਹਰ ਜਾਮੇ ਵਿੱਚ ਸਿੱਖ ਨੂੰ ਬ੍ਰਾਹਮਣਵਾਦ ਤੋਂ ਮੁਕਤ ਰੱਖਣ ਲਈ ਯਤਨ ਕੀਤੇ। ਅਸੀਂ ਉਹਨਾਂ ਗੁਰੂ ਸਾਹਿਬਾਨ ਨੂੰ ਵੀ ਬ੍ਰਾਹਮਣੀ ਰੱਸਿਆਂ ਦੇ ਹੱਕ ਵਿੱਚ ਗਵਾਹ ਵਜੋਂ ਖੜੇ ਕਰ ਲੈਂਦੇ ਹਾਂ। ਅਖੇ ਜੀ ਇਸ ਦੇਸ਼ ਲਈ ਗੁਰੂ ਸਾਹਿਬਾਨ ਨੇ ਇੰਨੀਆਂ ਕੁਰਬਾਨੀਆਂ ਕੀਤੀਆਂ, ਸੱਚਾ ਸਿੱਖ ਕਦੇ ਇਸ ਨੂੰ ਤੋੜਨ ਬਾਰੇ ਨਹੀਂ ਸੋਚ ਸਕਦਾ। ਅਖੇ ਜੇ ਗੁਰੂ ਸਾਹਿਬ ਰਾਜ ਚਾਹੁੰਦੇ ਤਾਂ ਉਹ ਬਹਾਦਰ ਸ਼ਾਹ ਦੀ ਥਾਂ ਭਾਈ ਦਯਾ ਸਿੰਘ ਨੂੰ ਦਿੱਲੀ ਦੇ ਤਖ਼ਤ ਤੇ ਬੈਠਾ ਦਿੰਦੇ। ਅਖੇ ਜੀ ਗੁਰੂ ਸਾਹਿਬਾਨ ਵੀ ਬ੍ਰਾਹਮਣ ਦੇ ਕੈਲੰਡਰ ਨੂੰ ਮੰਨਦੇ ਆਏ ਹਨ, ਸੱਚਾ ਸਿੱਖ ਕਦੇ ਵੀ ਹੋਰ ਕੈਲੰਡਰ ਲਾਗੂ ਨਹੀਂ ਹੋਣ ਦੇਵੇਗਾ। ਅਖੇ ਜੇ ਗੁਰੂ ਸਾਹਿਬ ਚਾਹੁੰਦੇ ਤਾਂ ਉਹ ਕੈਲੰਡਰ ਵੀ ਤਿਆਰ ਕਰ ਸਕਦੇ ਸਨ। ਇਹ ਸਭ ਸਾਡੀਆਂ ਹਾਸੋਹੀਣੀਆਂ ਢੁੱਚਰਾਂ ਨੇ ਤਾਂ ਕਿ ਕਿਤੇ ਕੋਈ ਸਾਡੇ ਗੱਲੋਂ ਬ੍ਰਾਹਮਣੀ ਰੱਸਾ ਖੋਲਣ ਦੀ ਜੁਰਅਤ ਨਾ ਕਰੇ। ਫਿਰ ਭਲਾ ਸਾਡਾ ਆਪਣੇ ਜਗਤ ਗੁਰੂ ਬ੍ਰਾਹਮਣ ਤੋਂ ਬਿਨਾਂ ਗੁਜ਼ਾਰਾ ਕਿਵੇਂ ਹੋਊ ?

ਬ੍ਰਾਹਮਣ ਦੇ ਕਾਲਪਨਿਕ ਰੱਸਿਆਂ ਨਾਲ ਸਾਨੂੰ ਭਾਰੀ ਮੋਹ ਹੋ ਗਿਆ ਹੈ। ਇਸੇ ਲਈ ਅਸੀਂ ਬ੍ਰਾਹਮਣ ਦੀ ਵਾਰ-ਵਾਰ ਬਾਂਹ ਫੜਕੇ ਰੋਕਣ ਵਾਲੇ ਗੁਰੂ ਬਾਬੇ ਦਾ ਪ੍ਰਕਾਸ਼ ਦਿਹਾੜਾ ਵੀ 30 ਨਵੰਬਰ ਨੂੰ ਦੱਸੀ ਬ੍ਰਾਹਮਣ ਦੀ ਕਾਲਪਨਿਕ ਕੱਤਕ ਦੀ ਪੂਰਨਮਾਸ਼ੀ (ਜੋ ਕਿ ਮੱਘਰ ਦੀ ਪੂਰਨਮਾਸ਼ੀ ਹੈ, 16-17 ਮੱਘਰ) ਨੂੰ ਹੀ ਮਨਾਵਾਂਗੇ। ਮਨਾਵਾਂਗੇ ਬਾਬੇ ਦਾ ਪ੍ਰਕਾਸ਼ ਦਿਹਾੜਾ ਪਰ ਕਹਿ ਇਹੀ ਰਹੇ ਹੋਵਾਂਗੇ ਬ੍ਰਾਹਮਣ ਹੀ ਸਾਡਾ ਗੁਰੂ ਹੈ। ਸਾਡੀ ਤ੍ਰਾਸਦੀ !

ਕਿਉਂਕਿ ਅਸੀਂ ਕਬੀਰ ਜੀ ਦੇ ਕਥਨ ਵਾਲੇ ਭਗਤ ਨਹੀਂ, ਇਸ ਲਈ ਦੁਨੀਆ ਦੀ ਚਾਲ 'ਬਾਮਨੁ ਗੁਰੂ ਹੈ ਜਗਤ ਕਾ' ਨਾਲ ਕਦਮ ਮਿਲਾ ਕੇ ਚੱਲਣ ਵਿੱਚ ਹੀ ਸਾਨੂੰ ਭਲਾਈ ਲੱਗਦੀ ਹੈ। ਬ੍ਰਾਹਮਣ ਤੋਂ ਪੁੱਛਕੇ ਅੱਧੀ ਰਾਤ ਵੇਲੇ ਦੱਸੀ ਸ਼ੁਭ ਘੜੀ ਨੂੰ ਫੇਰੇ ਲੈਣ ਵਾਲੇ ਆਮ ਹਿੰਦੂਆਂ ਅਤੇ ਬ੍ਰਾਹਮਣ ਨੂੰ ਧਰਤੀ ਸੁੱਤੀ/ਜਾਗਦੀ ਬਾਰੇ ਪੁੱਛਕੇ ਹਲ਼ ਚਲਾਉਣ ਵਾਲੇ ਕਿਸਾਨ ਤੋਂ ਅਸੀਂ ਵੱਖਰੇ ਨਹੀਂ ਹਾਂ। ਅਸੀਂ ਵੀ ਉਸੇ ਤੋਂ ਪੁੱਛਦੇ ਹਾਂ ਕਿ ਦੱਸੋ ਪੰਡਤ ਜੀ, ਅਸੀਂ ਆਪਣੇ ਗੁਰੂ ਸਾਹਿਬਾਨ ਦਾ ਪ੍ਰਕਾਸ਼ ਦਿਹਾੜਾ ਕਦੋਂ ਮਨਾਈਏ। ਭਾਵੇਂ ਉਹ ਮੱਘਰ ਦੀ ਪੂਰਨਮਾਸ਼ੀ ਨੂੰ ਹੀ ਕਹਿ ਦੇਵੇ ਤਾਂ ਅਸੀਂ ਸਤਿਬਚਨ ਆਖ ਕੇ ਮੱਘਰ ਨੂੰ ਹੀ ਮਨਾਵਾਂਗੇ।

ਕੱਲ ਸਾਂਝੀ ਕੀਤੀ ਕਹਾਣੀ ਵਿੱਚ ਊਠ ਨੇ ਤਾਂ ਕਾਲਪਨਿਕ ਰੱਸੇ ਖੁੱਲਣ ਸਾਰ ਅਗਲਾ ਸਫ਼ਰ ਅਰੰਭ ਕਰ ਦਿੱਤਾ ਸੀ। ਜਾਨਵਰ ਹੀ ਰਿਹਾ ਨਾ ਕਿਸੇ ਥਾਂ ਦਾ; ਉਸ ਵਿਚਾਰੇ ਕੋਲ ਕਿਹੜਾ ਪਿਤਾ ਸਮਾਨ ਭਾਪਾ ਜੀ ਦਾ ਰੌਸ਼ਨ ਦਿਮਾਗ ਪੁੱਤਰ ਸੀ ਅਗਵਾਈ ਦੇਣ ਲਈ ਜੋ ਕਹਿੰਦਾ ਹੈ ਕਿ ਬੱਸ ਬੰਨੇ ਰਹੋ ਬ੍ਰਾਹਮਣ ਦੇ ਕਾਲਪਨਿਕ ਰੱਸਿਆਂ ਵਿੱਚ, ਬ੍ਰਾਹਮਣ ਦੇ ਪੈਰਾਂ ਵਿੱਚ ਡਿੱਗੇ ਥੁੱਕਿਆ ਚੱਟੀ ਜਾਓ, ਕੋਈ ਖੋਲਣ ਆਵੇ ਤਾਂ ਮਾਰੋ ਦੁਲੱਤੀਆਂ, ਵੱਖਵਾਦੀਆਂ, ਅੱਤਵਾਦੀਆਂ, ਕਾਮਰੇਡਾਂ ਦੇ !

# ਪੰਜਾਬ ਦੀ ਬਰਬਾਦੀ ਲਈ ਜ਼ਿੰਮੇਵਾਰ ਫ਼ਸਲੀ ਚੱਕਰ ਦੀ ਕਹਾਣੀ 1949

- ਸਿੱਖ ਸਿਆਸਤ ਬਿਊਰੋ

ਪੰਜਾਬ ਭਾਰਤ ਦੇ ਖੇਤਰਫਲ ਦਾ 1.53% ਹੁੰਦਿਆਂ ਹੋਇਆਂ ਕੇਂਦਰੀ ਅਨਾਜ ਭੰਡਾਰ ਵਿਚ 28 ਤੋਂ 30 ਫ਼ੀਸਦੀ ਕਣਕ, ਝੋਨੇ ਦਾ ਹਿੱਸਾ ਪਾ ਰਿਹਾ ਹੈ। ਕਣਕ, ਝੋਨੇ ਦੇ ਫ਼ਸਲੀ ਚੱਕਰ ਨੇ ਪੰਜਾਬ ਵਿਚਲੀ ਫ਼ਸਲੀ ਵਿਭਿੰਨਤਾ ਜੋ ਸਦੀਆਂ ਤੋਂ ਤੁਰੀ ਆ ਰਹੀ ਸੀ ਨੂੰ ਖ਼ਤਮ ਕਰ ਦਿੱਤਾ ਹੈ। ਫ਼ਸਲੀ ਵਿਭਿੰਨਤਾ ਦੇ ਖ਼ਾਤਮੇ ਨੇ ਲੰਬੇ ਦੌਰ ਵਿਚ ਪੰਜਾਬ ਦੀ ਆਰਥਿਕਤਾ ਤੇ ਵਾਤਾਵਰਣ ਤੇ ਗੰਭੀਰ ਸੱਟ ਮਾਰੀ ਹੈ। ਭੁੱਖ ਨਾਲ ਤ੍ਰਾਹ ਤ੍ਰਾਹ ਕਰ ਰਹੇ ਭਾਰਤ ਨੇ ਹਰੀ ਕ੍ਰਾਂਤੀ ਲਿਆਉਣ ਲਈ ਪੰਜਾਬ ਚੁਣਿਆ। ਵੰਡ ਕਾਰਨ ਉੱਜੜੀ ਸਿੱਖ ਕਿਸਾਨੀ ਅਜੇ ਪੈਰਾਂ ਤੇ ਖੜੀ ਹੋ ਰਹੀ ਸੀ ਤਾਂ ਵਿਦੇਸ਼ਾਂ ਤੋਂ ਬੀਜ ਤੇ ਖਾਦ ਮੰਗਵਾ ਕੇ ਇਹਨਾਂ ਕਿਸਾਨਾਂ ਨੂੰ ਹਰੀ ਕ੍ਰਾਂਤੀ ਵੱਲ ਧੱਕ ਦਿੱਤਾ ਗਿਆ।

ਹਾਕਮ ਜਾਣਦਾ ਸੀ ਕਿ ਬਾਰ, ਲਾਇਲਪੁਰ, ਹਨੂੰਮਾਨਗੜ, ਗੰਗਾਨਗਰ ਆਦਿ ਉਜਾੜਾਂ ਭਰੇ ਖ਼ਿੱਤਿਆਂ ਨੂੰ ਸਮਤਲ ਕਰਨ ਵਿਚ ਮਾਹਰ ਸਿੱਖ ਕਿਸਾਨੀ ਹੀ ਹਰੀ ਕ੍ਰਾਂਤੀ ਦਾ ਭਾਰ ਝੱਲ ਸਕੇਗੀ। ਇਕ ਦਮ ਝਾੜ ਅਤੇ ਕੀਮਤਾਂ ’ਚ ਵਾਧਾ ਪੰਜਾਬ ਦੇ ਕਿਸਾਨਾਂ ਲਈ ਲੁਭਾਉਣਾ ਸੀ। ਸਰਕਾਰ ਨੇ ਕਿਸਾਨਾਂ ਦੀ ਆਮਦਨ ਨਿਸ਼ਚਿਤ ਕਰਨ ਹਿਤ ਘੱਟੋ ਘੱਟ ਸਮਰਥਨ ਮੁੱਲ ਤਹਿ ਕਰਕੇ ਮੰਡੀ ਸਿਸਟਮ ਅਤੇ ਭਾਰਤੀ ਖਾਦ ਨਿਗਮ ਬਣਾਇਆ। ਪਰ ਇਹ ਆਮਦਨ ਜ਼ਿਆਦਾ ਦੇਰ ਟਿਕਣ ਵਾਲੀ ਨਹੀਂ ਸੀ। ਪੰਜਾਬ ਦੇ ਨੀਤੀਘਾੜੇ ਦਿੱਲੀ ਦੀ ਚਲਾਕੀ ਸਮਝਣ ਵਿਚ ਨਾਕਾਮਯਾਬ ਰਹੇ।

ਏਨੀ ਵੱਡੀ ਗਿਣਤੀ ਚ ਲੋਕਾਂ ਦਾ ਢਿੱਡ ਭਰਨ ਲਈ ਕਣਕ, ਝੋਨੇ ਦੀ ਜ਼ਰੂਰਤ ਸੀ। ਸਰਕਾਰ ਨੇ ਇਹਨਾਂ ਦੋ ਫ਼ਸਲਾਂ ਤੋਂ ਇਲਾਵਾ ਬਾਕੀ ਫ਼ਸਲਾਂ ਦੀ ਖ਼ਰੀਦ ਤੋਂ ਹੱਥ ਪਿੱਛੇ ਖਿੱਚ ਲਿਆ। ਪੰਜਾਬ ਦੇ ਕਿਸਾਨ ਪੂਰੀ ਤਰਾਂ ਕਣਕ, ਝੋਨੇ ਤੇ ਨਿਰਭਰ ਹੋ ਕੇ ਆਪਣੀਆਂ ਰਵਾਇਤੀ ਫ਼ਸਲਾਂ ਛੱਡ ਬੈਠੇ। ਇਸ ਲੇਖ ਰਾਹੀਂ ਪੰਜਾਬ ਵਿੱਚ ਰਵਾਇਤੀ ਫ਼ਸਲਾਂ ਹੇਠ ਸੁੰਗੜੇ ਰਕਬੇ ਬਾਰੇ ਪ੍ਰਤੀਸ਼ਤ ਦੇ ਹਿਸਾਬ ਨਾਲ ਜਾਣਕਾਰੀ ਦਿੱਤੀ ਗਈ ਹੈ।

1965-66 ਵਿਚ ਪੰਜਾਬ ਦਾ ਕੁੱਲ ਖੇਤੀਬਾੜੀ ਰਕਬਾ 41,79,300 ਹੈਕਟੇਅਰ ਸੀ, ਜੋ ਅੱਜ ਵਧ ਕੇ 71,00,000 ਹੈਕਟੇਅਰ ਹੋ ਗਿਆ ਹੈ।

**1966-67 ਪੰਜਾਬ ਵਿੱਚ ਵੱਖ-ਵੱਖ ਫਸਲਾਂ ਅਧੀਨ ਰਕਬੇ :**

ਕਣਕ = 38.6% ਝੋਨਾ = 6.82%

ਬਾਕੀ ਦਾ 54% ਰਕਬਾ ਹੇਠ ਲਿਖੀਆਂ ਫਸਲਾਂ ਅਧੀਨ ਸੀ:

ਛੋਲੇ= 15.16% ਕਪਾਹ= 10.34%

ਬਾਜਰਾ= 4.40% ਮੱਕੀ= 10.62%

ਮੂੰਗਫਲੀ = 4.35%

ਸਰੋਂ, ਗੰਨਾ ਅਤੇ ਜੌਂ ਦੀ ਕਾਸ਼ਤ ਕੁੱਲ 9% ਰਕਬੇ ਤੇ ਹੁੰਦੀ ਸੀ।

ਦਾਲਾਂ, ਤਿਲ, ਅਲਸੀ, ਚਰੀ, ਜਵੀ ਆਦਿ 0.68% ਰਕਬੇ ਤੇ ਉਗਾਏ ਜਾਂਦੇ ਸਨ।

ਸਾਲ 1985-86

ਕਣਕ = 50.53% ਝੋਨਾ = 27.83%

ਬਾਕੀ ਦਾ 22% ਰਕਬਾ ਹੇਠ ਲਿਖੀਆਂ ਫ਼ਸਲਾਂ ਅਧੀਨ ਸੀ:

ਛੋਲੇ= 1.75% ਕਪਾਹ= 9.09%

ਬਾਜਰਾ= 0.50% ਮੱਕੀ= 4.22%

ਮੂੰਗਫਲੀ = 0.73%

ਸਰੋਂ, ਗੰਨਾ ਅਤੇ ਜੌਂ ਦੀ ਕਾਸ਼ਤ ਘੱਟ ਕੇ ਕੁੱਲ 4% ਰਕਬੇ ਤੇ ਰਹਿ ਗਈ।

ਦਾਲਾਂ, ਤਿਲ, ਅਲਸੀ, ਚਰੀ, ਜਵੀ ਆਦਿ 0.89% ਰਕਬੇ ਤੇ ਉਗਾਏ ਜਾਂਦੇ ਸਨ।

ਇਹਨਾਂ ਵੀਹ ਸਾਲਾਂ ਵਿੱਚ ਝੋਨੇ ਹੇਠ 4.5 ਗੁਣਾ ਵਧ ਗਿਆ, ਜਿਸ ਦਾ ਸਿੱਧਾ ਅਸਰ ਸਾਉਣੀ ਦੀਆਂ ਫ਼ਸਲਾਂ ਜਿਵੇਂ: ਮੱਕੀ, ਮੂੰਗਫਲੀ, ਕਪਾਹ, ਆਦਿ ਤੇ ਪਿਆ। ਕਣਕ ਦੀ ਬੌਣੀ ਕਿਸਮ ਨੇ ਛੋਲਿਆਂ ਹੇਠ ਰਕਬਾ ਲਗਭਗ ਖ਼ਤਮ ਕਰ ਦਿੱਤਾ ਤੇ ਸਰੋਂ ਤੇ ਵੀ ਅਸਰ ਪਾਇਆ।



**ਸਾਲ 2000-01**

ਕਣਕ = 49.26% ਝੋਨਾ = 37.74%

ਬਾਕੀ ਦੀਆਂ ਫ਼ਸਲਾਂ ਹੇਠ ਸਿਰਫ਼ 13% ਰਕਬਾ ਰਹਿ ਗਿਆ।

ਕਪਾਹ(6.85%), ਮੱਕੀ (2.38%) ਅਤੇ ਗੰਨੇ (1.75%) ਨੂੰ ਛੱਡ ਬਾਕੀ ਸਭ ਫ਼ਸਲਾਂ ਸਿਫ਼ਰ ਤੋਂ ਇਕ ਫ਼ੀਸਦੀ ਵਿਚਕਾਰ ਸਿਮਟ ਗਈਆਂ।

ਸਾਲ 2014-15

ਕਣਕ= 49.37% ਝੋਨਾ= 40.76% ਨਾ ਮਾਤਰ ਮੱਕੀ, ਗੰਨਾ ਅਤੇ ਨਰਮੇ ਨੂੰ ਛੱਡ ਬਾਕੀ ਸਭ ਫ਼ਸਲਾਂ ਪੰਜਾਬ ਦੇ ਖੇਤਾਂ ‘ਚੋਂ ਗ਼ਾਇਬ ਹੋ ਗਈਆਂ।

ਇਹਨਾਂ ਛੇ ਦਹਾਕਿਆਂ ਦੌਰਾਨ ਝੋਨੇ ਹੇਠ ਰਕਬਾ 2,85,000 ਹੈਕਟੇਅਰ ਤੋਂ ਵੱਧ ਕੇ 28,94,000 ਹੈਕਟੇਅਰ ਹੋ ਗਿਆ ਜੋ ਲਗਭਗ ਦਸ ਗੁਣਾ ਬਣਦਾ ਹੈ।

**ਫ਼ਸਲੀ ਪਰਿਵਰਤਨ ਦੇ ਅਸਰ:**

ਦੋ ਫ਼ਸਲਾਂ ਦੇ ਚੱਕਰ ਨੇ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਤਬਾਹ ਕਰ ਦਿੱਤਾ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੱਡੀ ਢਾਹ ਲਾਈ।

ਪੰਜਾਬ ਦੇ ਕਿਸਾਨ ਪੂਰੀ ਤਰਾਂ ਮੰਡੀ ਅਤੇ ਘੱਟੋ ਘੱਟ ਸਮਰਥਨ ਮੁੱਲ ’ਤੇ ਨਿਰਭਰ ਹੋ ਗਏ।

ਉਨਾਂ ਆਪਣੀ ਘਰੇਲੂ ਲੋੜ ਦੀਆਂ ਵਸਤਾਂ ਵੀ ਉਗਾਉਣੀਆਂ ਬੰਦ ਕਰ ਦਿੱਤੀਆਂ।

ਕੈਮੀਕਲ ਖੇਤੀ ਨੇ ਪੰਜਾਬੀਆਂ ਦੀ ਸਿਹਤ ਨੂੰ ਬੁਰੀ ਤਰਾਂ ਖ਼ਰਾਬ ਕਰ ਦਿੱਤਾ।

ਦਾਨੀ ਪੰਜਾਬ ਅੱਜ ਕੈਸ਼ ਕ੍ਰੈਡਿਟ ਲਿਮਟ ਰੂਪੀ ਭੀਖ ਲਈ ਸੜਕਾਂ ’ਤੇ ਲੜਾਈ ਲੜ ਰਿਹਾ ਹੈ। ਮੱਧ ਪੂਰਬ ਤੱਕ ਵਪਾਰ ਕਰਨ ਵਾਲਾ ਪੰਜਾਬ ਯਮੁਨਾ ਪਾਰ ਬੈਠੇ ਹਾਕਮ ਦੇ ਹੱਥਾਂ ਵਲ ਦੇਖ ਰਿਹਾ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਪੰਜਾਬ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ 3560 ਥਾਵਾਂ ’ਤੇ ਵਾਪਰੀਆਂ

## ✪ ਸੰਗਰੂਰ ਵਿਚ ਸਭ ਤੋਂ ਵੱਧ ਥਾਵਾਂ ’ਤੇ ਪਰਾਲੀ ਨੂੰ ਲਾਈ ਗਈ ਅੱਗ ✪ ਸੁਪਰੀਮ ਕੋਰਟ ਸਖ਼ਤ ਤੇ ਕੇਂਦਰ ਸਰਕਾਰ ਨੇ ਰਾਜ ਅਧਿਕਾਰਾਂ ਦੀ ਉਲੰਘਣਾ ਕਰਕੇ ਸਖ਼ਤ ਕਨੂੰਨ ਬਣਾਏ

**ਚੰਡੀਗੜ/ਏ.ਟੀ.ਨਿਊਜ਼:** ਝੋਨੇ ਦੇ ਸੀਜ਼ਨ ਦੌਰਾਨ 21 ਸਤੰਬਰ ਤੋਂ ਲੈ ਕੇ 1 ਨਵੰਬਰ ਤੱਕ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ 33165 ਘਟਨਾਵਾਂ ਵਾਪਰ ਚੁੱਕੀਆਂ ਹਨ ਜੋ ਕਿ ਪਿਛਲੇ ਸਾਲ ਮੁਕਾਬਲੇ 34 ਫੀਸਦੀ ਵੱਧ ਹਨ। ਪਿਛਲੇ ਸਾਲ ਇਸ ਸਮੇਂ ਦੌਰਾਨ ਪਰਾਲੀ ਸਾੜਨ ਦੀਆਂ 24,722 ਘਟਨਾਵਾਂ ਵਾਪਰੀਆਂ ਸਨ। ਸਰਕਾਰੀ ਅੰਕੜਿਆਂ ਅਨੁਸਾਰ ਸੰਗਰੂਰ, ਫ਼ਿਰੋਜ਼ਪੁਰ ਤੇ ਬਠਿੰਡਾ ਜ਼ਿਲਿਆਂ ’ਚ ਪਰਾਲੀ ਸਾੜਨ ਦੀਆਂ ਕ੍ਰਮਵਾਰ 593, 375 ਤੇ 373 ਘਟਨਾਵਾਂ ਇੱਕ ਦਿਨ ਵਿਚ ਵਾਪਰੀਆਂ ਹਨ ਜਦਕਿ ਇਸ ਤੋਂ ਬਾਅਦ ਮੁਕਤਸਰ, ਲੁਧਿਆਣਾ, ਪਟਿਆਲਾ ਤੇ ਮਾਨਸਾ ’ਚ ਕ੍ਰਮਵਾਰ 276, 267, 254 ਤੇ 247 ਥਾਵਾਂ ’ਤੇ ਪਰਾਲੀ ਸਾੜੀ ਗਈ ਹੈ। ਉੱਧਰ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸੂਬੇ ਦੀ ਹਵਾ ਦਾ ਮਿਆਰ ਗੁਆਂਢੀ ਸੂਬੇ ਹਰਿਆਣਾ ਤੇ ਕੌਮੀ ਰਾਜਧਾਨੀ ਦਿੱਲੀ ਨਾਲੋਂ ਬਿਹਤਰ ਹੈ।

ਮਾਹਿਰਾਂ ਨੇ ਦਿੱਲੀ ਸਰਕਾਰ ਦੇ ਕੀਤੇ ਦਾਅਵੇ ਰੱਦ

ਦਿੱਲੀ ਵੱਲੋਂ ਧੂੰਏਂ ਅਤੇ ਪ੍ਰਦੂਸ਼ਣ ਲਈ ਲੰਮੇ ਸਮੇਂ ਤੋਂ ਪੰਜਾਬ ਵਿਚ ਸਾੜੀ ਜਾਂਦੀ ਝੋਨੇ ਦੀ ਪਰਾਲੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ, ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੇ ਇਕ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਰਾਲੀ ਸੜਨ ਕਾਰਨ ਜਿਹੜਾ ਧੂੰਆਂ ਉੱਠਦਾ ਹੈ ਉਹ ਪੰਜਾਬ ਵਿਚ ਹੀ ਰਹਿ ਜਾਂਦਾ ਹੈ। ਪੀਏਯੂ ਦੇ ਅਧਿਐਨ ਸਟੱਡੀ ਵਿਚ ਸਾਹਮਣੇ ਆਇਆ ਹੈ ਕਿ ਪੰਜਾਬ ਵਿਚੋਂ ਉੱਠਦਾ ਧੂੰਆਂ 300-350 ਕਿੱਲੋਮੀਟਰ ਦੂਰ ਦਿੱਲੀ ਤੇ ਐਨਸੀਆਰ ਵਿਚ ਕਦੇ ਹਵਾ ਪ੍ਰਦੂਸ਼ਣ ਨਹੀਂ ਫੈਲਾ ਸਕਦਾ। ਤਿੰਨ ਸਾਲਾਂ ਵਿਚ 77 ਦਿਨ (ਪਹਿਲੀ ਅਕਤੂਬਰ ਤੋਂ 16 ਦਸੰਬਰ ਤੱਕ) ਹਵਾ ਦੀ ਗਤੀ ਪੰਜ ਕਿੱਲੋਮੀਟਰ ਪ੍ਰਤੀ ਘੰਟਾ ਤੋਂ ਹੇਠਾਂ ਹੀ ਰਹੀ ਹੈ। ਸਿਰਫ਼ 7 ਨਵੰਬਰ 2019 ਵਿਚ ਹਵਾ ਦੀ ਗਤੀ 5.9 ਕਿੱਲੋਮੀਟਰ ਪ੍ਰਤੀ ਘੰਟਾ ਸੀ, ਪਰ ਉਦੋਂ ਹਵਾ ਦੀ ਦਿਸ਼ਾ ਦੱਖਣ-ਪੂਰਬ ਵੱਲ ਸੀ।

ਖੇਤੀ ਮੌਸਮ ਵਿਭਾਗ ਨਾਲ ਜੁੜੀ ਡਾ. ਪ੍ਰਭਜੋਤ ਕੌਰ ਨੇ ਦੱਸਿਆ ਕਿ ਪੰਜਾਬ ਵਿਚ ਅਕਤੂਬਰ ਮਹੀਨੇ ਵਿਚ ਝੋਨੇ ਦੀ ਪਰਾਲੀ ਸਾੜਨ ਕਾਰਨ ਉੱਠਣ ਵਾਲਾ ਧੂੰਆਂ ਦਿੱਲੀ ਤੱਕ ਨਹੀਂ ਪਹੁੰਚਦਾ ਹੈ।

ਇਹ ਮਾਮਲਾ ਸੁਪਰੀਮ ਕੋਰਟ ਵਿਚ ਵੀ ਪਹੁੰਚਿਆ ਅਤੇ ਇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਰਾਜਧਾਨੀ ਖੇਤਰ ਦੀ ਹਵਾ ਨੂੰ ਦੂਸ਼ਿਤ ਹੋਣ ਤੋਂ ਰੋਕਣ ਲਈ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ ਸੀ। ਹੁਣ ਕੇਂਦਰ ਸਰਕਾਰ ਨੇ ਇਸ ਸਬੰਧ ਵਿਚ ਆਰਡੀਨੈਂਸ ਜਾਰੀ ਕੀਤਾ ਹੈ ਜਿਸ ਤਹਿਤ ਦਿੱਲੀ ਅਤੇ ਇਸ ਦੇ ਨਾਲ ਲਗਦੇ ਸ਼ਹਿਰਾਂ, ਜਿਨਾਂ ਨੂੰ ਦਿੱਲੀ-ਰਾਜਧਾਨੀ ਖੇਤਰ ਕਿਹਾ ਜਾਂਦਾ ਹੈ, ਵਿਚ ਹਵਾ ਨੂੰ ਸ਼ੁੱਧ ਰੱਖਣ ਲਈ ਕੇਂਦਰ ਸਰਕਾਰ ਅਧੀਨ ਕੇਂਦਰੀ ਕਮਿਸ਼ਨ ਕਾਇਮ ਕੀਤਾ ਜਾਵੇਗਾ ਜਿਸ ਦੇ ਅਧਿਕਾਰ ਖੇਤਰ ਵਿਚ ਦਿੱਲੀ ਦੇ ਨਾਲ-ਨਾਲ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵੀ ਸ਼ਾਮਲ ਹੋਣਗੇ। ਇਸ ਕਮਿਸ਼ਨ ਦੇ ਸਥਾਪਤ ਕਰਨ ਨਾਲ ਸੂਬਿਆਂ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਕਾਇਮ ਕੀਤੇ ਬੋਰਡ ਇਕ ਤਰਾਂ ਨਾਲ ਬੇਕਾਰ ਹੋ ਜਾਣਗੇ। ਖੇਤੀ ਮੰਡੀਆਂ ਅਤੇ ਕੰਟਰੈਕਟ ਖੇਤੀ ਬਾਰੇ ਜਾਰੀ ਕੀਤੇ ਗਏ ਆਰਡੀਨੈਂਸਾਂ (ਜੋ ਹੁਣ ਕਾਨੂੰਨ ਬਣ ਗਏ ਹਨ) ਵਾਂਗ ਹੁਣ ਵੀ ਸੂਬਾ ਸਰਕਾਰਾਂ ਨਾਲ ਕੋਈ ਸਲਾਹ ਨਹੀਂ ਕੀਤੀ ਗਈ। ਨਿਸ਼ਚੇ ਹੀ ਪਰਾਲੀ ਅਤੇ ਝੋਨੇ ਦੇ ਮੁੱਢਾਂ ਨੂੰ ਖੇਤਾਂ ਵਿਚ ਹੀ ਅੱਗ ਨਹੀਂ ਲਗਾਈ ਜਾਣੀ ਚਾਹੀਦੀ ਪਰ ਇਨਾਂ ਮੁੱਢਾਂ ਨੂੰ ਕੱਢਣ ਲਈ ਕਿਸਾਨ ਨੂੰ ਕਾਫ਼ੀ ਪੈਸਾ ਖ਼ਰਚ ਕਰਨਾ ਪੈਂਦਾ ਹੈ। ਝੋਨੇ ਦੀ ਵਾਢੀ ਅਤੇ ਕਣਕ ਦੀ ਬਿਜਾਈ ਵਿਚ ਬਹੁਤ ਸਮਾਂ ਹੁੰਦਾ ਹੈ ਅਤੇ ਸਮੇਂ ਦੀ ਘਾਟ ਅਤੇ ਮੁੱਢ ਕੱਢਣ ’ਤੇ ਆਉਂਦੀ ਲਾਗਤ ਕਾਰਨ ਕਿਸਾਨ ਮੁੱਢਾਂ ਅਤੇ ਪਰਾਲੀ ਨੂੰ ਖੇਤਾਂ ਵਿਚ ਸਾੜਨ ਲਈ ਮਜਬੂਰ ਹੋ ਜਾਂਦੇ ਹਨ। ਨਵੇਂ ਆਰਡੀਨੈਂਸ ਅਨੁਸਾਰ ਇਸ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਨੂੰ 1 ਕਰੋੜ ਰੁਪਏ ਤਕ ਦੇ ਜੁਰਮਾਨੇ ਅਤੇ ਪੰਜ ਸਾਲ ਤਕ ਸਜ਼ਾ ਹੋ ਸਕਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਆਪਣੇ ਆਦੇਸ਼ ਜਾਰੀ ਕਰਨ ਤੋਂ ਪਹਿਲਾਂ ਆਰਡੀਨੈਂਸ ਨੂੰ ਗਹੁ ਨਾਲ ਵੇਖੇਗੀ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਤਰਾਂ ਦੇ ਆਰਡੀਨੈਂਸ ਜਾਰੀ ਕਰਨ ਦੀ ਥਾਂ ਸਰਕਾਰਾਂ ਨੂੰ ਸਮੱਸਿਆ ਹੱਲ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਆਰਡੀਨੈਂਸ ਜਾਰੀ ਕਰਨ ਵਿਚ ਕਿਸਾਨ ਜਥੇਬੰਦੀਆਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ।

---

# ‘ਪ੍ਰਦੂਸ਼ਣ’ ਖ਼ਿਲਾਫ਼ ਯੁੱਧ

- ਵਿਜੈ ਗਰਗ

ਵਾਯੂਮੰਡਲ ਵਿਚ ਵਿਭਿੰਨ ਪ੍ਰਦੂਸ਼ਣ-ਕਰਤਾ ਦਾਖ਼ਲ ਹੁੰਦੇ ਰਹਿੰਦੇ ਹਨ। ਜਿਹੜੇ ਸਾਡੇ ਵਾਤਾਵਰਨੀ ਕਾਰਕਾਂ ਨਾਲ ਕਿਰਿਆ ਕਰਕੇ ਵਾਤਾਵਰਨ ਨੂੰ ਜ਼ਹਿਰੀਲਾ ਅਤੇ ਗੰਧਲਾ ਕਰ ਦਿੰਦੇ ਹਨ। ਇਹ ਜੀਵਾਂ ਉੱਤੇ ਭੈੜੇ ਪ੍ਰਭਾਵ ਅਤੇ ਕੁਦਰਤੀ ਸੁੰਦਰਤਾ ਨੂੰ ਖ਼ਰਾਬ ਕਰਦੇ ਹਨ। ਮਨੁੱਖ, ਵਾਤਾਵਰਨ ਨੂੰ ਵਿਗਾੜਨ ਵਿਚ ਵੱਡਾ ਦੋਸ਼ੀ ਹੈ। ਗ਼ੈਰ-ਕੁਦਰਤੀ ਤੇ ਅਣਸਾਵੇਂ ਵਿਕਾਸ ਅਤੇ ਅਖੌਤੀ ਆਧੁਨਿਕਤਾ ਕਾਰਨ ਵਾਤਾਵਰਨ ਵਿੱਚ ਸਸਪੈਂਡਿਡ ਪਾਰਟੀਕਲ ਮੈਟਰ (ਜਿਹੜੇ ਤੱਤ ਹਵਾ ਵਿੱਚੋਂ ਮਨਫ਼ੀ ਚਾਹੀਦੇ ਹਨ) ਅਤੇ ਨਾਈਟਰੋਜਨ ਆਕਸਾਈਡ ਜ਼ਹਿਰ ਵਧ ਰਹੀ ਹੈ। ਹਵਾ ਵਿੱਚ ਐੱਸ.ਪੀ.ਐੱਮ. ਦੀ ਮਾਤਰਾ 100 ਤੋਂ 200 ਮਾਈਕ੍ਰੋਗ੍ਰਾਮ (ਲਘੂ ਗ੍ਰਾਮ) ਪ੍ਰਤੀ ਘਣ ਮੀਟਰ ਹੋਣੀ ਚਾਹੀਦੀ ਹੈ ਪਰ ਬਹੁਤੇ ਇਲਾਕਿਆਂ ਵਿੱਚ ਇਸ ਦੀ ਮਾਤਰਾ 296 ਤੋਂ 586 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਈ ਹੈ। ਇਸੇ ਤਰਾਂ ਨਾਈਟਰੋਜਨ ਆਕਸਾਈਡ ਦੀ ਮਾਤਰਾ ਵੀ 30 ਮਾਈਕਰੋਗ੍ਰਾਮ ਪ੍ਰਤੀ ਕਿਊਬਕ ਮੀਟਰ ਹੋਣੀ ਚਾਹੀਦੀ ਹੈ ਪਰ ਇਹ 46 ਤੱਕ ਪਹੁੰਚ ਗਈ ਹੈ। ਹਾਲਾਂਕਿ ਸਲਫ਼ਰ ਡਾਈਆਕਸਾਈਡ (ਐਸ.ਓ.ਟੂ.) ਨਿਰਧਾਰਿਤ ਮਾਤਰਾ 30 ਮਾਈਕਰੋਗ੍ਰਾਮ ਤੋਂ ਘੱਟ ਹੈ, ਪਰ ਵਧ ਇਹ ਵੀ ਰਹੀ ਹੈ। ਜ਼ਹਿਰੀਲੇ ਧੂੰਏਂ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਮਨੁੱਖ ਸ਼ੁੱਧ ਹਵਾ ਲਈ ਵੀ ਤਰਸੇਗਾ। ਹਵਾ/ਵਾਯੂਮੰਡਲ: ਸਾਡੀ ਧਰਤੀ ਦੇ ਚੌਗਿਰਦੇ ਫੈਲੀ ਗੈਸੀ ਪਰਤ ਨੂੰ ਵਾਯੂਮੰਡਲ ਕਿਹਾ ਜਾਂਦਾ ਹੈ। ਇਹ ਇੱਕ ਕੁਦਰਤੀ ਗਤੀਸ਼ੀਲ ਸਿਸਟਮ ਹੈ। ਕੁਦਰਤੀ ਅਤੇ ਮਨੁੱਖ-ਨਿਰਮਾਣਿਤ ਸੋਮਿਆਂ ਤੋਂ ਅਨੇਕ ਹੀ ਠੋਸ ਦ੍ਰਵ ਅਤੇ ਗੈਸਾਂ ਲਗਾਤਾਰ ਵਾਯੂਮੰਡਲ ਵਿਚ ਪਹੁੰਚਦੀਆਂ ਰਹਿੰਦੀਆਂ ਹਨ। ਇਹ ਪਦਾਰਥ, ਹਵਾ ਦੇ ਕੰਧਾੜੇ ਚੜ, ਦੂਰ ਦੂਰ ਤਕ ਪਹੁੰਚ ਜਾਂਦੇ ਹਨ। ਆਪਸ ਵਿਚ ਰਲਗੱਡ ਹੋ ਜਾਂਦੇ ਹਨ। ਪਰਸਪਰ ਕਿਰਿਆਵਾਂ ਨਾਲ ਇਹ ਪਦਾਰਥ ਅਨੇਕ ਭੌਤਿਕ ਤੇ ਰਸਾਇਣਿਕ ਪਦਾਰਥਾਂ ਦੇ ਜਨਮਦਾਤਾ ਬਣ ਜਾਂਦੇ ਹਨ। ਸਮੇਂ ਨਾਲ ਇਹ ਨਵ-ਜਨਮੇ ਰਸਇਣ ਪਦਾਰਥ ਵਾਯੂਮੰਡਲ, ਮਿੱਟੀ ਅਤੇ ਜਲ-ਸੋਮਿਆਂ ਵਿਚ ਪਹੁੰਚ ਜਾਂਦੇ ਹਨ। ਸਵੱਛ ਤੇ ਖ਼ੁਸ਼ਕ ਹਵਾ ਵਿਚ ਘਣਫਲ ਵਜੋਂ 78.09 ਪ੍ਰਤੀਸ਼ਤ ਨਾਈਟਰੋਜਨ ਗੈਸ ਹੁੰਦੀ ਹੈ ਅਤੇ ਲਗਭਗ 20.94 ਪ੍ਰਤੀਸ਼ਤ ਆਕਸੀਜਨ ਗੈਸ। ਇਨਾਂ ਦੋਵੇਂ ਪ੍ਰਮੁੱਖ ਗੈਸਾਂ ਤੋਂ ਇਲਾਵਾ ਸਾਡੇ ਵਾਯੂਮੰਡਲ ਵਿਚ ਕਾਰਬਨ ਡਾਈਆਕਸਾਈਡ, ਹੀਲੀਅਮ, ਆਰਗਨ, ਕ੍ਰਿਪਟਾਨ, ਨਾਇਟਰਸ ਆਕਸਾਈਡ, ਜ਼ੀਕੋਨ ਤੇ ਕੁਝ ਕੁ ਹੋਰ ਕਾਰਬਨਿਕ ਗੈਸਾਂ ਹੁੰਦੀਆਂ ਹਨ, ਜਿਨਾਂ ਦੀ ਕੁਲ ਮਾਤਰਾ ਗਲਪਗ 0.97 ਪ੍ਰਤੀਸ਼ਤ ਹੀ ਹੁੰਦੀ ਹੈ। ਇਨਾਂ ਗੈਸਾਂ ਦੀ ਮਾਤਰਾ ਭਿੰਨ ਭਿੰਨ ਸਥਾਨਾਂ ਵਿਚ ਸਮੇਂ ਨਾਲ ਬਦਲਦੀ ਰਹਿੰਦੀ ਹੈ। ਹਵਾ-ਪ੍ਰਦੂਸ਼ਣ ਦੀ ਪਛਾਣ: ਮੁੱਖ ਢੰਗ ਤਿੰਨ ਹਨ-ਸੰਵੇਦਕ ਪਛਾਣ, ਭੌਤਿਕ ਮਾਪ ਅਤੇ ਪੌਦਿਆਂ, ਪਸ਼ੂਆਂ ਅਤੇ ਇਮਾਰਤਾਂ ਉੱਤੇ ਪ੍ਰਭਾਵਾਂ ਦੀ ਜਾਣਕਾਰੀ। ਸੰਵੇਦਕ ਪਛਾਣ ਆਮ ਕਰਕੇ ਹਵਾ-ਪ੍ਰਦੂਸ਼ਣ ਸਮੱਸਿਆ ਦਾ ਪਹਿਲਾ ਸੂਚਕ ਹੁੰਦੀ ਹੈ। ਸੰਵੇਦਕ ਪਛਾਣ ਤੇਜ਼ ਤੇ ਅਸਾਧਾਰਨ ਬੋ, ਦ੍ਰਿਸ਼ਟਤਾ ਦੀ ਘਾਟ, ਅੱਖਾਂ ਵਿਚ ਰੜਕ, ਮੂੰਹ ਵਿਚ ਤੇਜ਼ਾਬੀ ਸੁਆਦ ਅਤੇ ਪੈਰਾਂ ਹੇਠ ਕਿਰਕ ਦਾ ਅਹਿਸਾਸ। ਇਹ ਢੰਗ ਇਕ ਆਤਮਮੁਖੀ ਘਟਨਾ ਹੈ ਅਤੇ ਵੱਖ-ਵੱਖ ਵਿਅਕਤੀਆਂ ਲਈ ਅੱਡ-ਅੱਡ ਮਾਤਰਾ ਵਾਲੇ ਪ੍ਰਭਾਵ ਹੁੰਦੇ ਹਨ। ਭੌਤਿਕ ਮਾਪ-ਕਾਰਜ ਹਵਾ-ਪ੍ਰਦੂਸ਼ਣ ਵਿਚ ਮੌਜੂਦ ਬਹੁਤ ਹੀ ਘੱਟ ਮਾਤਰਾ ਵਾਲੇ, ਪਰ ਜ਼ਹਿਰੀਲੇ ਪਦਾਰਥਾਂ ਜਾਂ ਰੇਡੀਓ-ਐਕਟਿਵ ਮਾਦੇ ਦੀ ਹੋਂਦ ਤੱਕ ਨੂੰ ਜਾਣਨ ਵਿਚ ਵੱਡੇ ਮਦਦਗਾਰ ਸਾਬਤ ਹੁੰਦੇ ਹਨ। ਹਵਾ-ਪ੍ਰਦੂਸ਼ਣ ਵਾਲੇ ਖੇਤਰ ਵਿੱਚੋਂ ਹਵਾ ਦੇ ਨਮੂਨੇ ਲੈ ਕੇ ਉਨਾਂ ਦੀ ਵਿਗਿਆਨਕ ਵਿਧੀਆਂ ਰਾਹੀਂ ਜਾਂਚ ਇਸ ਕਾਰਜ ਵਿਚ ਸਹਾਈ ਹੁੰਦੀ ਹੈ। ਵਾਯੂ ਪ੍ਰਦੂਸ਼ਣ ਨੂੰ ਸਮਝਣ ਲਈ ਕਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਮੁੱਖ ਤੌਰ ’ਤੇ ਤਿੰਨ ਹਨ- ਵਿਅਕਤੀਗਤ, ਸਮੁਦਾਇਕ ਅਤੇ ਪੇਸ਼ਾਵਾਰਾਨਾ ਵਾਯੂ ਪ੍ਰਦੂਸ਼ਣ। ਵਾਯੂ-ਪ੍ਰਦੂਸ਼ਣ ਕਿਰਿਆਸ਼ੀਲਤਾ: ਸੂਰਜ ਦੀ ਰੌਸ਼ਨੀ ਵਿਚ ਕਈ ਤਰਾਂ ਦੇ ਅਣਜਲੇ ਹਾਈਡਰੋਕਾਰਬਨ ਨਾਈਟਰੋਜਨ ਦੇ ਆਕਸਾਈਡਾਂ ਨਾਲ ਪ੍ਰਤੀਕਿਰਿਆ ਕਰਕੇ ਓਜ਼ੋਨ ਤੇ ਅਲਡੀਹਾਈਡਜ਼ ਆਦਿ ਬਣਾਉਂਦੇ ਹਨ। ਇਨਾਂ ਨੂੰ ਵਿਗਿਆਨਕ ਸ਼ਬਦਾਵਲੀ ਵਿੱਚ ਫੋਟੋ ਕੈਮੀਕਲ ਅਕਸਾਈਡੈਂਟਸ ਆਖਦੇ ਹਨ। ਇਨਾਂ ਦੇ ਕਾਰਨ ਫੋਟੋ ਕੈਮੀਕਲ ਸਮੌਗ (ਧੂੰਆਂ+ਧੁੰਦ) ਬਣ ਜਾਂਦਾ ਹੈ। ਇਹ ਭੀੜ-ਭੜੱਕੇ ਵਾਲੇ ਖ਼ਿੱਤਿਆਂ ਅਤੇ ਸਨਅਤੀ ਖੇਤਰਾਂ ਵਿੱਚ ਬਹੁਤ ਹੁੰਦਾ ਹੈ। ਕਈ ਮੌਸਮਾਂ ਵਿੱਚ ਖ਼ਾਸ ਕਰਕੇ ਖੇਤੀ ਰਹਿੰਦ-ਖੂੰਹਦ ਨੂੰ ਅਗਨ ਕਰਨ ਅਤੇ ਯੁੱਧਾਂ ਵੇਲੇ ਤਾਂ ਇਹ ਬੇਹੱਦ ਵਧ ਜਾਂਦਾ ਹੈ। ਇਸ ਤੱਥ ਦੀ ਪੁਸ਼ਟੀ ਖਾੜੀ ਯੁੱਧ ਸਮੇਂ ਮਾਰਚ 1991 ਵਿਚ ਕਸ਼ਮੀਰ ਵਾਦੀ ਵਿਚ ਕਾਲੇ ਰੰਗ ਦੀ ਬਰਫ਼ਬਾਰੀ ਸਮੇਂ ਹੋ ਗਈ ਸੀ। ਸੰਘਣੀ ਪਰਤ ਧੁੱਪ-ਰੌਸ਼ਨੀ ਰੋਕ ਕੇ ਤੀਬਰ ਠੰਢ ਵਧਾਉਂਦੀ ਹੈ। ਵਿਗਿਆਨੀਆਂ ਅਨੁਸਾਰ, ‘ਜੇ ਇਵੇਂ ਚਲਦਾ ਰਿਹਾ ਤਾਂ; ਧਰਤੀ ਉੱਪਰ ਇੱਕ ਵਾਰੀ ਫੇਰ ਹਿਮ-ਯੁੱਗ ਆ ਜਾਵੇਗਾ।‘ ਖ਼ਤਰਨਾਕ ਬੇ-ਕਾਬੂ ਧੂੰਆਂ: ਵਾਯੂ ਪ੍ਰਦੂਸ਼ਣ ਦਾ ਮੁੱਖ ਸਰੋਤ ਧੂੰਆਂ ਹੈ। ਇਹ ਧੂੰਆਂ ਯੁੱਧਾਂ, ਬਨਸਪਤਨ ਅੱਗ, ਪੈਟਰੋ ਬਾਲਣਾ ਅਤੇ ਉਦਯੋਗ ਵਿਚੋਂ ਪੈਦਾ ਹੁੰਦਾ ਹੈ। ਕੋਲਾ, ਪੈਟਰੋਲ ਤੇ ਡੀਜ਼ਲ ਆਦਿ ਦੇ ਬਲਨ ਨਾਲ ਸਲਫ਼ਰ ਡਾਈਆਕਸਾਈਡ, ਕਾਰਬਨ ਤੇ ਨਾਈਟਰੋਜਨ ਦੇ ਆਕਸਾਈਡ, ਹਾਈਡਰੋਕਾਰਬਨ ਅਤੇ ਕਾਰਬਨ ਮੋਨੋਆਕਸਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਰਲ ਜਾਂਦੀਆਂ ਹਨ। ਯੁੱਧ ਸਮਗਰੀ, ਰਾਕਟਾਂ, ਜੈੱਟ ਜਹਾਜ਼ਾਂ ਵਿਚੋਂ ਨਿਕਲਣ ਵਾਲਾ ਧੂੰਆਂ ਉੱਪਰਲੀ ਹਵਾ ਨੂੰ ਦੂਸ਼ਿਤ ਕਰ ਦਿੰਦਾ ਹੈ। ਜੰਗਲ, ਕਣਕ ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਤਾਂ ਉਸ ਮੌਕੇ ਹਵਾ ਨੂੰ ਬੇਹੱਦ ਦੂਸ਼ਿਤ ਕਰਦਾ ਹੈ। ਧਾਤਾਂ ਢਾਲਣ ਨਾਲ ਸਿੱਕਾ, ਕਰੋਮੀਅਮ, ਬੇਰੀਲੀਅਮ, ਨਿਕਲ, ਵੇਨਾਡੀਅਮ, ਸੰਖੀਆ, ਕੇਡੀਅਮ ਆਦਿ ਦੇ ਫੈਲਦੇ ਕਣ ਤਾਂ ਬਹੁਤ ਹੀ ਜ਼ਹਿਰੀਲੇ ਹੁੰਦੇ ਹਨ। ਅਢੁਕਵੀਆਂ ਯੋਜਨਾਵਾਂ ਕਾਰਨ ਸਭ ਕੁਝ ਬੇਕਾਬੂ ਹੋ ਚੁੱਕਾ ਹੈ। ਜੀਵਾਂ ਉੱਤੇ ਪ੍ਰਭਾਵ: ਆਮ ਤੌਰ ਉੱਤੇ ਹਵਾ ਵਿਚਲੇ ਪ੍ਰਦੂਸ਼ਣ-ਕਰਤਾ ਬਨਸਪਤੀ ਆਦਿ ਉੱਤੇ ਇਕੱਠੇ ਹੋ ਜਾਂਦੇ ਹਨ। ਆਮ ਮਨੁੱਖ ਤਾਂ ਪ੍ਰਦੂਸ਼ਿਤ ਵਾਯੂਮੰਡਲ ਵਿਚ ਪ੍ਰਦੂਸ਼ਣ-ਕਰਤਾ ਨੂੰ ਸਾਹ ਰਾਹੀਂ ਹੀ ਆਪਣੇ ਸਰੀਰ ਵਿਚ ਲਿਜਾਂਦਾ ਹੈ, ਪਰ ਪਸ਼ੂ ਪ੍ਰਦੂਸ਼ਿਤ-ਕਣਾਂ ਨਾਲ ਲੱਥ-ਪੱਥ ਚਾਰੇ ਨੂੰ ਖਾ ਕੇ ਅਤੇ ਸਾਹ ਲੈਣ ਦੀ ਕਿਰਿਆ ਰਾਹੀਂ ਦੋਵੇਂ ਤਰਾਂ ਹੀ ਹਵਾ-ਪ੍ਰਦੂਸ਼ਣ ਦੇ ਭੈੜੇ ਪ੍ਰਭਾਵਾਂ ਦਾ ਸ਼ਿਕਾਰ ਹੁੰਦੇ ਹਨ। ਬਨਸਪਤਨ ਅਗਨ ਅਤੇ ਉਦਯੋਗਾਂ ਦੀਆਂ ਚਿਮਨੀਆਂ ਰਾਹੀਂ ਆਰਸੈਨਿਕ ਦੇ ਵਾਸ਼ਪ ਵਾਯੂਮੰਡਲ ਵਿਚ ਪਹੁੰਚ ਜਾਂਦੇ ਹਨ ਤੇ ਤੇਜ਼ ਹਵਾਵਾਂ ਦੇ ਪ੍ਰਭਾਵ ਹੇਠ ਦੂਰ-ਦੁਰਾਡੇ ਖੇਤਰਾਂ ਤਕ ਖਿੰਡਰ-ਪੁੰਡਰ ਜਾਂਦੇ ਹਨ। ਰਸਾਇਣੀ ਛਿੜਕਾਅ ਤੇ ਸਪਰੇਅ ਕਾਰਜਾਂ ਵਿਚ ਆਰਸੈਨਿਕ, ਤੱਤ ਜਾਂ ਯੋਗਿਕ ਰੂਪ ਵਿਚ ਪੌਦਿਆਂ ਉੱਤੇ ਜੰਮ ਜਾਂਦੀ ਹੈ। ਪਾਲਤੂ ਪਸ਼ੂ ਅਜਿਹੇ ਚਾਰੇ ਨੂੰ ਖਾ ਕੇ ਮਾਰੂ ਪ੍ਰਭਾਵਾਂ ਦੇ ਸ਼ਿਕਾਰ ਬਣਦੇ ਹਨ। ਨਿਊਕਲੀ ਬੰਬਾਂ ਦੇ ਵਿਸਫੋਟ ਕਾਰਨ ਵਾਯੂਮੰਡਲ ਵਿੱਚ ਰੇਡਿਓ-ਐਕਟਿਵ ਵਿਕਿਰਨ ਪਹੁੰਚ ਜਾਂਦਾ ਹੈ। ਪਸ਼ੂਆਂ ਉੱਤੇ ਰੇਡਿਓ-ਐਕਟਿਵ ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਮਨੁੱਖਾਂ ਉੱਤੇ ਇਸ ਦੇ ਪ੍ਰਭਾਵਾਂ ਵਰਗੇ ਹੀ ਹੁੰਦੇ ਹਨ। ਬਨਸਪਤੀ ਉੱਤੇ ਪ੍ਰਭਾਵ: ਜੀਵਾਂ ਵਿੱਚ ਲਹੂ ਦੀਆਂ ਧਮਣੀਆਂ ਵਾਂਗ ਹੀ, ਪੱਤੇ ਦੀਆਂ ਨਸਾਂ ਭਿੰਨ ਭਿੰਨ ਹਿੱਸਿਆਂ ਵਿੱਚ ਪਾਣੀ ਤੇ ਖ਼ੁਰਾਕ ਲਿਜਾਣ ਲਈ ਵਿਸ਼ੇਸ਼ ਸਿਸਟਮ ਦਾ ਕੰਮ ਕਰਦੀਆਂ ਹਨ। ਧੂੜ ਤੇ ਧੂੰਆਂ ਪੌਦਿਆਂ ਤਕ ਸੂਰਜ ਦੀ ਰੌਸ਼ਨੀ ਨੂੰ ਪਹੁੰਚਣ ਵਿੱਚ ਰੁਕਾਵਟ ਪੈਦਾ ਕਰਦਾ ਹੈ। ਪੌਦਾ ਆਪਣੀ ਖ਼ੁਰਾਕ ਕਾਰਬਨ ਡਾਈਆਕਸਾਈਡ ਦੀ ਘੱਟ ਮਾਤਰਾ ਅੰਦਰ ਲਿਜਾ ਸਕਦਾ ਹੈ ਤੇ ਭੋਜਨ ਬਣਾਉਣ ਪ੍ਰਣਾਲੀ ਵਿੱਚ ਅੜਚਣ ਪੈਦਾ ਹੋ ਜਾਂਦੀ ਹੈ। ਇਨਾਂ ਗੈਸਾਂ ਦੀ ਥੋੜੀ ਮਾਤਰਾ ਵੀ ਪੱਤੇ ਵਿੱਚ ਮੌਜੂਦ ਹਰੇ ਪਦਾਰਥ ਕਲੋਰੋਫ਼ਿਲ ਨੂੰ ਨਸ਼ਟ ਕਰ ਦਿੰਦੀ ਹੈ। ਵਧੇਰੇ ਮਾਤਰਾ ਵਿੱਚ ਸਲਫ਼ਰ ਡਾਈਆਕਸਾਈਡ ਦੀ ਮਾਤਰਾ ਪੱਤੇ ਨੂੰ ਨਿਰਜੀਵ ਬਣਾ ਦਿੰਦੀ ਹੈ। ਬਹੁਤ ਵਧੇਰੇ ਓਜ਼ੋਨ ਗੈਸ ਵਾਲੇ ਵਾਯੂਮੰਡਲ ਵਿੱਚ ਪੌਦਿਆਂ ਦੇ ਪੱਤੇ ਨਸ਼ਟ ਹੋ ਜਾਂਦੇ ਹਨ, ਪੱਤੇ ਦੇ ਤੰਤੂ ਮਰ ਜਾਂਦੇ ਹਨ ਅਤੇ ਉਸ ਦਾ ਹਰਾ ਰੰਗ ਖ਼ਤਮ ਹੋ ਜਾਂਦਾ ਹੈ। ਵਿਭਿੰਨ ਕਿਸਮਾਂ ਦੇ ਫਲੋਰਾਈਡ ਰਸਾਇਣ ਪੱਤੇ ਦੇ ਸਿਖਰਲੇ ਤੰਤੂਆਂ ਨੂੰ ਨਸ਼ਟ ਕਰਦੇ ਹਨ। ਨਾਈਟ੍ਰੋਜਨ ਡਾਈਆਕਸਾਈਡ ਗੈਸ ਦੀ ਹੋਂਦ ਵਿੱਚ ਪੱਤੇ ਦਾ ਵਾਧਾ ਰੁਕਣ ਲੱਗਦਾ ਹੈ ਤੇ ਇਸ ਦਾ ਹਰਾ ਰੰਗ ਨਸ਼ਟ ਹੁੰਦਾ ਜਾਂਦਾ ਹੈ। ਇਥਾਈਲੀਨ ਰਸਾਇਣ ਦੀ ਥੋੜੀ ਜਿਹੀ ਮਾਤਰਾ ਹੀ ਪੱਤੇ ਨੂੰ ਸੁਕਾ ਦਿੰਦੀ ਹੈ। ਵਾਯੂਮੰਡਲ ਵਿੱਚ ਮੌਜੂਦ ਪਰਆਕਸੀ ਐਸੀਟਾਈਲ ਨਾਈਟ੍ਰੇਟ ਨਾਲ ਪੱਤੇ ਦਾ ਵਾਧਾ ਰੁਕ ਜਾਂਦਾ ਹੈ। ਨਵੇਂ ਪੱਤੇ ਇਸ ਭੈੜੇ ਪ੍ਰਭਾਵ ਦਾ ਵਧੇਰੇ ਸ਼ਿਕਾਰ ਬਣਦੇ ਹਨ। ਹਵਾ-ਪ੍ਰਦੂਸ਼ਣ ਕਾਰਨ ਪੌਦਿਆਂ ਦਾ ਨੁਕਸਾਨ ਵੱਡੇ ਆਰਥਿਕ ਘਾਟੇ ਦਾ ਕਾਰਨ ਬਣਦਾ ਹੈ। ਜਿਵੇਂ; ਵਾਯੂਮੰਡਲ ਵਿੱਚ ਕਣ ਰੂਪੀ ਪਦਾਰਥਾਂ ਦੀ ਮਾਤਰਾ ਵਧਦੀ ਜਾਂਦੀ ਹੈ, ਇਹ ਪਦਾਰਥ ਸੂਰਜ ਤੋਂ ਆ ਰਹੀ ਰੌਸ਼ਨੀ ਦਾ ਵਧੇਰੇ ਖਿੰਡਾਅ ਕਰਨ ਲੱਗਦੇ ਹਨ, ਜਿਸ ਦੇ ਫਲਸਰੂਪ ਧਰਤੀ ਉੱਤੇ ਪਹੁੰਚ ਰਹੀ ਤਾਪ ਊਰਜਾ ਦੀ ਮਾਤਰਾ ਘਟਣ ਲੱਗਦੀ ਹੈ ਤੇ ਇਸ ਗ੍ਰਹਿ ਦਾ ਤਾਪਮਾਨ ਘਟਣਾ ਸ਼ੁਰੂ ਹੋ ਜਾਂਦਾ ਹੈ। ਵਿਸ਼ਵ-ਵਿਆਪੀ ਤੌਰ ਉੱਤੇ ਧਰਤੀ ਦੇ ਤਾਪਮਾਨ ਵਿੱਚ ਘਾਟਾ, ਸਾਡੇ ਵਾਯੂਮੰਡਲ ਵਿੱਚ ਵਧੇਰੇ ਪ੍ਰਦੂਸ਼ਣ-ਕਰਤਾ ਕਣਾਂ ਦੀ ਹੋਂਦ ਨਾਲ ਜੋੜਿਆ ਜਾਂਦਾ ਹੈ। ਇਸ ਪ੍ਰਭਾਵ ਦੇ ਠੀਕ ਉਲਟ ਪ੍ਰਭਾਵ ਹੈ ਗਰੀਨ ਹਾਊਸ ਪ੍ਰਭਾਵ, ਜੋ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਗੈਸ ਦੀ ਵਧੇਰੇ ਮਾਤਰਾ ਤੋਂ ਪੈਦਾ ਹੁੰਦਾ ਹੈ। ਅਜਿਹਾ ਅੰਦਾਜ਼ਾ ਹੈ ਕਿ ਜੇ ਮੌਜੂਦਾ ਦਰ ਨਾਲ ਹੀ, ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਗੈਸ ਦੀ ਮਾਤਰਾ ਲਗਾਤਾਰ ਵਧਦੀ ਗਈ ਤਾਂ ਅਗਲੇ 5 ਦਹਾਕਿਆਂ ਅੰਦਰ ਧਰਤੀ ਦੇ ਵਿਸ਼ਵ-ਵਿਆਪੀ ਤਾਪਮਾਨ ਵਿੱਚ 4 ਦਰਜਾ ਸੈਲਸੀਅਸ ਦਾ ਵਾਧਾ ਹੋ ਜਾਵੇਗਾ। ਮਾਹਿਰਾਂ ਅਨੁਸਾਰ ਇਹ ਤਾਪਮਾਨ ਵਾਧਾ ਪ੍ਰਿਥਵੀ ਦੀਆਂ ਬਰਫ਼ਾਨੀ ਧਰੁਵੀ ਟੋਪੀਆਂ ਨੂੰ ਪਿਘਲਾ ਦੇਵੇਗਾ ਅਤੇ ਵਿਆਪਕ ਹੜਾਂ ਦਾ ਕਾਰਨ ਬਣੇਗਾ। ਮਗਰੋਂ ਜਲ-ਵਹਿਣ ਸੁੱਕ ਜਾਣਗੇ। ਇਹ ਵਸੋਂ ਖੇਤਰਾਂ ਦੇ ਕੁਦਰਤੀ ਸੁਹੱਪਣ ਨੂੰ ਖੋਰਦਾ ਹੈ। ਉਦਯੋਗਿਕ ਵਿਕਾਸ ਦੇ ਫਲਸਰੂਪ ਸਕੈਂਡਨੇਵੀਆ ਵਿਚ ਤੇਜ਼ਾਬੀ ਬਾਰਸ਼ ਦੀ ਮਾਤਰਾ ਵਿਚ ਵੱਡਾ ਵਾਧਾ ਦੇਖਿਆ ਗਿਆ ਹੈ, ਜਿਸ ਕਾਰਨ ਜੰਗਲਾਂ ਦੇ ਵਿਕਾਸ ਵਿਚ ਕਮੀ ਆਈ ਹੈ। ਦਰੱਖਤ ਵਾਯੂ ਪ੍ਰਦੂਸ਼ਣ ਘਟਾਉਣ ’ਚ ਸਿਫ਼ਤੀਂ ਹਿੱਸਾ ਪਾਉਂਦੇ ਹਨ। ਤੇਜ਼ਾਬੀ ਬਾਰਸ਼ ਦੇ ਫਲਸਰੂਪ ਹਜ਼ਾਰਾਂ ਝੀਲਾਂ ਹੀ ਖ਼ਰਾਬ ਹੋ ਚੁੱਕੀਆਂ ਹਨ, ਜਿਸ ਦੇ ਫਲਸਰੂਪ ਅੰਤਰ-ਰਾਸ਼ਟਰੀ ਸਮੱਸਿਆਵਾਂ ਦਾ ਜਨਮ ਹੋਇਆ ਹੈ। ਇਸ ਨਾਲ ਮੂਲ ਵਾਤਾਵਰਨ ਵਿਚ ਤਬਦੀਲੀ ਆ ਜਾਂਦੀ ਹੈ। ਜੰਗਲਾਂ ਦੇ ਵਿਨਾਸ਼ ਕਾਰਨ ਵਾਯੂਮੰਡਲ ਵਿਚ ਆਕਸੀਜਨ ਦੀ ਮਾਤਰਾ ਵਿਚ ਅਸੰਤੁਲਨ ਪੈਦਾ ਹੋ ਚੁੱਕਾ ਹੈ। ਮੌਸਮ ਅਤੇ ਮੀਂਹ ਦੀ ਨਿਯਮਤਾ ਵਿਚ ਵਿਕਾਰ ਪੈਦਾ ਹੋ ਗਏ ਹਨ। ਹਵਾ ਸਿਰਫ਼ ਮਨੁੱਖਾਂ ਦੀ ਹੀ ਜੀਵਨ ਦਾਤੀ ਨਹੀਂ ਹੈ ਸਗੋਂ ਮਿੱਟੀ, ਜਲ, ਜੰਗਲ ਅਤੇ ਸੱਭਿਆਤਾਵਾਂ ਦੀ ਹੋਂਦ ਵੀ ਇਸੇ ਕਰਕੇ ਹੈ। ਪਰ ਜੇ ਇਹੀ ਦੂਸ਼ਿਤ ਹੋ ਜਾਵੇ ਤਾਂ ਇਹੋ ਜੀਵਨ ਦਾਤੀ ਹਵਾ ਜਾਨਲੇਵਾ ਬਣ ਜਾਂਦੀ ਹੈ। ਅੱਜ ਲੋੜ ਹੈ ਆਪਣੇ ਚੌਗਿਰਦੇ ਦੀ ਸੁਚੱਜੀ ਸਾਂਭ-ਸੰਭਾਲ, ਕੁਦਰਤੀ ਸੰਤੁਲਨ ਅਤੇ ਇਸ ਦੇ ਕੁਦਰਤੀ ਸੁਹੱਪਣ ਨੂੰ ਬਣਾਈ ਰੱਖਣ ਲਈ, ਹਵਾ-ਪ੍ਰਦੂਸ਼ਣ ਨੂੰ ਸੁਯੋਗ ਵਿਉਂਤਬੰਦੀ ਨਾਲ ਨੱਥ ਪਾਈਏ। ਤਦ ਹੀ ਅਸੀਂ ਆਪਣੀਆਂ ਭਵਿੱਖਮਈ ਮਨੁੱਖੀ ਪੀੜੀਆਂ ਨੂੰ ਖ਼ੁਸ਼ਹਾਲ ਤੇ ਸਵੱਛ ਜੀਵਨ ਜਿਊਣ ਯੋਗ ਹਾਲਾਤ ਦੇ ਸਕਾਂਗੇ।

**ਸਾਬਕਾ ਪ੍ਰਿੰਸੀਪਲ**
**ਮਲੋਟ**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

04 ਨਵੰਬਰ 2020 ਤੋਂ 10 ਨਵੰਬਰ 2020

# ਨਵੰਬਰ 1984 - ਸਿੱਖ ਨਸਲਕੁਸ਼ੀ ਨੂੰ ਕਿਵੇਂ ਯਾਦ ਕਰੀਏ ?

36 ਵਰ੍ਹੇ ਪਹਿਲਾਂ ਨਵੰਬਰ ਦੇ ਪਹਿਲੇ ਹਫਤੇ ਇੰਡੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖਾਂ ਨੂੰ ਜਿਉਂਦੇ ਜੀਅ ਅਤੇ ਉਹਨਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਗਈਆਂ, ਧੀਆਂ ਭੈਣਾਂ ਦੀ ਬੇਪਤੀ ਕੀਤੀ ਗਈ, ਮਾਰ ਕੁੱਟ ਕੀਤੀ ਗਈ, ਗਲਾਂ ਚ ਟਾਇਰ ਪਾਏ ਗਏ ਅਤੇ ਇਹ ਸਭ ਕਰਦਿਆਂ ਜਸ਼ਨ ਵੀ ਮਨਾਏ ਗਏ। ਸਿੱਖਾਂ ਨੇ ਇਸ ਨੂੰ 'ਤੀਸਰੇ ਘੱਲੂਘਾਰੇ' ਵਜੋਂ ਯਾਦ ਰੱਖਿਆ ਹੋਇਆ ਹੈ ਅਤੇ ਦੁਨੀਆਂ ਦੇ ਮੁਹਾਵਰੇ ਵਿੱਚ ਦੁਨੀਆਂ ਤੱਕ ਪਹੁੰਚਾਉਣ ਲਈ ਸਿੱਖਾਂ ਵੱਲੋਂ ਇਸ ਨੂੰ 'ਸਿੱਖ ਨਸਲਕੁਸ਼ੀ' ਕਿਹਾ ਜਾਂਦਾ ਹੈ। ਇਹਨਾਂ ਵਰ੍ਹਿਆਂ ਵਿਚ ਇਹ ਗੱਲ ਸਪਸ਼ੱਟ ਹੈ ਕਿ ਇਹ ਵਰਤਾਰਾ ਭੁੱਲ ਜਾਣ ਅਤੇ ਯਾਦ ਰੱਖਣ ਦੀ ਜੰਗ ਹੈ ਤੇ ਸ਼ਾਇਦ ਹਮੇਸ਼ਾ ਹੀ ਰਹੇਗਾ। ਜਦੋਂ ਗੱਲ ਕਿਸੇ ਵਰਤਾਰੇ ਨੂੰ ਯਾਦ ਰੱਖਣ ਦੀ ਆਉਂਦੀ ਹੈ ਤਾਂ ਇਹ ਗੱਲ ਦਾ ਇਲਮ ਹੋਣਾ ਕਿ ਯਾਦ ਕਿਉਂ ਰੱਖਣਾ ਹੈ ਤੇ ਕਿਵੇਂ ਰੱਖਣਾ ਹੈ, ਬਹੁਤ ਜਿਆਦਾ ਜਰੂਰੀ ਹੁੰਦਾ ਹੈ, ਨਹੀਂ ਤਾਂ ਅਸੀਂ ਉਸ ਵਰਤਾਰੇ ਦੀ ਠੀਕ ਸਮਝ ਨਹੀਂ ਬਣਾ ਪਾਉਂਦੇ ਅਤੇ ਇਤਿਹਾਸ ਸਬੰਧੀ ਆਪਣੀ ਬਣਦੀ ਜਿੰਮੇਵਾਰੀ ਵੀ ਨਹੀਂ ਨਿਭਾ ਪਾਉਂਦੇ।

ਜਦੋਂ ਅਸੀਂ ਇਸ ਨੂੰ 'ਨਸਲਕੁਸ਼ੀ' ਕਹਿ ਕਿ ਯਾਦ ਕਰਦੇ ਹਾਂ ਤਾਂ ਇਕ ਗੱਲ ਤਾਂ ਸਪਸ਼ੱਟ ਹੋ ਜਾਂਦੀ ਹੈ ਕਿ ਇਹ ਅਚਾਨਕ ਵਰਤਿਆ ਵਰਤਾਰਾ ਨਹੀਂ ਹੈ ਸਗੋਂ ਇਹ ਗਿਣ ਮਿਥ ਕੇ ਹੋਇਆ ਕਿਉਂਕਿ ਨਸਲਕੁਸ਼ੀ ਅਕਸਰ ਹੀ ਗਿਣ ਮਿਥ ਕੇ ਕੀਤੀ ਜਾਂਦੀ ਹੈ ਜਿਸ ਵਿੱਚ ਨਸਲਕੁਸ਼ੀ ਕਰਨ ਵਾਲੇ ਅੰਦਰ ਇਹ ਗੱਲ ਮੁੱਢਲੇ ਰੂਪ ਵਿੱਚ ਪਈ ਹੁੰਦੀ ਹੈ ਕਿ ਉਹ ਅਤੇ ਦੂਸਰੀ ਧਿਰ (ਜਿਸਦੀ ਨਸਲਕੁਸ਼ੀ ਕਰਨੀ ਹੈ) ਵਿੱਚ ਫਰਕ ਹੈ, ਤੇ ਫਰਕ ਵੀ ਇੰਨਾ ਜਿਆਦਾ ਕਿ ਦੂਸਰੀ ਧਿਰ ਨੂੰ ਮਨੁੱਖ ਦੀ ਸ਼੍ਰੇਣੀ ਚੋਂ ਹੀ ਬਾਹਰ ਕਰ ਦੇਣਾ ਕਿ ਸਾਹਮਣੇ ਵਾਲਾ ਮਨੁੱਖ ਹੀ ਹੈ ਨਹੀਂ, ਉਹ ਵੀ ਸਿਰਫ ਆਪਣੇ ਲਈ ਨਹੀਂ ਸਗੋਂ ਯਤਨ ਕਰਨੇ ਕਿ ਹੋਰਾਂ ਨੂੰ ਵੀ ਇਹ ਗੱਲ ਜਚਾਈ ਜਾ ਸਕੇ। ਇਸੇ ਹੀ ਤਰ੍ਹਾਂ ਨਵੰਬਰ 1984 ਦੇ ਪਹਿਲੇ ਹਫਤੇ ਵਾਪਰਿਆ ਜਿਸ ਵਿੱਚ ਪੂਰਾ ਗਿਣ ਮਿਥ ਕੇ, ਪੂਰੀ ਤਿਆਰੀ ਦੇ ਨਾਲ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਸਿੱਖਾਂ ਨੂੰ ਸਿਰਫ ਇਸ ਕਰਕੇ ਮਾਰਿਆ ਗਿਆ ਕਿ ਉਹ ਸਿੱਖ ਹਨ। ਇਹ ਅਣਮਨੁੱਖੀ ਵਰਤਾਰਾ ਰਾਤੋ ਰਾਤ ਕਿਸੇ ਗੁੱਸੇ ਕਾਰਨ ਜਾ ਸੋਗ ਕਾਰਨ ਨਹੀਂ ਸੀ ਹੋਇਆ ਸਗੋਂ ਬਕਾਇਦਾ ਵੋਟਰ ਸੂਚੀਆਂ ਅਤੇ ਹੋਰ ਇਸ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਨਾਲ ਸਨਾਖਤ ਕੀਤੀ ਗਈ ਕਿ ਸਿੱਖ ਕਿੱਥੇ ਕਿੱਥੇ ਰਹਿੰਦੇ ਹਨ ਅਤੇ ਕਿਹੜੇ ਘਰ ਸਿੱਖਾਂ ਦੇ ਆਪਣੇ ਹਨ ਅਤੇ ਕਿਹੜੇ ਕਿਰਾਏ ਤੇ, ਇਸੇ ਲਈ ਜਿਹੜੇ ਘਰ ਸਿੱਖਾਂ ਦੇ ਸਨ ਓਥੇ ਘਰਾਂ ਨੂੰ ਵੀ ਅੱਗ ਲਾਈ ਗਈ ਅਤੇ ਜਿਹੜੇ ਕਿਰਾਏ ਤੇ ਸਨ ਓਥੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਸਮਾਨ ਨੂੰ ਅੱਗ ਲਾਈ ਗਈ, ਓਥੇ ਘਰ ਨੂੰ ਅੱਗ ਨਹੀਂ ਲਾਈ। ਕਿਸੇ ਮਨੁੱਖ ਨੂੰ ਜਿਉਂਦੇ ਨੂੰ ਸਾੜਨਾ ਤੇ ਸਾੜਨ ਵਕਤ ਖੁਸ਼ੀ ਮਨਾਉਣੀ, ਇਹ ਕਿਵੇਂ ਸੰਭਵ ਹੁੰਦਾ ਜੇਕਰ ਸਾਹਮਣੇ ਵਾਲਾ ਵੀ ਮਨੁੱਖ ਜਾਪਦਾ, ਇਹ ਵੀ ਕੋਈ ਇਕ ਅੱਧੀ ਘਟਨਾ ਨਹੀਂ ਸੀ ਸਗੋਂ ਪੂਰੀ ਜਥੇਬੰਦਕ ਮੁਹਿੰਮ ਦੀ ਇਹੀ ਪਹੁੰਚ ਸੀ। ਅਕਸਰ ਇਹ ਕੰਮ ਕਿਸੇ ਵੱਡੀ ਘਟਨਾ ਦੀ ਆੜ ਵਿੱਚ ਹੀ ਕੀਤਾ ਜਾਂਦਾ ਹੈ, ਉਦੋਂ ਵੀ ਇੰਦਰਾ ਗਾਂਧੀ ਦੀ ਮੌਤ ਦੇ ਬਹਾਨੇ ਇਹ ਸਭ ਕੀਤਾ ਗਿਆ ਤੇ ਬਕਾਇਦਾ ਰਜੀਵ ਗਾਂਧੀ ਵੱਲੋਂ ਇਹ ਕਿਹਾ ਗਿਆ ਕਿ ਜਦੋਂ ਕੋਈ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ ਅਤੇ ਬਾਅਦ ਚ ਵੀ ਇਸ ਤਰ੍ਹਾਂ ਦੀ ਮਾਨਸਿਕਤਾ ਵਾਲੇ ਲੋਕਾਂ ਵੱਲੋਂ ਇਸ ਵਰਤਾਰੇ ਨੂੰ ਇੰਦਰਾ ਗਾਂਧੀ ਦੇ ਕਤਲ ਤੇ ਸਾਰੇ ਸਿੱਖਾਂ ਦੀ ਸਹਿਮਤੀ ਹੋਣ ਦੀ ਦਲੀਲ ਨਾਲ ਸਹੀ ਸਿੱਧ ਕਰਨ ਦਾ ਯਤਨ ਕੀਤਾ ਗਿਆ। ਮੁਕਰਨ ਦੇ ਹੋਰ ਸਾਰੇ ਸੰਭਵ ਯਤਨ ਕੀਤੇ ਗਏ, ਜਿਸ ਵਿੱਚ ਆਪਣੇ ਹਿਸਾਬ ਨਾਲ ਵਿਆਖਿਆ ਕਰਨੀ, ਕਤਲ ਕੀਤੇ ਵਿਅਕਤੀਆਂ ਦੀ ਗਿਣਤੀ ਸਹੀ ਨਾ ਦੱਸਣੀ, ਕਾਤਲਾਂ ਦੀ ਪਹਿਚਾਣ ਲੁਕਾਉਣੀ, ਵਰਤਾਰੇ ਨੂੰ ਆਪਣੇ ਨਾਮ ਦੇਣੇ ਜਿਵੇਂ ਦੰਗੇ, ਦਿੱਲੀ ਦੰਗੇ, ਸਿੱਖ ਵਿਰੋਧੀ ਦੰਗੇ, ਸਿੱਖ ਦੰਗੇ ਆਦਿ।

36 ਵਰ੍ਹਿਆਂ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਇਸ ਵਰਤਾਰੇ ਨੂੰ ਆਪਣੇ ਪਿੰਡੇ ਤੇ ਹੰਢਾਉਣ ਵਾਲੇ ਸਿੱਖ ਪਰਿਵਾਰਾਂ ਨੂੰ ਪੀੜਤ ਕਹਿ ਕਹਿ ਕੇ ਇਨਸਾਫ ਦਵਾਉਣ ਦੀ ਗੱਲ ਕਰਦੀਆਂ ਰਹੀਆਂ ਹਨ ਅਤੇ ਸਿੱਖਾਂ ਵਿਚੋਂ ਵੀ ਵੱਡਾ ਹਿੱਸਾ ਆਪਣੇ ਆਪ ਨੂੰ ਪੀੜਤ ਹੋਣ ਦੀ ਨਜ਼ਰ ਨਾਲ ਹੀ ਵੇਖਣ ਲਗ ਪਿਆ ਹੈ, ਉਸ ਵਕਤ ਦੀਆਂ ਤਸਵੀਰਾਂ, ਚਲਦੀਆਂ ਮੂਰਤਾਂ ਆਦਿ ਨੂੰ ਯਾਦਗਾਰੀ ਸਮਾਗਮਾਂ ਰਾਹੀਂ ਤਰਸ ਦੀ ਭਾਵਨਾ ਚੋਂ ਵੇਖਣ ਵਖਾਉਣ ਦੀ ਲਗਾਤਾਰਤਾ ਨੇ ਸਾਨੂੰ ਕਾਤਲਾਂ/ਜਾਬਰਾਂ ਤੋਂ ਇਨਸਾਫ ਦੀ ਭੀਖ ਮੰਗਣ ਦੇ ਪੁੱਠੇ ਜਿਹੇ ਅਮਲ ਚ ਪਾ ਰੱਖਿਆ ਹੈ ਜੋ ਸਾਡੀ ਰਵਾਇਤ ਦੇ ਬਿਲਕੁਲ ਉਲਟ ਹੈ। ਛੇਵੇਂ ਪਾਤਸ਼ਾਹ ਜਦੋਂ ਬੀਬੀ ਵੀਰੋ ਦੇ ਵਿਆਹ ਦੇ ਆਹਰ ਵਿੱਚ ਸਨ, ਅਚਨਚੇਤ ਹਮਲਾ ਹੋਇਆ, ਤਾਂ ਵੀ ਸਿੱਖਾਂ ਨੇ ਗੁਰੂ ਪਾਤਸ਼ਾਹ ਦੀ ਕਮਾਨ ਹੇਠ ਪਹਿਲੀ ਜੰਗ ਪੂਰੀ ਬਹਾਦਰੀ ਨਾਲ ਲੜੀ ਪਰ ਨਵੰਬਰ 1984 'ਚ ਕੁਝ ਵਿਰਲਿਆਂ ਨੂੰ ਛੱਡ ਕੇ, ਜੇਕਰ ਬਾਕੀ ਆਪਣੀ ਰਵਾਇਤ ਦੀ ਬਾਂਹ ਨਹੀਂ ਸਨ ਫੜ ਸਕੇ ਕਿਓਂਕਿ ਹਮਲਾਵਰ ਅਚਨਚੇਤ ਚੜ੍ਹ ਕੇ ਆ ਗਿਆ ਸੀ, ਜਿਸਦਾ ਸਿੱਖਾਂ ਨੂੰ ਕੋਈ ਅੰਦਾਜਾ ਨਹੀਂ ਸੀ ਤਾਂ ਘੱਟੋ ਘੱਟ ਹੁਣ ਉਸ ਵਰਤਾਰੇ ਨੂੰ ਯਾਦ ਕਰਨ ਵਕਤ ਅਤੇ ਇਨਸਾਫ ਦੀ ਮੰਗ ਰੱਖਣ ਵਕਤ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਰਵਾਇਤ ਅਨੁਸਾਰ ਇਹ ਅਮਲ ਕਰੀਏ।

ਸਾਡੀ ਰਵਾਇਤ ਜ਼ੁਲਮ ਦਾ ਟਾਕਰਾ ਕਰਨ ਦੀ ਹੈ, ਗੁਰੂ ਦੇ ਭਾਣੇ, ਗੁਰੂ ਦੀ ਰਜ਼ਾ ਚ ਸ਼ੁਕਰ ਕਰਨ ਦੀ ਹੈ, ਮਨੁੱਖੀ ਹੱਕਾਂ ਦੀ ਰਾਖੀ ਕਰਨ ਦੀ ਹੈ। ਸਾਡੀ ਜਿੰਮੇਵਾਰੀ ਤਾਂ ਕੁਲ ਦੁਨੀਆਂ ਤੇ ਬਰਾਬਰਤਾ ਅਤੇ ਸਰਬੱਤ ਦੇ ਭਲੇ ਦੇ ਢਾਂਚੇ ਖੜੇ ਕਰਨ ਦੀ ਹੈ ਫਿਰ ਅਸੀਂ ਇਹ ਸਾਰੇ ਵਰਤਾਰੇ ਨੂੰ ਢਹਿੰਦੀ ਕਲਾ ਨਾਲ ਕਿਵੇਂ ਯਾਦ ਕਰ ਸਕਦੇ ਹਾਂ ? ਜਿਉਂਦੀਆਂ ਕੌਮਾਂ ਹੀ ਘੱਲੂਘਾਰਿਆਂ 'ਚੋਂ ਲੰਘਦੀਆਂ ਹਨ ਤੇ ਸਾਨੂੰ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਲਈ ਇਤਿਹਾਸ ਦੇ ਅਜਿਹੇ ਵਰਤਾਰਿਆਂ ਨੂੰ ਸਹੀ ਥਾਂ ਖੜ ਕੇ ਵੇਖਣਾ ਅਤੇ ਸਮਝਣਾ ਪੈਣਾ ਹੈ, ਜੋ ਵਾਪਰਿਆ ਓਹਦੇ ਨਾਲ ਸਬੰਧਿਤ ਸਮੱਗਰੀ ਇਕੱਤਰ ਕਰਕੇ ਪੜਚੋਲ ਕਰਨੀ ਪੈਣੀ ਹੈ, ਜੋ ਝੂਠ ਸਿਰਜੇ ਗਏ ਉਹ ਭੰਨਣੇ ਪੈਣੇ ਹਨ, ਅਗਾਂਹ ਨੂੰ ਅਜਿਹੀਆਂ ਨਸਲਕੁਸ਼ੀਆਂ ਤੋਂ ਸੁਚੇਤ ਰਹਿਣਾ ਪੈਣਾ ਹੈ ਅਤੇ ਜੇਕਰ ਅਜਿਹਾ ਕੁਝ ਵਾਪਰਦਾ ਹੈ ਤਾਂ ਟਾਕਰਾ ਕਰਨ ਲਈ ਆਪਣੇ ਆਪ ਨੂੰ ਤਿਆਰ ਰੱਖਣਾ ਪੈਣਾ ਹੈ।

# ਆਰਐਸਐਸ ਦਾ ਹਿੰਦੂ ਰਾਸ਼ਟਰਵਾਦ ਜਮਹੂਰੀਅਤ ਤੇ ਰੱਬ ਵਿਰੋਧੀ

**ਭੱਖਦਾ ਮੱਸਲਾ**

**- ਰਜਿੰਦਰ ਸਿੰਘ**

ਆਰਐਸਐਸ ਨੇਤਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਪਲੇਟਫ਼ਾਰਮ ਤੋਂ ਬੋਲਦੇ ਹਨ, ਜਨਤਾ ਨਾਲ ਸੰਚਾਰ ਨਹੀਂ ਕਰਦੇ ਅਤੇ ਕਿਸੇ ਵੀ ਪ੍ਰਸ਼ਨ ਦਾ ਉੱਤਰ ਨਹੀਂ ਦਿੰਦੇ। ਇਸ ਲਈ ਉਹ ਧਰਮ ਦੇ ਨਾਮ ਤੇ ਅਧਰਮ, ਗਿਆਨ ਦੇ ਨਾਮ ਤੇ ਅਗਿਆਨਤਾ ਅਤੇ ਸੱਚ ਦੇ ਨਾਮ ਤੇ ਝੂਠ ਤੇ ਕੂੜ ਦਾ ਪਾਸਾਰ ਕਰਦੇ, ਹਿੰਦੂ ਰਾਸ਼ਟਰਵਾਦ ਦਾ ਏਜੰਡਾ ਪੇਸ਼ ਕਰਦੇ ਹਨ। ਇਹ ਯਾਦ ਰੱਖੋ ! ਕਿ ਆਰਐਸਐਸ ਝੂਠ, ਫ਼ਿਰਕੂ ਵਾਦ ਦੀ ਫ਼ੈਕਟਰੀ ਹੈ, ਜਮਹੂਰੀਅਤ ਦਾ ਵਿਰੋਧ ਕਰਨ ਵਾਲੀਆਂ ਫ਼ਿਰਕੂ ਪਾਰਟੀਆਂ ਇੱਥੋਂ ਹੀ ਤਿਆਰ ਹੁੰਦੀਆਂ ਹਨ। ਆਓ ! ਹੁਣ ਮੋਹਨ ਭਾਗਵਤ ਦੇ ਜੁਮਲੇ ਦਾ ਵਿਸ਼ਲੇਸ਼ਣ ਕਰੀਏ।

ਮੋਹਨ ਭਾਗਵਤ ਕਹਿੰਦੇ ਹਨ, "ਰਾਜਨੀਤਿਕ ਲਾਭ ਲਈ ਹਿੰਦੂ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਹਿੰਦੂਆਂ ਨੂੰ ਇਸ ਸਾਜ਼ਿਸ਼ ਵਿਰੁੱਧ ਇੱਕਜੁੱਟ ਹੋਣ ਦੀ ਲੋੜ ਹੈ।" ਪਰ ਉਸ ਨੇ ਇਹ ਨਹੀਂ ਕਿਹਾ ਕਿ ਕੌਣ ਰਾਜਨੀਤਿਕ ਲਾਭ ਲਈ ਹਿੰਦੂ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਰਚ ਰਿਹਾ ਹੈ ? ਕੀ ਇਹ ਸਾਜ਼ਿਸ਼ ਮੁਸਲਮਾਨਾਂ ਜਾਂ ਈਸਾਈਆਂ ਦੁਆਰਾ ਰਚੀ ਜਾ ਰਹੀ ਹੈ ਜਾਂ ਸਿੱਖਾਂ ਵੱਲੋਂ ? ਜੇ ਮੁਸਲਮਾਨ ਇਹ ਸਾਜ਼ਿਸ਼ ਕਰ ਰਹੇ ਹਨ ਤਾਂ ਉਹ ਹਿੰਦੂਆਂ ਨੂੰ ਕਿਵੇਂ ਵੰਡ ਰਹੇ ਹਨ ? ਅਤੇ ਉਨਾਂ ਨੇ ਕਿੰਨਾ ਹਿੰਦੂਆਂ ਨੂੰ ਵੰਡਿਆ ? ਜੇ ਈਸਾਈ ਹਿੰਦੂਆਂ ਨੂੰ ਵੰਡਣ ਦੀ ਸਾਜ਼ਿਸ਼ ਰਚ ਰਹੇ ਹਨ, ਤਾਂ ਉਨਾਂ ਦੀ ਦੇਸ਼ ਵਿਚ ਕਿੰਨੀ ਤਾਕਤ ਹੈ, ਜਿਸ ਨੂੰ ਉਹ ਹਿੰਦੂਆਂ ਵਿਚ ਵੰਡਣਗੇ ? ਮੋਹਨ ਭਾਗਵਤ ਇਨਾਂ ਵਿੱਚੋਂ ਕਿਸੇ ਵੀ ਪ੍ਰਸ਼ਨ ਦਾ ਉੱਤਰ ਨਹੀਂ ਦਿੰਦੇ। ਭਾਗਵਤ ਦਾ ਵਿਚਾਰ ਸੱਚ ਨਹੀਂ ਹੈ, ਝੂਠ ਹੈ। ਆਰ ਐੱਸ ਐੱਸ ਦੇ ਨੇਤਾ ਇਸ ਸੱਚ ਨੂੰ ਛੁਪਾਉਣਾ ਚਾਹੁੰਦੇ ਹਨ ਕਿ ਹਿੰਦੂ ਸਮਾਜ ਆਪਣੇ ਆਪ ਵਿਚ ਵਰਨਾਂ ਅਤੇ ਹਜ਼ਾਰਾਂ ਜਾਤੀਆਂ ਵਿਚ ਵੰਡਿਆ ਹੋਇਆ ਸਮਾਜ ਹੈ ਤਾਂ ਫਿਰ ਕੌਣ ਸਮਾਜ ਨੂੰ ਪਹਿਲਾਂ ਹੀ ਖੰਡਿਤ ਕਰ ਸਕਦਾ ਹੈ ? ਬ੍ਰਾਹਮਣ, ਖੱਤਰੀ ਅਤੇ ਵੈਸ਼ ਦੇ ਭਾਈਚਾਰਕ ਹਿਤ ਵੱਖਰੇ ਹਨ। ਇਹ ਤਿੰਨ ਇਕਾਈਆਂ ਹਮੇਸ਼ਾ ਦਲਿਤ-ਪਛੜੀਆਂ ਜਾਤੀਆਂ ਨੂੰ ਦਬਾਉਣ ਲਈ ਵਰਤੀਆਂ ਜਾਂਦੀਆਂ ਹਨ ।

ਦਲਿਤ-ਪਛੜੀਆਂ ਜਾਤੀਆਂ ਵਿਕਾਊ ਵੋਟ ਬੈਕ ਤਹਿਤ ਭਾਜਪਾ ਨੂੰ ਵੋਟ ਦੇ ਕੇ ਆਰ ਐੱਸ ਐੱਸ ਨੂੰ ਮਜ਼ਬੂਤ ਕਰਦੇ ਹਨ। ਇਹ ਯਾਦ ਰੱਖੋ; ਕਿ ਆਰਐਸਐਸ ਮੁਸਲਿਮ ਵਿਰੋਧੀ ਹੈ, ਪਰ ਲੋਕ ਇਹ ਵੀ ਚੰਗੀ ਤਰਾਂ ਜਾਣਦੇ ਹਨ ਕਿ ਇਸ ਦਾ ਅਸਲ ਕੰਮ ਦਲਿਤ-ਓ ਬੀ ਸੀ ਜਾਤੀਆਂ ਨੂੰ ਦਬਾਉਣ ਦਾ ਹੈ।

ਭਾਗਵਤ ਅਨੁਸਾਰ, 'ਹਿੰਦੂ ਸ਼ਬਦ ਦੇਸ਼ ਦੀ ਸਾਰੀ ਆਬਾਦੀ 'ਤੇ ਲਾਗੂ ਹੁੰਦਾ ਹੈ ਅਤੇ ਉਨਾਂ ਸਾਰਿਆਂ 'ਤੇ ਢੁੱਕਦਾ ਹੈ ਜਿਹੜੇ ਆਪਣੇ ਵੱਡੇ-ਵਡੇਰਿਆਂ ਦੀ ਵਿਰਾਸਤ 'ਤੇ ਮਾਣ ਕਰਦੇ ਹਨ।' ਉਸ ਨੇ ਇਹ ਦਲੀਲ ਵੀ ਦਿੱਤੀ ਕਿ ਹਿੰਦੂ ਹੋਣ ਦਾ ਮਤਲਬ ਆਪਣੇ ਵਿਸ਼ਵਾਸ, ਭਾਸ਼ਾ, ਧਰਮ ਜਾਂ ਕਿਸੇ ਹੋਰ ਪਛਾਣ ਨੂੰ ਤਿਆਗਣਾ ਨਹੀਂ। ਇਸ ਤਰਾਂ ਆਰਐੱਸਐੱਸ ਅਤੇ ਭਾਗਵਤ ਅਨੁਸਾਰ ਇਸ ਦੇਸ਼ ਵਿਚ ਵੱਸਣ ਵਾਲੇ ਸਾਰੇ ਹਿੰਦੂ ਹਨ।

ਆਰਐੱਸਐੱਸ ਅਤੇ ਭਾਗਵਤ ਦੀ 'ਹਿੰਦੂ' ਸ਼ਬਦ ਦੀ ਇਹ ਪਰਿਭਾਸ਼ਾ ਵੱਡੀਆਂ ਮੁਸ਼ਕਲਾਂ ਪੈਦਾ ਕਰਨ ਵਾਲੀ ਹੈ। ਹਿੰਦੂ ਸ਼ਬਦ ਵੇਦਾਂ, ਉਪਨਿਸ਼ਦਾਂ ਜਾਂ ਹੋਰ ਧਾਰਮਿਕ ਗ੍ਰੰਥਾਂ ਵਿਚ ਬਿਲਕੁਲ ਨਹੀਂ ਹੈ। ਸਦੀਆਂ ਤਕ ਇਸ ਦੇਸ਼ ਵਿਚ ਵੱਸਦੇ ਵੱਖ ਵੱਖ ਪੰਥ ਅਤੇ ਲੋਕ ਧਰਮ ਜਿਵੇਂ: ਸ਼ੈਵ, ਵੈਸ਼ਨਵ, ਸਨਾਤਨ ਧਰਮ ਅਤੇ ਹੋਰ ਸੈਂਕੜੇ ਰਹੁ-ਰੀਤੀਆਂ ਵਿਚ ਬੱਧੇ ਲੋਕ ਆਪਣੇ ਆਪ ਨੂੰ ਵੱਖ ਵੱਖ ਇਕਾਈਆਂ ਸਮਝਦੇ ਸਨ। ਬਾਅਦ ਵਿਚ ਬੁੱਧ ਧਰਮ ਅਤੇ ਜੈਨ ਧਰਮ ਉੱਭਰੇ ਅਤੇ ਬੁੱਧ ਧਰਮ ਨੇ ਸਮਾਜਿਕ ਏਕਤਾ ਅਤੇ ਇਨਸਾਨੀ ਬਰਾਬਰੀ ਦੇ ਪੂਰਨੇ ਪਾਉਣ ਦਾ ਯਤਨ ਕੀਤਾ ਤੇ ਕਦੇ ਬੁੱਧ ਧਰਮ ਨੇ ਆਪਣੇ ਆਪ ਨੂੰ ਹਿੰਦੂ ਧਰਮ ਵਿਚ ਨਹੀਂ ਗਿਣਿਆ। ਅੰਗਰੇਜ਼ ਬਸਤੀਵਾਦ ਦੇ ਸਮਿਆਂ ਵਿਚ ਬਹੁਤ ਸਾਰੇ ਪੰਥਾਂ ਅਤੇ ਲੋਕ-ਧਰਮਾਂ ਨੂੰ ਇਸ ਸ਼ਬਦ (ਹਿੰਦੂ) ਦੀ ਸ਼੍ਰੇਣੀ ਵਿਚ ਰੱਖਿਆ ਅਤੇ ਪੱਕਿਆਂ ਕੀਤਾ ਗਿਆ।

ਮੋਹਨ ਭਾਗਵਤ ਦਾ ਹਿੰਦੂ ਸੰਕਲਪ ਇਕ ਫਰਾਡ ਤੇ ਝੂਠ ਹੈ, ਕਿ ਸਾਰਾ ਭਾਰਤ ਹਿੰਦੂ ਸਭਿਆਚਾਰ ਦਾ ਅੰਗ ਹੈ ਤੇ ਭਾਰਤ ਹਿੰਦੂ ਰਾਸ਼ਟਰਵਾਦ ਹੈ। ਪਹਿਲੀ ਗਲ ਜਿਸ ਸੰਵਿਧਾਨ ਦੀ ਸਹੁੰ ਖ਼ਾਕੇ ਤੁਸੀਂ ਰਾਜ ਕਰ ਰਹੇ ਹੋ ,ਉਸ ਵਿਚੋਂ ਘੋਖ ਕੇ ਦੱਸੋ ਕਿ ਹਿੰਦੂ ਦੀ ਪਰਿਭਾਸ਼ਾ ਕੀ ਹੈ। ਹਿੰਦੂ ਭਾਈਚਾਰਾ ਵੈਦਿਆ ਗਰੰਥਾਂ ਨੂੰ ਆਪਣਾ ਧਰਮ ਸਮਝਦਾ ਹੈ ਉਸ ਵਿਚ ਇਹ ਵਿਆਖਿਆ ਕਿਥੇ ਹੈ। ਹਿੰਦੂ ਸੰਕਲਪ ਕਿਥੇ ਹੈ। ਵੇਦ ਸੱਚ ਤੇ ਬ੍ਰਹਮ ਦੀ ਗਲ ਕਰਦੇ ਹਨ ,ਪਰ ਤੁਸੀਂ ਬ੍ਰਹਮ ਵਿਰੋਧੀ ਬ੍ਰਾਹਮਣਵਾਦ ਦੀ ਗਲ ਕਰਕੇ, ਸਮੁੱਚੀਆਂ ਸੰਸਕ੍ਰਿਤੀਆਂ ਨੂੰ ਖ਼ਤਮ ਕਰਕੇ, ਰੱਬੀ ਤੇ ਬ੍ਰਹਮ ਬਣਤਰ ਤੇ ਵਜੂਦ ਨੂੰ ਚੈਲਿੰਜ ਕਰ ਰਹੇ ਹੋ। ਰੱਬ ਦੀ ਭਿੰਨ ਭਿੰਨ ਸਵੰਨਤਾ ਵਾਲੀ ਕੁਦਰਤ ਤੁਸੀਂ ਕਿਵੇਂ ਬਦਲ ਸਕਦੇ ਹੋ। ਬ੍ਰਹਮਾ ਸਿਮਰਤੀਆਂ ਵਿਚ ਹੈ ਜਿਸ ਦਾ ਖ਼ਾਸਾ ਜਾਤੀਵਾਦੀ, ਦਲਿਤ ਤੇ ਮਨੁੱਖਤਾ ਵਿਰੋਧੀ ਰੱਬੀ ਸੱਚ ਨੂੰ ਚੈਲਿੰਜ ਕਰਨ ਵਾਲਾ ਹੈ।

ਤੁਸੀਂ ਭਗਵਾਨ ਦੀ ਕੁਦਰਤ ਨੂੰ ਚੈਲਿੰਜ ਕਿਵੇਂ ਕਰ ਸਕਦੇ ਹੋ। ਜੋ ਤੁਸੀਂ ਝੂਠ ਬੋਲ ਰਹੇ ਹੋ, ਇਹ ਸਭ ਬ੍ਰਾਹਮਣਵਾਦ ਦੀ ਦੇਣ ਹੈ ਜੋ ਮਨੁੱਖਤਾ ਵਿਚ ਵੰਡੀਆਂ ਪਾਉਂਦਾ ਹੈ ਪਰ ਇਹ ਰੱਬੀ ਸੱਚ ਨਹੀਂ। ਕੀ ਵੰਡੀਆਂ ਪਾਉਣਾ ਦੇਸ ਭਗਤੀ ਹੈ। ਪਾਕਿਸਤਾਨ, ਚੀਨ ਦੇ ਖ਼ਤਰੇ ਦੇਸ ਉੱਪਰ ਮੰਡਰਾ ਰਹੇ ਹਨ।

ਤੁਸੀਂ ਵਾਦ ਵਿਵਾਦ ਪੈਦਾ ਕਰਕੇ ਸਮਾਜ ਵਿਚ ਕੁੜੱਤਣ ਵਧਾ ਰਹੇ ਹੋ। ਨਵੇਂ ਖ਼ਤਰੇ ਪੈਦਾ ਕਰ ਰਹੇ ਹੋ। ਵੇਦਾਂ ਦਾ ਸੱਚ ਮਨੁੱਖਤਾ ਪ੍ਰੇਮ ਹੈ ਤੇ ਇਹ ਪ੍ਰੇਮ ਦਰਿਆ ਵਗਣ ਦਿਓ। ਗੁਰੂ ਗ੍ਰੰਥ ਸਾਹਿਬ ਪੜੋ ਤਾਂ ਜੋ ਵੈਦਿਕ ਫ਼ਿਲਾਸਫ਼ੀ ਦਾ ਸੱਚ ਤੁਹਾਨੂੰ ਸਮਝ ਆ ਸਕੇ।

**ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।।**
**ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ।।**
**(ਪੰਨਾ 489)**

ਪੁਰਾਣਾਂ ਵਿੱਚ ਕਥਾ ਆਉਂਦੀ ਹੈ ਕਿ ਜਿਸ ਬ੍ਰਹਮਾ ਦੇ ਰਚੇ ਹੋਏ; 'ਵੇਦ' ਪੰਡਿਤ ਲੋਕ ਮਿੱਠੀ ਸੁਰ ਵਿੱਚ ਨਿੱਤ ਪੜਦੇ ਹਨ, ਉਹ ਬ੍ਰਹਮਾ,ਵਿਸ਼ਨੂੰ ਦੀ ਧੁੰਨੀ ਵਿਚੋਂ ਉੱਗੇ ਹੋਏ ਕੌਲ ਦੀ ਨਾਲ ਤੋਂ ਜੰਮਿਆ ਤੇ ਆਪਣੇ ਜਨਮ-ਦਾਤੇ ਦੀ ਕੁਦਰਤੀ ਦਾ ਅੰਤ ਲੱਭਣ ਲਈ ਉਸ ਨਾਲ ਵਿੱਚ ਚੱਲ ਪਿਆ, ਕਈ ਜੁੱਗ ਉਸ ਨਾਲ ਦੇ ਹਨੇਰੇ ਵਿੱਚ ਹੀ ਆਉਂਦਾ ਜਾਂਦਾ ਰਿਹਾ, ਪਰ ਬ੍ਰਹਮ ਦਾ ਅੰਤ ਨਾ ਲੱਭ ਸਕਿਆ। ਰੱਬ ਆਪ ਹੀ ਸੰਸਾਰ ਦੀ ਕਾਰ ਚਲਾਉਣ ਵਾਲਾ ਹੈ, ਦੇ ਪ੍ਰਸੰਗ ਵਿੱਚ ਬ੍ਰਹਮਾ ਦੇ ਸ੍ਰਿਸ਼ਟੀ ਰਚਨਾ ਬਾਰੇ ਪ੍ਰਚਲਿਤ ਧਾਰਨਾ ਦੇ ਹਵਾਲੇ ਦੇ ਰੂਪ ਵਿਚ:-"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।। ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।।ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।।"(ਪੰਨਾ 7) ਅਨੁਸਾਰ ਲੋਕਾਂ ਵਿੱਚ ਇਹ ਖ਼ਿਆਲ ਆਮ ਪ੍ਰਚੱਲਿਤ ਹੈ ਕਿ ਇਕੱਲੀ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਪ੍ਰਤੱਖ ਤੌਰ 'ਤੇ ਉਸ ਦੇ ਤਿੰਨ ਪੁੱਤਰ ਜੰਮ ਪਏ। ਉਨਾਂ ਵਿਚੋਂ ਇੱਕ ਬ੍ਰਹਮਾ ਘਰ-ਬਾਰੀ ਬਣ ਗਿਆ। ਭਾਵ, ਜੀਵ-ਜੰਤਾਂ ਨੂੰ ਪੈਦਾ ਕਰਨ ਲੱਗ ਪਿਆ, ਇੱਕ ਵਿਸ਼ਨੂੰ ਭੰਡਾਰੇ ਦਾ ਮਾਲਕ ਬਣ ਗਿਆ। ਭਾਵ, ਜੀਵਾਂ ਨੂੰ ਰਿਜ਼ਕ ਅਪੜਾਣ ਦਾ ਕੰਮ ਕਰਨ ਲੱਗਾ ਅਤੇ ਇੱਕ ਸ਼ਿਵ ਕਚਹਿਰੀ ਲਾਉਂਦਾ ਹੈ। ਭਾਵ, ਜੀਵਾਂ ਨੂੰ ਸੰਘਾਰਦਾ ਹੈ। ਪਰ ਅਸਲ ਗੱਲ ਇਹ ਹੈ ਕਿ ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ, ਇਹਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੁੱਝ ਹੱਥ ਨਹੀਂ।

ਗੁਰੂ ਸਾਹਿਬ ਅੱਗੇ ਬ੍ਰਹਮਾ ਦਾ ਸੰਕਲਪ ਪ੍ਰਗਟ ਕਰਦੇ ਸੱਚ ਦੱਸਦੇ ਹਨ:

**'ਬ੍ਰਹਮੈ ਗਰਬੁ ਕੀਆ ਨਹੀ ਜਾਨਿਆ।।**
**ਬੇਦ ਕੀ ਬਿਪਤਿ ਪੜਪਛੁਤਾਨਿਆ।।**
**ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ।।'**
**(ਪੰਨਾ 224)**

ਬ੍ਰਹਮਾ ਨੇ ਅਹੰਕਾਰ ਕੀਤਾ ਕਿ ਮੈਂ ਇਤਨਾ ਵੱਡਾ ਹਾਂ, ਮੈਂ ਕਵਲ ਦੀ ਨਾਭੀ ਵਿਚੋਂ ਕਿਵੇਂ ਜੰਮ ਸਕਦਾ ਹਾਂ ? ਉਸ ਨੇ ਰੱਬ ਦੀ ਬੇਅੰਤਤਾ ਨੂੰ ਨਹੀਂ ਸਮਝਿਆ। ਜਦੋਂ ਉਸ ਦਾ ਹੰਕਾਰ ਤੋੜਨ ਵਾਸਤੇ ਉਸ ਦੇ ਵੇਦਾਂ ਦੇ ਚੁਰਾਏ ਜਾਣ ਦੀ ਬਿਪਤਾ ਉਸ ਉੱਤੇ ਆ ਪਈ ਤਾਂ ਉਹ ਪਛਤਾਇਆ ਕਿ ਮੈਂ ਆਪਣੇ ਆਪ ਨੂੰ ਵਿਅਰਥ ਹੀ ਇਤਨਾ ਵੱਡਾ ਸਮਝਿਆ।

ਜਦੋਂ ਉਸ ਬਿਪਤਾ ਵੇਲੇ ਉਸ ਨੇ ਬ੍ਰਹਮ ਨੂੰ ਸਿਮਰਿਆ ਤੇ ਬ੍ਰਹਮ ਨੇ ਉਸ ਦਾ ਬੇੜਾ ਪਾਰ ਕੀਤਾ। ਸੋ ਭਾਗਵਤ ਜੀ ਤੁਸੀਂ ਬ੍ਰਹਮ ਦੀ ਥਾਂ ਤੁਸੀਂ ਬ੍ਰਹਮਾ ਦੀ ਮਾਇਆ ਵਿਚ ਯਕੀਨ ਕਰਕੇ ਵੈਦਿਕ ਫ਼ਿਲਾਸਫ਼ੀ ਰੱਦ ਕਰ ਰਹੇ ਹੋ। ਸੋਚੋ, ਸਮਝੋ ਫਿਰ ਬਿਆਨ ਕਰੋ। ਤੁਹਾਡੀ ਰਚਨਾ ਝੂਠ ਹੈ, ਬ੍ਰਹਮ ਸੱਚ ਹੈ।

# ਤਿੰਨਾਂ ਲੋਕਤੰਤਰ ਦੇ ਤਿੰਨ ਦਮਗਜ਼ੇਬਾਜ਼ ਫੈਲਾ ਰਹੇ ਨੇ ਨਸਲਵਾਦੀ ਸਿਆਸਤ

**✪ ਟਰੰਪ ਨੇ ਗਾਲ਼ੀ-ਗਲੋਚ ਤੇ ਔਰਤਾਂ ਪ੍ਰਤੀ ਤਿਰਸਕਾਰ ਦੇ ਤੌਰ ਤਰੀਕਿਆਂ ਨੇ ਵੱਡੀ ਤਾਦਾਦ ਵਿਚ ਔਰਤਾਂ ਵੋਟਰਾਂ ਨੂੰ ਵਿਰੋਧੀ ਬਣਾਇਆ ✪ ਟਰੰਪ ਤੇ ਜੌਹਨਸਨ ਨਾਲੋਂ ਮੋਦੀ ਆਪਣੇ ਦੇਸ ਲਈ ਕਿਤੇ ਵੱਧ ਖ਼ਤਰਨਾਕ ✪ ਕਰੋਨਾ ਦੌਰਾਨ ਟਰੰਪ ਦੀਆਂ ਕਮਜ਼ੋਰੀਆਂ ਤੇ ਭ੍ਰਿਸ਼ਟ ਵਰਤਾਰਾ ਸਾਹਮਣੇ ਆਇਆ ✪ ਬਾਇਡਨ ਅਮਰੀਕਾ ਦਾ ਅਗਲਾ ਰਾਸ਼ਟਰਪਤੀ ਬਣਨ ਦੀ ਦੌੜ ਵਿਚ ਮੋਹਰੀ**



- ਰਾਮਚੰਦਰ ਗੁਹਾ ਇਤਿਹਾਸਕਾਰ

ਕਰੋਨਾ ਮਹਾਂਮਾਰੀ ਨਾਲ ਜਿੰਨੇ ਬੁਰੇ ਤਰੀਕੇ ਨਾਲ ਟਰੰਪ ਸਿੱਝਿਆ, ਉਸ ਤੋਂ ਉਸ ਦੀਆਂ ਪ੍ਰਸ਼ਾਸਕੀ ਕਮਜ਼ੋਰੀਆਂ ਸਾਹਮਣੇ ਆ ਗਈਆਂ ਹਨ ਤੇ ਜਿਵੇਂ ਉਸ ਨੇ ਆਪਣੀਆਂ ਟੈਕਸ ਰਿਟਰਨਾਂ ਨਸ਼ਰ ਕਰਨ ਤੋਂ ਟਾਲਮਟੋਲ ਕੀਤਾ ਉਸ ਤੋਂ ਉਸ ਦੀ ਦਿਆਨਤਦਾਰੀ ਸੰਦੇਹ ਦੇ ਦਾਇਰੇ ਵਿਚ ਆ ਗਈ ਹੈ। ਉਸ ਦੇ ਗਾਲ਼ੀ-ਗਲੋਚ ਤੇ ਔਰਤਾਂ ਪ੍ਰਤੀ ਤਿਰਸਕਾਰ ਦੇ ਤੌਰ ਤਰੀਕਿਆਂ ਨੇ ਵੱਡੀ ਤਾਦਾਦ ਵਿਚ ਔਰਤਾਂ ਵੋਟਰਾਂ ਨੂੰ ਤੋੜ ਲਿਆ ਹੈ ਜਿਨਾਂ 2016 ਵਿਚ ਉਸ ਨੂੰ ਵੋਟਾਂ ਪਾਈਆਂ ਸਨ। ਉਸ ਦੇ ਮੁਕਾਬਲੇ ਜੋਅ ਬਾਇਡਨ ਹੈ ਜੋ ਇਕ ਸਪਸ਼ਟ ਇਨਸਾਨ ਨਜ਼ਰ ਆ ਰਿਹਾ ਹੈ ਤੇ ਜਨਤਕ ਨੀਤੀ ਦੇ ਮਾਮਲੇ ਵਿਚ ਆਪਣਾ ਗਿਆਨ ਵਖਾਲਣ ਦੀ ਥਾਂ ਮਾਹਿਰਾਂ ਦੀ ਗੱਲ ਸੁਣਨਾ ਪਸੰਦ ਕਰਦਾ ਹੈ ਜਿਸ ਕਰ ਕੇ ਉਹ ਇਸ ਵੇਲੇ ਅਮਰੀਕਾ ਦਾ ਅਗਲਾ ਰਾਸ਼ਟਰਪਤੀ ਬਣਨ ਦੀ ਦੌੜ ਵਿਚ ਸਪਸ਼ਟ ਤੌਰ ’ਤੇ ਮੋਹਰੀ ਨਜ਼ਰ ਆ ਰਿਹਾ ਹੈ।

ਜਮਹੂਰੀਅਤਾਂ ਦਾ ਸਾਰ ਤੱਤ ਹੁੰਦਾ ਹੈ ਮਿਲਜੁਲ ਕੇ ਅਤੇ ਸਮੂਹਿਕ ਰੂਪ ਵਿਚ ਸ਼ਾਸਨ ਕਰਨਾ। ਪਰ ਟਰੰਪ ਇਕ ਫ਼ਾਲਤੂ ਦਮਗਜ਼ੇਬਾਜ਼ ਹੈ ਜਿਸ ਦਾ ਇੱਕੋ ਇਕ ਮਕਸਦ ਹੈ ਆਪਣੀ ਵਾਹ-ਵਾਹ ਤੇ ਸਵੈ ਸਿੱਧੀ। ਬਿਨਾਂ ਸ਼ੱਕ, ਪਹਿਲਾਂ ਵੀ ਅਜਿਹੇ ਦਿਲਕਸ਼ ਅਮਰੀਕੀ ਰਾਸ਼ਟਰਪਤੀ ਰਹੇ ਹਨ ਜੋ ਆਪਣੇ ਆਪ ਨੂੰ ਆਪਣੇ ਅਹੁਦੇ ਤੋਂ ਵਧਾ ਚੜ੍ਹਾ ਕੇ ਪੇਸ਼ ਕਰਦੇ ਸਨ। ਇਨਾਂ ਵਿਚ ਵੀਹਵੀਂ ਸਦੀ ਦੇ ਜੌਹਨ ਐਫ. ਕੈਨੇਡੀ ਅਤੇ ਥਿਓਡੋਰ ਰੂਜ਼ਵੈਲਟ ਅਤੇ ਉੱਨੀਵੀਂ ਸਦੀ ਦਾ ਐਂਡ੍ਰਿਊ ਜੈਕਸਨ ਸ਼ਾਮਲ ਸਨ ਪਰ ਇਨਾਂ ‘ਚੋਂ ਕੋਈ ਵੀ ਸਵੈ-ਕੇਂਦਰਤ ਟਰੰਪ ਦੇ ਨੇੜੇ ਤੇੜੇ ਵੀ ਨਹੀਂ ਹੈ।

ਜੇ ਹਾਲੇ ਵੀ ਟਰੰਪ ਆਪਣੀ ਤਾਕਤ ਨਾਲੋਂ ਜ਼ਿਆਦਾ ਨੁਕਸਾਨ ਨਹੀਂ ਕਰ ਪਾਇਆ ਤਾਂ ਇਹ ਮੁੱਖ ਤੌਰ ’ਤੇ ਅਮਰੀਕੀ ਸੰਸਥਾਵਾਂ ਦੀ ਸਮਰੱਥਾ ਤੇ ਅੰਦਰੂਨੀ ਤਾਕਤ ਕਰਕੇ ਹੈ। ਜੇ ਅਗਲੇ ਹਫ਼ਤੇ ਬਾਇਡਨ, ਟਰੰਪ ਨੂੰ ਹਰਾ ਦਿੰਦਾ ਹੈ ਤਾਂ ਅਮਰੀਕਾ ਦੀ ਮੁੜ ਉਸਾਰੀ ਵਿਚ ਅਤੇ ਅੰਦਰੂਨੀ ਫੱਟਾਂ ਨੂੰ ਭਰਨ ਅਤੇ ਦੁਨੀਆ ਭਰ ’ਚ ਆਪਣੀ ਬਣਦੀ ਭੂਮਿਕਾ ਮੁੜ ਹਾਸਲ ਕਰਨ ਵਿਚ ਇਨਾਂ ਸੰਸਥਾਵਾਂ ਦੀ ਅਹਿਮ ਭੂਮਿਕਾ ਰਹੇਗੀ।

ਦੁਨੀਆ ਦੇ ਸਭ ਤੋਂ ਅਮੀਰ ਲੋਕਤੰਤਰ ਦੀ ਤਰਾਂ ਸਭ ਤੋਂ ਪੁਰਾਣੇ ਲੋਕਤੰਤਰ ਭਾਵ ਬਰਤਾਨੀਆ ਵਿਚ ਵੀ ਇਕ ਸਵੈ-ਕੇਂਦਰਤ ਦਮਗਜ਼ੇਬਾਜ਼ ਰਾਜ ਕਰ ਰਿਹਾ ਹੈ। ਬੋਰਿਸ ਜੌਹਨਸਨ ਦਾ ਸੱਤਾ ਵੱਲ ਸਫ਼ਰ ਟਰੰਪ ਨਾਲੋਂ ਜੁਦਾ ਨਹੀਂ ਹੈ। ਆਪਣੀ ਪਾਰਟੀ ਅੰਦਰ ਉਸ ਨੂੰ ਟੈਰੇਸਾ ਮੇਅ ਦੀ ਨੀਰਸ ਤੇ ਉਕਤਾਊ ਦਿੱਖ ਦੇ ਦਿਲਕਸ਼ ਬਦਲ ਵਜੋਂ ਦੇਖਿਆ ਗਿਆ ਸੀ। 2017 ਦੀਆਂ ਆਮ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ ਦੀ ਜਿੱਤ ਦਾ ਇਕ ਕਾਰਨ ਇਹ ਵੀ ਸੀ ਕਿ ਉਸ ਦਾ ਆਗੂ ਚੁਸਤ ਤੇ ਜ਼ਹੀਨ ਲਹਿਜ਼ੇ ਵਿਚ ਗੱਲ ਕਰਦਾ ਸੀ ਜਦਕਿ ਉਸ ਦੇ ਮੁਕਾਬਲੇ ’ਤੇ ਲੇਬਰ ਪਾਰਟੀ ਦੇ ਆਗੂ ਜੈਰੇਮੀ ਕੌਰਬਿਨ ਨੂੰ ਬਹੁਤ ਸਾਰੇ ਵੋਟਰ ਇਕ ਅਜਿਹੇ ਸਮਾਜਵਾਦੀ ਦਮਗਜ਼ੇਬਾਜ਼ ਵਜੋਂ ਦੇਖਦੇ ਸਨ ਜੋ ਸ਼ਾਸਨ ਚਲਾਉਣ ਦੇ ਬਿਲਕੁਲ ਅਣਫਿੱਟ ਸੀ।

**ਵਿਸ਼ਵ ਦਰਪਣ**

ਟਰੰਪ ਦੇ ਮੁਕਾਬਲੇ ਬੋਰਿਸ ਜੌਹਨਸਨ ਸ਼ਾਇਦ ਦੁਸ਼ਟ ਘੱਟ ਤੇ ਘੁਮੱਕੜ ਜ਼ਿਆਦਾ ਪਰ ਆਪਹੁਦਰਪੁਣੇ ਦੇ ਸ਼ਿਕਾਰ ਕੱਟੜ ਨਸਲਪ੍ਰਸਤ ਟਰੰਪ ਨਾਲੋਂ ਮੌਕਾਪ੍ਰਸਤ ਵਧੇਰੇ ਹੈ। ਟਰੰਪ ਦੀਆਂ ਕਮਜ਼ੋਰੀਆਂ ਉਸ ਦੇ ਰਾਜ ਕਾਲ ਦੇ ਆਖ਼ਰੀ ਸਾਲ ਦੌਰਾਨ ਸਾਹਮਣੇ ਆਈਆਂ ਹਨ ਜਦਕਿ ਜੌਹਨਸਨ ਖ਼ਿਲਾਫ਼ ਜਨਤਾ ਦਾ ਰੌਂਅ ਹੁਣ ਤੋਂ ਹੀ ਕੁਸੈਲਾ ਹੁੰਦਾ ਜਾ ਰਿਹਾ ਹੈ। ਮਹਾਂਮਾਰੀ ਤੇ ਬ੍ਰੈਗਜ਼ਿਟ ਦੀ ਅੰਤਿਕਾ ਮੁਤੱਲਕ ਜੌਹਨਸਨ ਦਾ ਜੋ ਰਵੱਈਆ ਹੈ ਉਸ ਤੋਂ ਉਹ ਕੋਈ ਉੱਭਰ ਰਿਹਾ ਫਾਸੀਵਾਦੀ ਤਾਂ ਨਹੀਂ ਪਰ ਇਕ ਅਨਾੜੀ ਜ਼ਰੂਰ ਨਜ਼ਰ ਆ ਰਿਹਾ ਹੈ। ਇਸੇ ਦੌਰਾਨ, ਲੇਬਰ ਪਾਰਟੀ ਨੇ ਸਮਝਦਾਰੀ ਦਾ ਸਬੂਤ ਦਿੰਦਿਆਂ ਕੌਰਬਿਨ ਨੂੰ ਲਾਂਭੇ ਕਰ ਦਿੱਤਾ ਹੈ ਤੇ ਪਾਰਟੀ ਦੇ ਨਵੇਂ ਆਗੂ ਕੀਅਰ ਸਟਾਰਮਰ ਦੀ ਬਰਤਾਨਵੀ ਵੋਟਰਾਂ ਵਿਚ ਹਰਮਨਪਿਆਰਤਾ ਕੌਰਬਿਨ ਨਾਲੋਂ ਵਧ ਰਹੀ ਹੈ। ਕੰਜ਼ਰਵੇਟਿਵ ਪਾਰਟੀ ਵਿਚ ਵੀ ਕਾਫ਼ੀ ਲੋਕ ਹਨ ਜੋ ਵਿੱਤ ਮੰਤਰੀ ਰਿਸ਼ੀ ਸੂਨਕ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਜੌਹਨਸਨ ਨਾਲੋਂ ਜ਼ਿਆਦਾ ਯੋਗ ਸਮਝਦੇ ਹਨ। ਬਰਤਾਨੀਆ ’ਚ ਆਮ ਚੋਣਾਂ ਅਜੇ ਸਾਢੇ ਤਿੰਨ ਸਾਲ ਦੂਰ ਹਨ। ਕੀ ਉਸ ਤੋਂ ਪਹਿਲਾਂ ਪਾਰਟੀ ਜੌਹਨਸਨ ਨੂੰ ਸੱਤਾ ਤੋਂ ਚਲਦਾ ਕਰੇਗੀ, ਫ਼ਿਲਹਾਲ ਇਸ ਦੇ ਬਹੁਤੇ ਆਸਾਰ ਨਹੀਂ ਹਨ। ਪਰ ਟਰੰਪ ਵਾਂਗ ਜਦੋਂ ਉਹ ਰੁਖ਼ਸਤ ਹੋਵੇਗਾ ਤਾਂ ਉਸ ਵੱਲੋਂ ਕੀਤੇ ਨੁਕਸਾਨ ਦੀ ਭਰਪਾਈ ਉਨਾਂ ਸੰਸਥਾਵਾਂ ਨੂੰ ਹੀ ਕਰਨੀ ਪੈਣੀ ਹੈ ਜਿਨਾਂ ਨੂੰ ਉਸ ਨੇ ਨੁਕਸਾਨਿਆ ਜ਼ਰੂਰ ਹੈ ਪਰ ਪੂਰੀ ਤਰਾਂ ਬਰਬਾਦ ਨਹੀਂ ਕਰ ਸਕਿਆ। ਇਹ ਸੰਸਥਾਵਾਂ ਹਨ-ਪਾਰਲੀਮੈਂਟ, ਅਦਾਲਤਾਂ ਤੇ ਮੀਡੀਆ।

ਦਰਅਸਲ ਜੌਹਨਸਨ ਦੀਆਂ ਗ਼ਲਤੀਆਂ ਤੇ ਫਰੇਬਪੁਣੇ ਦੇ ਬਾਵਜੂਦ, ਸ਼ਾਇਦ ਇਤਿਹਾਸ ਇਸ ਦਾ ਨਿਤਾਰਾ ਕਰੇਗਾ ਕਿ ਡੇਵਿਡ ਕੈਮਰੌਨ ਜਿਸ ਨੇ ਬ੍ਰੈਗਜ਼ਿਟ ’ਤੇ ਬੇਲੋੜੀ ਰਾਇਸ਼ੁਮਾਰੀ ਕਰਵਾ ਕੇ ਬਰਤਾਨੀਆ ਦਾ ਜੌਹਨਸਨ ਨਾਲੋਂ ਜ਼ਿਆਦਾ ਨੁਕਸਾਨ ਕੀਤਾ ਸੀ।

ਸੰਨ 2016 ਤੋਂ ਲੈ ਕੇ ਦੁਨੀਆ ਦੇ ਸਭ ਤੋਂ ਅਮੀਰ ਲੋਕਤੰਤਰ ਦੀ ਇਕ ਦਮਗਜ਼ੇਬਾਜ਼ ਵਲੋਂ ਘਸਾਈ ਹੋ ਰਹੀ ਹੈ। 2017 ਤੋਂ ਲੈ ਕੇ ਦੁਨੀਆ ਦਾ ਸਭ ਤੋਂ ਕਦੀਮ ਲੋਕਤੰਤਰ ਇਕ ਕੁਸ਼ਾਸਕ ਦੀ ਮਾਰ ਝੱਲ ਰਿਹਾ ਹੈ। ਆਖ਼ਰ ਵਿਚ ਅਸੀਂ ਆਉਂਦੇ ਹਾਂ, ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਆਬਾਦੀ ਵਾਲੇ ਭਾਰਤੀ ਆਪਣੇ ਲੋਕਤੰਤਰ ਵੱਲ। ਟਰੰਪ ਤੋਂ ਪੂਰੇ ਢਾਈ ਸਾਲ ਅਤੇ ਜੌਹਨਸਨ ਤੋਂ ਪੰਜ ਸਾਲ ਪਹਿਲਾਂ ਮੋਦੀ ਸੱਤਾ ਵਿਚ ਆਉਂਦਾ ਹੈ। ਉਹ ਵੀ ਇਕ ਦਮਗਜ਼ੇਬਾਜ਼ ਹੈ ਤੇ ਅਜਿਹਾ ਸਿਆਸਤਦਾਨ ਹੈ ਜੋ ਖ਼ੁਦ ਨੂੰ ਆਪਣੀ ਪਾਰਟੀ ਤੇ ਆਪਣੀ ਹਕੂਮਤ ਨਾਲੋਂ ਵਡੇਰਾ ਸਮਝਦਾ ਹੈ ਤੇ ਉਸ ਨੂੰ ਆਪਣੀ ਸੱਤਾ ਜਮਾਉਣ ਲਈ ਝੂਠ ਤੇ ਫ਼ਰੇਬ ਦਾ ਸਹਾਰਾ ਲੈਣ ਵਿਚ ਕੋਈ ਝਿਜਕ ਨਹੀਂ ਹੈ।

ਕੁਝ ਤੌਰ ਤਰੀਕਿਆਂ ਪੱਖੋਂ ਮੋਦੀ ਟਰੰਪ ਤੇ ਜੌਹਨਸਨ ਨਾਲ ਮੇਲ ਖਾਂਦਾ ਹੈ ਪਰ ਕੁਝ ਪੱਖਾਂ ਤੋਂ ਉਹ ਜੁਦਾ ਹੈ। ਪਹਿਲੀ ਗੱਲ ਤਾਂ ਇਹ ਕਿ ਉਹ ਉਨਾਂ ਦੇ ਮੁਕਾਬਲੇ ਇਕ ਕੁੱਲ-ਵਕਤੀ ਸਿਆਸਤਦਾਨ ਹੈ ਜਿਸ ਕੋਲ ਜਨਤਕ ਸੰਸਥਾਵਾਂ ਨੂੰ ਆਪਣੇ ਜਾਤੀ ਮਨੋਰਥਾਂ ਲਈ ਤੋੜਨ ਮਰੋੜਨ ਦਾ ਲਮੇਰਾ ਤਜਰਬਾ ਹੈ। ਦੂਜਾ, ਉਹ ਟਰੰਪ ਤੇ ਜੌਹਨਸਨ ਦੇ ਨਿਸਬਤਨ ਆਪਣੀ ਵਿਚਾਰਧਾਰਾ ਪ੍ਰਤੀ ਕਿਤੇ ਵੱਧ ਵਚਨਬੱਧ ਹੈ। ਟਰੰਪ ਜਿੰਨਾ ਗੋਰੀ ਨਸਲੀ ਉੱਚਤਾ ਤੇ ਜੌਹਨਸਨ ਜਿੰਨਾ ਮੁਤੱਸਬੀ ਇੰਗਲਿਸ਼ਤਾਨੀ ਜ਼ਹਿਨੀਅਤ ਦਾ ਅਵਤਾਰ ਬਣਦਾ ਹੈ, ਮੋਦੀ ਉਨਾਂ ਨਾਲੋਂ ਕਿਤੇ ਵੱਧ ਸ਼ਾਖਸਾਤ ਰੂਪ ਵਿਚ ਹਿੰਦੂ ਬਹੁਗਿਣਤੀ ਵਾਦ ਦੇ ਸਾਹੀਂ ਜਿਊਂਦਾ ਹੈ। ਤੀਜਾ, ਮੋਦੀ ਕੋਲ ਆਪਣੇ ਇਸ ਵਿਚਾਰਧਾਰਕ ਸੁਪਨੇ ਨੂੰ ਸਾਕਾਰ ਕਰਨ ਲਈ ਸੰਘ ਦੇ ਰੂਪ ਵਿਚ ਇਕ ਅਜਿਹਾ ਔਜ਼ਾਰ ਹੈ ਜਿਸ ਕੋਲ ਵਸੀਲੇ ਜੁਟਾਉਣ ਦੀ ਤਾਕਤ ਤੇ ਸਮਰੱਥਾ ਅਮਰੀਕਾ ਅਤੇ ਬਰਤਾਨੀਆ ਦੀਆਂ ਸੱਜ ਪਿਛਾਖੜੀ ਜਥੇਬੰਦੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

ਟਰੰਪ ਤੇ ਜੌਹਨਸਨ ਹੋਰੀਂ ਜਿੰਨੇ ਆਪੋ ਆਪਣੇ ਮੁਲਕਾਂ ਦੇ ਹਿਤਾਂ ਲਈ ਖ਼ਤਰਨਾਕ ਹਨ, ਮੋਦੀ ਭਾਰਤ ਦੇ ਹਿੱਤਾਂ ਲਈ ਉਨਾਂ ਨਾਲੋਂ ਕਿਤੇ ਵੱਧ ਖ਼ਤਰਨਾਕ ਹੈ ਤੇ ਇਸ ਦਾ ਅੰਤਿਮ ਕਾਰਨ ਇਹ ਹੈ ਕਿ ਸਾਡੇ ਦੇਸ਼ ਦੀਆਂ ਸੰਸਥਾਵਾਂ ਨਿਸਬਤਨ ਬਹੁਤ ਕਮਜ਼ੋਰ ਹਨ। ਟਰੰਪ ਐਫਬੀਆਈ ਤੋਂ ਆਪਣੇ ਮਨਮਰਜ਼ੀ ਦੇ ਕੰਮ ਨਹੀਂ ਕਢਵਾ ਸਕਦਾ ਪਰ ਮੋਦੀ ਟੈਕਸ ਅਧਿਕਾਰੀਆਂ ਤੇ ਜਾਂਚ ਏਜੰਸੀਆਂ ਤੋਂ ਕੁਝ ਵੀ ਕਰਵਾ ਸਕਦਾ ਹੈ। ਸਾਡੀ ਨਿਆਂਪਾਲਿਕਾ ਦੇ ਇਕ ਹਿੱਸੇ ਦੀ ਜ਼ਮੀਰ ਮਰ ਚੁੱਕੀ ਹੈ ਤੇ ਸਾਡੇ ਮੀਡੀਆ ਦੇ ਵੱਡੇ ਤਬਕੇ ਦੀ ਰੀੜ ਦੀ ਹੱਡੀ ਜਵਾਬ ਦੇ ਚੁੱਕੀ ਹੈ। ਉਹ ਪ੍ਰਧਾਨ ਮੰਤਰੀ ਨੂੰ ਡੱਕਣ, ਉਸ ਨੂੰ ਉਸ ਦੀਆਂ ਕੁਵੱਲੀਆਂ ਤੇ ਵਧੀਕੀਆਂ ਲਈ ਜਵਾਬਦੇਹ ਬਣਾਉਣਾ ਨਹੀਂ ਚਾਹੁੰਦੇ ਜਾਂ ਫਿਰ ਅਜਿਹਾ ਕਰਨ ਦੇ ਯੋਗ ਹੀ ਨਹੀਂ ਹਨ।

ਆਪਣੀ ਸੱਤਾ ਕਾਰ-ਮੁਖ਼ਤਿਆਰੀ ਵਿਚ ਵਾਧਾ ਕਰਨ ਦੀ ਲਾਲਸਾ ਪੱਖੋਂ ਮੋਦੀ ਡੋਨਲਡ ਟਰੰਪ ਜਾਂ ਬੋਰਿਸ ਜੌਹਨਸਨ ਨਾਲੋਂ ਜ਼ਿਆਦਾ ਖ਼ੁਸ਼ਕਿਸਮਤ ਰਿਹਾ ਹੈ। ਉਸ ਦੀ ਖ਼ੁਸ਼ਕਿਸਮਤੀ ਦਾ ਰਾਜ਼ ਇਹ ਰਿਹਾ ਹੈ ਕਿ ਉਸ ਦੀ ਵਿਰੋਧੀ ਧਿਰ ਦਾ ਸੁਭਾਅ ਨਹੀਂ ਬਦਲਿਆ। ਯਕੀਨਨ, ਟਰੰਪ ਨੂੰ ਜੋਅ ਬਾਇਡਨ ਨੂੰ ਹਰਾਉਣ ਲਈ ਉਸ ਨਾਲੋਂ ਕਿਤੇ ਵੱਧ ਜ਼ੋਰ ਲਾਉਣਾ ਪੈ ਰਿਹਾ ਜਿੰਨਾ ਉਸ ਨੇ ਹਿਲੇਰੀ ਕਲਿੰਟਨ ਨੂੰ ਹਰਾਉਣ ਲਈ ਲਾਇਆ ਸੀ। ਕੀਅਰ ਸਟਾਰਮਰ ਜੈਰੇਮੀ ਕੌਰਬਿਨ ਦੇ ਮੁਕਾਬਲੇ ਜੌਹਨਸਨ ਲਈ ਵਧੇਰੇ ਭਰੋਸੇਮੰਦ ਚੁਣੌਤੀ ਪੇਸ਼ ਕਰ ਰਿਹਾ ਹੈ।

ਬਾਕੀ ਸਫ਼ਾ 26’ਤੇ

# ਜਦ ਸ਼੍ਰੋਮਣੀ ਕਮੇਟੀ ਦਾ ਦਫ਼ਤਰ ਬੁੱਚੜਖ਼ਾਨਾ ਬਣ ਗਿਆ ਤੇ ਸਿੰਘਾਂ-ਸਿੰਘਣੀਆਂ ਨੂੰ ਕੋਹਿਆ ਗਿਆ



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
88722-93883

24 ਅਕਤੂਬਰ, 2020 ਨੂੰ ਸ਼੍ਰੋਮਣੀ ਕਮੇਟੀ ਦਾ ਦਫ਼ਤਰ (ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ) ਇੱਕ ਬੁੱਚੜਖ਼ਾਨਾ ਬਣ ਚੁੱਕਾ ਸੀ ਤੇ ਕਮੇਟੀ ਦੇ ਗੁੰਡੇ-ਬਦਮਾਸ਼ ਮੁਲਾਜ਼ਮ ਇੱਕ ਜ਼ਾਲਮ ਖੋਰ ਅਤੇ ਬੇਰਹਿਮ ਦਰਿੰਦੇ ਤੇ ਖ਼ੂੰਖ਼ਾਰ ਬੁੱਚੜਾਂ ਦਾ ਰੂਪ ਧਾਰਨ ਕਰ ਚੁੱਕੇ ਸਨ। ਲਾਪਤਾ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਹਿਸਾਬ ਲੈਣ ਅਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ 41 ਦਿਨਾਂ ਤੋਂ ਸ਼ਾਂਤਮਈ ਮੋਰਚੇ ’ਚ ਬੈਠੀਆਂ ਸੰਗਤਾਂ ‘ਚੋਂ ਇੱਕ-ਇੱਕ ਸਿੰਘ ਨੂੰ ਕਮੇਟੀ ਦੇ ਸੌ-ਸੌ ਗੁੰਡੇ ਧੂਹ-ਧੂਹ ਕੇ ਦਫ਼ਤਰ ਵੱਲ ਲਿਜਾ ਕੇ ਡਾਂਗਾਂ-ਕਿਰਪਾਨਾਂ ਨਾਲ਼ ਉਨ੍ਹਾਂ ’ਤੇ ਘੋਰ ਤਸ਼ੱਦਦ ਅਤੇ ਬੇਤਹਾਸ਼ਾ ਜ਼ੁਲਮ ਕਰ ਰਹੇ ਸਨ ਤੇ ਸਿੰਘਾਂ ਨੂੰ ਬੜੀ ਬੇਦਰਦੀ ਨਾਲ਼ ਕੋਹਿਆ ਜਾ ਰਿਹਾ ਸੀ।

ਜ਼ੁਲਮ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਗੁੰਡੇ-ਬਦਮਾਸ਼ ਮੁਲਾਜ਼ਮਾਂ ਨੇ ਸਿੰਘਾਂ ਦੀਆਂ ਦਸਤਾਰਾਂ ਲਾਹੀਆਂ, ਕੇਸਾਂ ਤੋਂ ਫੜ-ਫੜ ਕੇ ਧੂਹਿਆ ਤੇ ਸਿੰਘਾਂ ’ਤੇ ਡਾਂਗਾਂ, ਕਿਰਪਾਨਾਂ ਤੇ ਬਰਛਿਆਂ ਨਾਲ਼ ਜ਼ੋਰਦਾਰ ਹਮਲਾ ਕੀਤਾ, ਬੀਬੀਆਂ ਨੂੰ ਵੀ ਨਹੀਂ ਬਖ਼ਸ਼ਿਆ, ਉਨਾਂ ਨੂੰ ਵੀ ਡਾਂਗਾਂ ਨਾਲ਼ ਕੁੱਟਿਆ, ਉਨਾਂ ਦੀ ਪੱਤ ਰੋਲ਼ੀ, ਗਾਲਾਂ ਕੱਢੀਆਂ, ਕੱਪੜੇ ਪਾੜੇ ਤੇ ਨਲ਼ਾਂ ’ਚ ਲੱਤਾਂ ਮਾਰੀਆਂ ਗਈਆਂ। ਇਸ ਦੌਰਾਨ ਦੋ ਬੱਚਿਆਂ ਅਤੇ ਚਾਰ ਸਿੱਖ ਪੱਤਰਕਾਰਾਂ ਦੀ ਵੀ ਕਮੇਟੀ ਦੇ ਗੁੰਡਿਆਂ ਨੇ ਕੁੱਟਮਾਰ ਕੀਤੀ, ਕੈਮਰੇ-ਮਾਇਕ ਤੋੜੇ, ਫ਼ੋਨ ਖੋਹੇ ਤੇ ਉਨਾਂ ਦੀਆਂ ਵੀ ਦਾੜੀਆਂ ਪੁੱਟੀਆਂ ਤੇ ਪੱਗਾਂ ਰੋਲੀਆਂ।

ਜਦ ਸਿੰਘਾਂ-ਸਿੰਘਣੀਆਂ ਨੂੰ ਬੰਦੀ ਬਣਾ ਕੇ ਉਨਾਂ ਨੂੰ ਬੁੱਚੜਾਂ ਵਾਂਗ ਕੁੱਟਿਆ ਜਾ ਰਿਹਾ ਸੀ, ਇਸ ਦੌਰਾਨ ਕਈ ਸਿੰਘ ਸਤਿਨਾਮ-ਵਾਹਿਗੁਰੂ ਜਪਦੇ ਰਹੇ, ਕਈ ਬੇਹੋਸ਼ ਅਤੇ ਕਈ ਗੰਭੀਰ ਜ਼ਖ਼ਮੀ ਹੋ ਗਏ, ਕਈ ਇਸ ਜ਼ੁਲਮ ਨੂੰ ਖਿੜੇ ਮੱਥੇ ਪੁਰਾਤਨ ਸਿੰਘਾਂ ਵਾਂਗ ਝੱਲ ਰਹੇ ਸਨ। ਦੁਪਹਿਰ ਤੋਂ ਦੇਰ ਸ਼ਾਮ ਤਕ ਕਈ ਸਿੰਘ ਨੰਗੇ ਸਿਰ ਅਤੇ ਕੰਘੇ-ਕਿਰਪਾਨਾਂ ਤੋਂ ਬਿਨਾਂ ਰਹੇ ਕਿਉਂਕਿ ਕਮੇਟੀ ਦੇ ਗੁੰਡੇ-ਬਦਮਾਸ਼ਾਂ ਨੇ ਸਿੰਘਾਂ-ਸਿੰਘਣੀਆਂ ਦੀਆਂ ਦਸਤਾਰਾਂ, ਕੇਸਕੀਆਂ, ਕੰਘੇ, ਕਿਰਪਾਨਾਂ, ਫ਼ੋਨ ਅਤੇ ਪੈਸੇ ਵੀ ਜ਼ਬਤ ਕਰ ਲਏ ਸਨ।

ਸ਼੍ਰੋਮਣੀ ਕਮੇਟੀ ਦੇ ਗੁੰਡੇ-ਬਦਮਾਸ਼ ਮੁਲਾਜ਼ਮਾਂ ’ਚ ਸਿੱਖੀ ਦਾ ਇੱਕ ਵੀ ਕਣ ਮੌਜੂਦ ਨਹੀਂ ਸੀ, ਉਹ ਉੱਛਲ-ਉੱਛਲ ਕੇ ਅੰਨੇਵਾਹ ਸਿੰਘਾਂ ’ਤੇ ਡਾਂਗਾਂ-ਕਿਰਪਾਨਾਂ ਵਰਾ ਰਹੇ ਸਨ। ਉਨਾਂ ’ਚ ਜ਼ਾਲਮ ਮੁਗ਼ਲਾਂ, ਫ਼ਿਰਕੂ ਹਿੰਦੂਤਵੀਆਂ ਅਤੇ ਬੁੱਚੜ ਪੁਲਸੀਆਂ ਤੇ ਨਰੈਣੂ ਮਹੰਤ ਦੀ ਰੂਹ ਵੜ ਗਈ ਸੀ। ਕਮੇਟੀ ਦੇ ਗੁੰਡਾ ਅਧਿਕਾਰੀ ਅਤੇ ਬਦਮਾਸ਼ ਮੁਲਾਜ਼ਮ ਉਸ ਦਿਨ ਸਿੰਘਾਂ ਨੂੰ ਇਵੇਂ ਕੁੱਟ ਰਹੇ ਸਨ ਜਿਵੇਂ; ਮੋਰਚੇ ਵਾਲ਼ੇ ਸਿੰਘ ਸਿੱਖੀ ਦੇ ਦੁਸ਼ਮਣ, ਬਲਾਤਕਾਰੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਦੋਸ਼ੀ ਹੋਣ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਮੁਲਾਜ਼ਮ ਉਸ ਦਿਨ ਸਿੰਘਾਂ ਨੂੰ ਕੇਸਾਂ ਤੋਂ ਫੜ ਕੇ ਉਨਾਂ ਨੂੰ ਬੇਹੱਦ ਭੱਦੀ ਸ਼ਬਦਾਵਲੀ ਬੋਲ ਰਹੇ ਸਨ ਜੋ ਲਿਖਣ ਯੋਗ, ਕਹਿਣ ਯੋਗ ਤੇ ਦੱਸਣਯੋਗ ਨਹੀਂ ਹੈ ਤੇ ਇਹ ਵੀ ਕਹਿ ਰਹੇ ਸਨ, ਕਿ ‘ਹਰਾਮ ਦਿਓ! ਦੇਈਏ ਤੁਹਾਨੂੰ ਸਰੂਪਾਂ ਦਾ ਹਿਸਾਬ! ਕੰਜਰੋ! ਤੁਹੀਂ ਸਾਡੇ ਖ਼ਿਲਾਫ਼ ਬੋਲਦੇ ਸੀ! ਹੋਰ ਮਾਰੋ ਸਾਲ਼ਿਓ ਨੂੰ! ਦੱਲੇ ਆ ਜਾਂਦੇ ਵਿਹਲੇ ਧਰਨੇ ਲਾਉਣ!’

ਸ਼੍ਰੋਮਣੀ ਕਮੇਟੀ ਦੇ 3500 ਗੁੰਡੇ-ਬਦਮਾਸ਼ ਮੁਲਾਜ਼ਮਾਂ ਅੱਗੇ 10-15 ਸਿੰਘਾਂ ਦਾ ਕੋਈ ਜ਼ੋਰ ਨਾ ਚੱਲ ਸਕਿਆ, ਮੋਰਚੇ ’ਚ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਸਿੰਘਾਂ ’ਤੇ ਕਮੇਟੀ ਦੇ ਗੁੰਡਿਆਂ ਨੇ ਇੱਕੋ-ਦਮ ਖ਼ੂਨੀ ਧਾਵਾ ਬੋਲ ਦਿੱਤਾ



ਸੀ ਪਰ ਫਿਰ ਵੀ ਤਿੰਨ ਸਿੰਘ ਇਸ ਜ਼ੁਲਮ ਦਾ ਮੁਕਾਬਲਾ ਬੜੀ ਬਹਾਦਰੀ ਨਾਲ਼ ਕਰਦੇ ਰਹੇ। ਅੰਮ੍ਰਿਤਸਰ ਦਾ ਪੁਲੀਸ ਪ੍ਰਸ਼ਾਸਨ ਵੀ ਉਸ ਦਿਨ ਸ਼੍ਰੋਮਣੀ ਕਮੇਟੀ ਨਾਲ਼ ਰਲ਼ਿਆ ਹੋਇਆ ਸੀ ਜਿਸ ਨੇ ਇਸ ਜ਼ੁਲਮ ਨੂੰ ਗੰਭੀਰਤਾ ਨਾਲ਼ ਰੋਕਣ ਦੀ ਰਤਾ ਵੀ ਕੋਸ਼ਿਸ਼ ਨਾ ਕੀਤੀ। ਹਾਲਾਤ ਇੱਦਾਂ ਦੇ ਸਨ ਜਿਵੇਂ; ਦਰਬਾਰ ਸਾਹਿਬ ’ਚ ਇੱਕ ਹੋਰ ਘੱਲੂਘਾਰਾ/ਸਾਕਾ ਵਾਪਰ ਰਿਹਾ ਹੋਵੇ।

ਫਿਰ ਦੇਰ ਸ਼ਾਮ ਸ਼੍ਰੋਮਣੀ ਕਮੇਟੀ ਨੇ ਸਿੰਘਾਂ-ਸਿੰਘਣੀਆਂ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਤੇ ਉਲ਼ਟਾਂ ਸਿੰਘਾਂ-ਸਿੰਘਣੀਆਂ ’ਤੇ ਕਈ ਕੇਸ ਦਰਜ ਕਰਵਾ ਦਿੱਤੇ ਤੇ ਅਗਲੇ ਦਿਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਉਨਾਂ ਦੇ ਹੋਰ ਅਧਿਕਾਰੀਆਂ ਨੇ ਮੀਡੀਆ ਸਾਹਮਣੇ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਗੁਰੂ ਸਾਹਿਬ ਦੇ ਅਦਬ-ਸਤਿਕਾਰ ਲਈ ਸੰਘਰਸ਼ ਕਰਦੇ ਸਿੰਘਾਂ ਨੂੰ ਕਾਂਗਰਸੀ, ਸ਼ਰਾਬੀ, ਵਿਹਲੇ ਅਤੇ ਗੁੰਡੇ ਆਦਿ ਕਹਿਣ ਤੋਂ ਵੀ ਸੰਕੋਚ ਨਾ ਕੀਤਾ। ਸ਼੍ਰੋਮਣੀ ਕਮੇਟੀ ਦੇ ਇਹਨਾਂ ਘਟੀਆ ਕਾਰਿਆਂ ਕਰਕੇ ਸਮੁੱਚੇ ਸਿੱਖ ਜਗਤ ਨੇ ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਨੂੰ ਲਾਹਨਤਾਂ ਪਾਈਆਂ ਤੇ ਇਹਨਾਂ ਦਾ ਸਮਾਜਿਕ ਬਾਈਕਾਟ ਕਰਨ ਦਾ ਸੱਦਾ ਦਿੱਤਾ।

ਸੱਚਮੁੱਚ ਸਾਕਾ ਨਨਕਾਣਾ ਸਾਹਿਬ ਤਕਰੀਬਨ 100 ਸਾਲ ਬਾਅਦ ਦੁਬਾਰਾ ਵਾਪਰਿਆ ਜਿਸ ਤੋਂ ਸਾਬਤ ਹੁੰਦਾ ਹੈ ਕਿ ਨਰੈਣੂ ਮਹੰਤ ਅਜੇ ਮਰਿਆ ਨਹੀਂ, ਉਹ ਅੱਜ ਵੀ ਜਿਊਂਦਾ ਹੈ ਤੇ ਸਾਡੇ ਗੁਰਧਾਮਾਂ ’ਤੇ ਕਾਬਜ਼ ਹੈ। ਦਾਸ ਵੀ ਕਮੇਟੀ ਦੇ ਗੁੰਡੇ-ਬਦਮਾਸ਼ ਮੁਲਾਜ਼ਮਾਂ ਦੇ ਜ਼ੁਲਮ ਅਤੇ ਤਸ਼ੱਦਦ ਦਾ ਸ਼ਿਕਾਰ ਬਣਿਆ, ਉਹ ਖ਼ੌਫ਼ਨਾਕ ਦ੍ਰਿਸ਼ ਅਤੇ ਖ਼ੂਨੀ ਮੰਜ਼ਰ ਵਾਰ-ਵਾਰ ਅੱਖਾਂ ਅੱਗੇ ਘੁੰਮ ਰਿਹਾ ਹੈ। ਇਹ ਅਜੋਕਾ ਸਾਕਾ ਦਾਸ ਨੇ ਅੱਖੀਂ ਵੇਖਿਆ ਤੇ ਪਿੰਡੇ ’ਤੇ ਹੰਢਾਇਆ ਹੈ। ਸ਼੍ਰੋਮਣੀ ਕਮੇਟੀ ਦੇ ਅਨੇਕਾਂ ਗੁੰਡਿਆਂ ਨੇ ਦਾਸ ਨੂੰ ਘੇਰ ਕੇ ਦਾਸ ਦਾ ਮੋਬਾਈਲ ਵੀ ਖੋਹ ਲਿਆ ਸੀ, ਜੋ ਪੰਜ-ਛੇ ਦਿਨਾਂ ਬਾਅਦ ਬੜੀ ਮੁਸ਼ਕਿਲ ਨਾਲ਼ ਪ੍ਰਾਪਤ ਹੋਇਆ। ਜਿਸ ਵਿੱਚ ਸਿੱਖ ਸੰਘਰਸ਼ ਦੇ ਹਜ਼ਾਰਾਂ ਸ਼ਹੀਦਾਂ ਦੀਆਂ ਅਦਭੁਤ ਤਸਵੀਰਾਂ ਤੇ ਮੇਰੀ ਅਗਲੀ ਕਿਤਾਬ ਮੌਜੂਦ ਸੀ। ਸ਼੍ਰੋਮਣੀ ਕਮੇਟੀ ਦੇ ਗੁੰਡੇ-ਬਦਮਾਸ਼ ਮੁਲਾਜ਼ਮਾਂ ਨੇ ਸਿੰਘਾਂ-ਸਿੰਘਣੀਆਂ ’ਤੇ ਜੋ ਵਹਿਸ਼ੀਆਨਾ ਜ਼ੁਲਮ ਅਤੇ ਅਥਾਹ ਤਸ਼ੱਦਦ ਕੀਤਾ ਉਸ ਦਾ ਬਦਲਾ ਖ਼ਾਲਸਾ ਪੰਥ ਜ਼ਰੂਰ ਲਵੇਗਾ ਤੇ ਅਜੋਕੇ ਨਰੈਣੂ ਮਹੰਤਾਂ ਨੂੰ ਸਮਾਂ ਆਉਣ ’ਤੇ ਲਖਪਤ ਰਾਏ ਵਾਲ਼ੀ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

# ਬਿਹਾਰ ਦੀਆਂ ਚੋਣਾਂ, ਮੋਦੀ ਸਤਾ ਬਨਾਮ ਮਹਾਂ ਗੱਠਜੋੜ

## ✪ ਪਹਿਲੇ ਗੇੜ ਦੇ 1065 ਉਮੀਦਵਾਰਾਂ ਵਿੱਚੋਂ 30 ਫ਼ੀਸਦੀ ਉਮੀਦਵਾਰਾਂ ਵਿਰੁੱਧ ਅਪਰਾਧਿਕ ਮੁਕੱਦਮੇ ਅੱਜ ਤਕ ਪੈਂਡਿੰਗ

## ✪ ਮਹਾਂ-ਗੱਠਜੋੜ ਵੱਲੋਂ ਚਲਾਈ ਜਾ ਰਹੀ ਮੁਹਿੰਮ ਸਦਕਾ ਸਮੁੱਚਾ ਐੱਨ ਡੀ ਏ ਘਬਰਾਹਟ ਵਿੱਚ

**- ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

28 ਅਕਤੂਬਰ ਨੂੰ ਬਿਹਾਰ ਵਿੱਚ ਪਹਿਲੇ ਗੇੜ ਦੀਆਂ ਵੋਟਾਂ ਪੁਰ-ਅਮਨ ਪੈ ਗਈਆਂ ਹਨ। ਇਨਾਂ ਵਿੱਚ 1066 ਉਮੀਦਵਾਰਾਂ ਦੀ ਸਿਆਸੀ ਕਿਸਮਤ ਦਾ ਫ਼ੈਸਲਾ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿੱਚ ਬੰਦ ਹੋ ਗਿਆ ਹੈ। ਇਸ ਗੇੜ ਵਿੱਚ ਬਿਹਾਰੀ ਵੋਟਰਾਂ ਨੇ ਪੁਰ-ਅਮਨ ਰਹਿ ਕੇ 54.26 ਫ਼ੀਸਦੀ ਪੋਲਿੰਗ ਕੀਤੀ। ਜਿਵੇਂ ਤੁਸੀਂ ਜਾਣਦੇ ਹੋ ਕਿ 71 ਸੀਟਾਂ ਲਈ ਪਹਿਲੇ ਗੇੜ ਵਿੱਚ ਵੋਟਾਂ ਪਈਆਂ ਹਨ, ਜਿਨਾਂ ਵਿੱਚ ਨਕਸਲ ਪ੍ਰਭਾਵਤ ਵੀ ਕਈ ਇਲਾਕੇ ਸਨ। ਸੂਬੇ ਦੇ ਜਮੂਈ ਜ਼ਿਲੇ ਵਿੱਚ ਸਭ ਤੋਂ ਵੱਧ 58 ਫ਼ੀਸਦੀ ਵੋਟਾਂ ਪਈਆਂ। ਸਭ ਤੋਂ ਘੱਟ 44 ਫ਼ੀਸਦੀ ਪੋਲਿੰਗ ਮੁੰਗੇਰ ਜ਼ਿਲੇ ਵਿੱਚ ਹੋਈ। ਅਸੀਂ ਇਸ ਪੋਲਿੰਗ ਦਾ ਇਸ ਕਰਕੇ ਵੀ ਸਵਾਗਤ ਕਰਦੇ ਹਾਂ ਕਿ ਜਿੱਥੇ ਇਹ ਗੇੜ ਉੱਪਰ-ਅਮਨ ਰਿਹਾ, ਉੱਥੇ ਬਿਹਾਰੀ ਜਨਤਾ ਨੇ ਕੋਰੋਨਾ ਦੇ ਦੌਰ ਵਿੱਚ ਹੜਾਂ ਦੀ ਮਾਰ ਦੌਰਾਨ ਤਣਾਅ ਵਾਲੇ ਮਾਹੌਲ ਵਿੱਚ ਵੀ ਘਰਾਂ ਵਿੱਚੋਂ ਨਿਕਲ ਕੇ ਜਮਹੂਰੀਅਤ ਨੂੰ ਜ਼ਿੰਦਾ ਰੱਖਣ ਵਿੱਚ ਆਪਣਾ ਹਿੱਸਾ ਪਾਇਆ।

ਬਿਹਾਰ ਦੀਆਂ ਇਨਾਂ ਚੋਣਾਂ ਵਿੱਚ 243 ਸੀਟਾਂ ਲਈ ਲਗਭਗ 100 ਸਿਆਸੀ ਪਾਰਟੀਆਂ ਸਮੇਤ ਕੁਝ ਗਰੁੱਪਾਂ, ਵੀ ਭਾਗ ਲੈ ਰਹੇ ਹਨ। ਇੱਦਾਂ ਪਾਰਟੀਆਂ ਅਤੇ ਗਰੁੱਪਾਂ ਦਾ ਚੋਣਾਂ ਵਿੱਚ ਭਾਗ ਲੈਣਾ ਦਰਸਾਉਂਦਾ ਹੈ ਕਿ ਭਾਵੇਂ ਇਹ ਚੋਣਾਂ ਇਸ ਵਕਤ ਇਨਾਂ 'ਤੇ ਠੋਸੀਆਂ ਗਈਆਂ ਹਨ, ਫਿਰ ਵੀ ਜਮਹੂਰੀਅਤ ਨੂੰ ਜ਼ਿੰਦਾ ਰੱਖਣ ਲਈ ਲੋਕ ਨੰਗੇ ਧੜ ਭਾਗ ਲੈ ਰਹੇ ਹਨ । ਇਸ ਸਭ ਦੇ ਬਾਵਜੂਦ ਸਭ ਕੁਝ ਅੱਛਾ ਨਹੀਂ ਚੱਲ ਰਿਹਾ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਚੋਣ ਕਮਿਸ਼ਨ ਦੀ ਜਾਣਕਾਰੀ ਅਨੁਸਾਰ ਉਸ ਵੱਲੋਂ ਆਪਣੀ ਵੈੱਬਸਾਈਟ 'ਤੇ ਅੱਪਲੋਡ ਕੀਤੀ ਗਈ ਜਾਣਕਾਰੀ ਮੁਤਾਬਿਕ ਪਹਿਲੇ ਗੇੜ ਦੇ 1065 ਉਮੀਦਵਾਰਾਂ ਵਿੱਚੋਂ 30 ਫ਼ੀਸਦੀ ਉਮੀਦਵਾਰਾਂ ਵਿਰੁੱਧ ਅਪਰਾਧਿਕ ਮੁਕੱਦਮੇ ਅੱਜ ਤਕ ਪੈਂਡਿੰਗ ਹਨ।

ਇਸ ਵਕਤ ਬਿਹਾਰ ਦਾ ਚੋਣ ਮੈਦਾਨ ਭਖਿਆ ਪਿਆ ਹੈ। ਇਨਾਂ ਚੋਣਾਂ ਵਿੱਚ ਮੁੱਖ ਮੁਕਾਬਲਾ ਮਹਾਂ-ਗੱਠਜੋੜ ਅਤੇ ਐੱਨ ਡੀ ਏ ਵਿਚਕਾਰ ਫਸਵਾਂ ਚੱਲ ਰਿਹਾ ਹੈ। ਮਹਾਂ-ਗੱਠਜੋੜ, ਜਿਸ ਦਾ ਨੇਤਾ ਤੇਜਸਵੀ ਯਾਦਵ, ਨੌਜਵਾਨ ਲੀਡਰ ਹੈ, ਜਿਸ ਵਿੱਚ ਆਰ ਜੇ ਡੀ, ਕਾਂਗਰਸ ਪਾਰਟੀ ਅਤੇ ਤਿੰਨ ਖੱਬੇ ਪੱਖੀ ਪਾਰਟੀਆਂ ਹਨ, ਜਦ ਕਿ ਐੱਨ ਡੀ ਏ ਵਿੱਚ ਜੇ ਡੀ ਯੂ, ਭਾਜਪਾ ਅਤੇ ਲੋਕ ਜਨਸ਼ਕਤੀ ਪਾਰਟੀ ਆਦਿ ਹਨ। ਐੱਨ ਡੀ ਏ ਦਾ ਸੰਬੰਧ ਰਾਜ ਕਰਦੀ ਪਾਰਟੀ ਨਾਲ ਹੈ, ਜਦ ਕਿ ਦੂਜੀ ਧਿਰ ਦਾ ਸੰਬੰਧ ਉਸ ਧਿਰ ਨਾਲ ਹੈ, ਜੋ ਸੱਤਾ 'ਤੇ ਕਾਬਜ਼ ਹੋਣ ਲਈ ਤਿਆਰ ਬੈਠੀ ਹੈ।

ਅਗਲੀ ਗੱਲ ਬਿਹਾਰ ਚੋਣਾਂ ਵਿੱਚ ਇਹ ਹੋ ਰਹੀ ਹੈ ਕਿ ਬਾਵਜੂਦ ਪ੍ਰਧਾਨ ਮੰਤਰੀ, ਯੂ ਪੀ ਦੇ ਮੁੱਖ ਮੰਤਰੀ, ਯੋਗੀ ਅਦਿੱਤਿਆ ਨਾਥ, ਅਮਿਤ ਸ਼ਾਹ ਅਤੇ ਹੋਰ ਜਾਤ-ਪਾਤ ਦੀ ਅੱਗ ਉਗਲਨ ਵਾਲੇ ਲੋਕਾਂ ਦੇ ਭਾਸ਼ਣਾਂ ਦੇ ਬਾਵਜੂਦ ਬਿਹਾਰ ਵਿੱਚ ਹਿੰਦੂ-ਮੁਸਲਮਾਨ, ਭਾਵ ਜਾਤ-ਪਾਤ ਦਾ ਮੁੱਦਾ ਨਹੀਂ ਬਣਿਆ, ਕਿਉਂਕਿ ਲੋਕ ਸਮਝਦੇ ਹਨ ਕਿ ਯੋਗੀ ਦੇ ਰਾਜ ਵਿੱਚ ਯੂ ਪੀ ਵਿੱਚ ਕੀ ਹੋ ਰਿਹਾ ਹੈ, ਸੈਂਟਰ ਵਿੱਚ ਕੀ ਹੋ ਰਿਹਾ ਅਤੇ ਨਿਤੀਸ਼ ਦੀ ਸਰਕਾਰ ਸਮੇਂ ਕੀ ਹੁੰਦਾ ਰਿਹਾ। ਅਜੇ ਤਕ ਇਸ ਵਾਰ ਬਿਹਾਰ ਵਿੱਚ ਮੁੱਦਿਆਂ 'ਤੇ ਲੜਾਈ ਹੋ ਰਹੀ ਹੈ। ਇਹ ਮੁੱਦਿਆਂ ਦੀ ਨੀਤੀ ਮਹਾਂ ਗੱਠਜੋੜ ਨੇ ਸ਼ੁਰੂ ਕੀਤੀ ਹੈ। ਐੱਨ ਡੀ ਏ ਨੂੰ ਤਾਂ ਉਸ ਦਿਨ ਹੀ ਪਿੱਸੂ ਪੈ ਗਏ ਸਨ, ਜਿਸ ਦਿਨ ਤੇਜਸਵੀ ਯਾਦਵ ਨੇ ਦਸ ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ, ਜਿਸ 'ਤੇ ਨਿਤੀਸ਼ ਕੁਮਾਰ ਸਣੇ ਸਟਾਰ ਪ੍ਰਚਾਰਕ ਟਿੱਚਰਾਂ ਕਰ ਰਹੇ ਸਨ ਕਿ 10 ਲੱਖ ਨੌਕਰੀਆਂ ਦੇਣ ਲਈ ਪੈਸਾ ਕਿੱਥੋਂ ਆਵੇਗਾ? ਸਵਾਲੀਆ ਲਹਿਜ਼ੇ ਵਿੱਚ ਪੁੱਛਿਆ ਜਾ ਰਿਹਾ ਸੀ ਕਿ ਕੀ ਤੇਜਸਵੀ ਸਾਹਿਬ ਨਕਲੀ ਨੋਟ ਛਾਪਣਗੇ ਜਾਂ ਫਿਰ ਲਾਲੂ ਯਾਦਵ ਵੱਲ ਇਸ਼ਾਰਾ ਕਰਕੇ ਆਖਦੇ ਸਨ ਕਿ ਕੀ ਪੈਸਾ ਜੇਲ ਵਿੱਚੋਂ ਆਵੇਗਾ? ਜਦ ਐੱਨ ਡੀ ਏ ਨੇ ਦੇਖਿਆ ਕਿ ਉਨਾਂ ਦੀਆਂ ਇੱਧਰਲੀਆਂ-ਉਧਰਲੀਆਂ ਮਾਰਨ ਨਾਲ ਜਨਤਾ ਪ੍ਰਭਾਵਿਤ ਨਹੀਂ ਹੋ ਰਹੀ, ਜਨਤਾ ਟੱਸ ਤੋਂ ਮੱਸ ਨਹੀਂ ਹੋ ਰਹੀ ਤਾਂ ਫਿਰ ਉਨਾਂ ਨੂੰ ਵੀ ਥੁੱਕ ਕੇ ਚੱਟਣਾ ਪਿਆ ਅਤੇ ਉਨਾਂ ਨੂੰ 19 ਲੱਖ ਵਿਅਕਤੀਆਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਨਾ ਪਿਆ। ਹੁਣ ਮਹਾਂ-ਗੱਠਜੋੜ ਵਾਲੇ ਅਤੇ ਆਮ ਜਨਤਾ ਪੁੱਛ ਰਹੀ ਹੈ ਕਿ ਜੇ 10 ਲੱਖ ਨੌਕਰੀਆਂ ਲਈ ਬਜਟ ਜੁਟਾਉਣਾ ਮੁਸ਼ਕਲ ਸੀ ਤਾਂ ਹੁਣ 19 ਲੱਖ ਰੁਜ਼ਗਾਰ ਲਈ ਪੈਸਾ ਕਿੱਥੋਂ ਆਵੇਗਾ? ਜਿਵੇਂ ਉੱਪਰ ਜ਼ਿਕਰ ਕੀਤਾ ਹੈ ਕਿ ਮਹਾਂ-ਗੱਠਜੋੜ ਵਿੱਚ ਖੱਬਾ ਮੋਰਚਾ ਵੀ ਸ਼ਾਮਲ ਹੈ, ਜਿਸ ਦਾ ਮੁੱਖ ਬੁਲਾਰਾ ਕਨਈਆ ਕੁਮਾਰ ਹੈ, ਜੋ ਹਮੇਸ਼ਾ ਮੁੱਦਿਆਂ ਦੀ ਗੱਲ ਕਰਦਾ ਹੈ। ਮੁੱਦਿਆਂ 'ਤੇ ਬਹਿਸ ਕਰਦਾ ਹੈ, ਜਿਸ ਨੇ ਕਈ ਵਾਰ ਕਿਹਾ ਹੈ ਕਿ ਜੇ ਲੜਾਈ ਮੁੱਦਿਆਂ 'ਤੇ ਲੜੀ ਜਾਵੇਗੀ ਤਾਂ ਫਿਰ ਮਹਾਂ-ਗੱਠਜੋੜ ਨੂੰ ਅੱਗੇ ਵਧਣ ਤੋਂ ਕੋਈ ਰੋਕ ਨਹੀਂ ਸਕਦਾ।

ਤੁਸੀਂ ਨੋਟ ਕੀਤਾ ਹੋਵੇਗਾ ਕਿ ਜਿਉਂ-ਜਿਉਂ ਬਿਹਾਰ ਵਿੱਚ ਮੁੱਦਿਆਂ 'ਤੇ ਚੋਣ ਭਖ ਰਹੀ ਹੈ, ਤਿਉਂ-ਤਿਉਂ ਐੱਨ ਡੀ ਏ ਸਟਾਰ ਪ੍ਰਚਾਰਕਾਂ ਸਮੇਤ ਪ੍ਰਧਾਨ ਮੰਤਰੀ ਅਤੇ ਨਿਤਿਸ਼ ਕੁਮਾਰ ਮੁੱਖ ਮੰਤਰੀ ਦੇ, ਘਬਰਾਹਟ ਵਿੱਚ ਦਿਖਾਈ ਦੇ ਰਹੇ ਹਨ। ਬੋਲ-ਕਬੋਲ ਕਰ ਰਹੇ ਹਨ। ਜਿਵੇਂ ਨਿਤਿਸ਼ ਕੁਮਾਰ ਮੁੱਖ ਮੰਤਰੀ ਹੁੰਦਿਆਂ ਮੁੱਦਿਆਂ ਤੋਂ ਹਟ ਕੇ ਲਾਲੂ ਦੇ ਬਾਰੇ ਜ਼ਿਆਦਾ ਬੱਚੇ ਪੈਦਾ ਕਰਨ ਦੀ ਗੱਲ ਆਖ ਰਹੇ ਹਨ, ਜਦ ਉਸ ਨੇ ਤੇਜਸਵੀ ਯਾਦਵ 'ਤੇ ਅਜਿਹਾ ਹਮਲਾ ਕੀਤਾ ਤਾਂ ਉਨਾਂ ਬਿਨਾਂ ਗੁੱਸਾ ਕੀਤਿਆਂ ਆਖਿਆ ਕਿ ਅਗਰ ਇਹ ਸਾਡੇ ਪਰਿਵਾਰ ਲਈ ਮਾੜੀ ਗੱਲ ਹੈ ਤਾਂ ਪ੍ਰਧਾਨ ਮੰਤਰੀ ਦੇ ਪਰਿਵਾਰ ਲਈ ਵੀ ਬਰਾਬਰ ਦੀ ਗੱਲ ਹੈ। ਅਗਰ ਨਿਤਿਸ਼ ਕੁਮਾਰ ਪਾਸ ਮੁੱਦਾ ਹੁੰਦਾ ਤਾਂ ਉਹ ਮੁੱਦੇ ਦੀ ਗੱਲ ਕਰਦਾ। ਠੀਕ ਇਸੇ ਤਰਾਂ ਪ੍ਰਧਾਨ ਮੰਤਰੀ ਸਾਹਿਬ ਵੀ ਆਪਣੇ ਅਹੁਦੇ ਦਾ ਖ਼ਿਆਲ ਕੀਤਿਆਂ ਬਗੈਰ ਮੁੱਦਾ-ਹੀਣ ਗੱਲਾਂ ਕਰਕੇ ਆਪਣਾ ਟਾਈਮ ਪਾਸ ਕਰ ਰਹੇ ਹਨ, ਕਦੇ ਉਹ ਨਿਤਿਸ਼ ਤੋਂ ਪਹਿਲੀਆਂ ਸਰਕਾਰਾਂ ਨੂੰ ਆਖ ਰਿਹਾ ਹੈ ਕਿ ਪਹਿਲੀਆਂ ਸਰਕਾਰਾਂ ਦਾ ਮੰਤਰ ਸੀ- ਪੈਸਾ ਹਜ਼ਮ, ਪ੍ਰਾਜੈਕਟ ਖ਼ਤਮ ਕਦੇ ਉਹ ਤੇਜਸਵੀ ਯਾਦਵ ਦਾ ਨਾਂਅ ਲਏ ਬਿਨਾਂ ਉਨਾਂ ਨੂੰ ਜੰਗਲ ਰਾਜ ਦਾ ਯੁਵਰਾਜ ਕਰਾਰ ਦਿੰਦੇ ਹਨ। ਕਦੇ ਉਹ ਜਨਤਾ ਨੂੰ ਡਰਾਉਣ ਦੀ ਖ਼ਾਤਰ ਆਖ ਰਹੇ ਹਨ ਕਿ ਮਹਾਂ-ਗੱਠਜੋੜ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨੌਕਰੀ ਦੇਣ ਵਾਲੀਆਂ ਨਿੱਜੀ ਕੰਪਨੀਆਂ ਵੀ ਬਿਹਾਰ ਵਿੱਚੋਂ ਨੌਂ-ਦੋ ਗਿਆਰਾਂ ਹੋ ਜਾਣਗੀਆਂ। ਅਗਰ ਪ੍ਰਧਾਨ ਮੰਤਰੀ ਪਾਸ ਮੁੱਦਾ ਹੁੰਦਾ ਤਾਂ ਉਹ ਉਸ ਮੁੱਦੇ ਦੀ ਗੱਲ ਕਰਦੇ। ਅਗਰ ਉਨਾਂ ਪਾਸ ਦਿੱਤੀਆਂ ਨੌਕਰੀਆਂ ਦਾ ਰਿਕਾਰਡ ਹੁੰਦਾ ਤਾਂ ਉਹ ਉਸ ਰਿਕਾਰਡ ਦਾ ਜ਼ਿਕਰ ਕਰਦੇ। ਅਗਰ ਉਨਾਂ ਪਾਸ ਕਿਸੇ ਚੰਗੇ ਕੰਮ ਦਾ ਰਿਕਾਰਡ ਹੁੰਦਾ ਤਾਂ ਉਹ ਉਸ ਰਿਕਾਰਡ ਦੀ ਗੱਲ ਕਰਦੇ। ਅਜਿਹੇ ਸਭ ਕੁਝ ਦੀ ਅਣਹੋਂਦ ਕਰਕੇ ਉਨਾਂ ਨੂੰ ਇੱਧਰਲੀਆਂ ਉਧਰਲੀਆਂ ਮਾਰ ਕੇ ਡੰਗ ਸਾਰਨਾ ਪੈ ਰਿਹਾ ਹੈ।

ਜਦ ਤੋਂ ਪ੍ਰਧਾਨ ਮੰਤਰੀ ਮੋਦੀ ਸੱਤਾ ਵਿੱਚ ਆਏ ਹਨ, ਉਦੋਂ ਤੋਂ ਉਹ ਬਹੁਤ ਵੱਡੇ-ਵੱਡੇ ਵਾਅਦੇ ਕਰਦੇ ਆਏ ਹਨ, ਪਰ ਉਨਾਂ ਕਿੰਨੇ ਵਾਅਦੇ ਪੂਰੇ ਕੀਤੇ, ਜਨਤਾ ਇਹ ਸਭ ਜਾਣਦੀ ਹੈ। ਇਸੇ ਕਰਕੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ 'ਤੇ ਝੂਠ ਬੋਲਣ ਦਾ ਦੋਸ਼ ਲਾਉਂਦੇ ਹੋਏ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ 2 ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਹੀ ਸੀ, ਪਰ ਕੀ ਲੋਕਾਂ ਨੂੰ ਰੁਜ਼ਗਾਰ ਮਿਲਿਆ? ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਬਿਹਾਰ ਆਨ ਕੇ ਵੀ ਹਰ ਤਰਾਂ ਦੀ ਗੱਲ ਕਰਦੇ ਹਨ। ਦੂਜੇ ਦੇਸ਼ਾਂ ਦੀ ਗੱਲ ਕਰਦੇ ਹਨ, ਪਰ ਆਪਣੇ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਗੱਲ ਨਹੀਂ ਕਰਦੇ। ਅਗਰ ਬੇਰੁਜ਼ਗਾਰੀ ਦੀ ਗੱਲ ਕਰਨਗੇ ਤਾਂ ਫਿਰ ਇਸ ਨੂੰ ਦੂਰ ਕਰਨ ਦੀ ਗੱਲ ਵੀ ਕਰਨੀ ਪਵੇਗੀ। ਬੱਸ ਇਹੀ ਤਾਂ ਪ੍ਰਧਾਨ ਮੰਤਰੀ ਦੇ ਵੱਸ ਦੀ ਗੱਲ ਨਹੀਂ। ਉਹ ਆਪਣੀ ਗੱਲ ਦਾ ਦੁਹਰਾਅ ਇੰਨਾ ਕਰਦੇ ਹਨ ਕਿ ਝੂਠ ਵੀ ਸੱਚ ਲੱਗਣ ਲੱਗ ਪੈਂਦਾ ਹੈ।

ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਲੱਗਦਾ ਹੈ ਕਿ ਇਸ ਵਕਤ ਮਹਾਂ-ਗੱਠਜੋੜ ਵੱਲੋਂ ਚਲਾਈ ਜਾ ਰਹੀ ਮੁਹਿੰਮ ਸਦਕਾ ਸਮੁੱਚਾ ਐੱਨ ਡੀ ਏ ਘਬਰਾਹਟ ਵਿੱਚ ਹੈ। ਹੋਰਨਾਂ ਕਾਰਨਾਂ ਤੋਂ ਇਲਾਵਾ ਨਿਤਿਸ਼ ਕੁਮਾਰ ਦਾ ਪਿਛਲੇ ਪੰਜ ਸਾਲਾਂ ਦਾ ਕਿਰਦਾਰ ਹੈ, ਜਿਹੜਾ ਜਨਤਾ ਨੂੰ ਮਾਫ਼ਕ ਨਹੀਂ ਬੈਠਿਆ। ਕੋਰੋਨਾ ਦੀ ਮਹਾਂਮਾਰੀ ਦੌਰਾਨ, ਜੋ ਉਸ ਦਾ ਮਜ਼ਦੂਰਾਂ ਪ੍ਰਤੀ ਰਵੱਈਆ ਰਿਹਾ, ਖ਼ਾਸ ਕਰ ਉਨਾਂ ਦੁਖਿਆਰੇ ਮਜ਼ਦੂਰਾਂ ਅਤੇ ਪਰਿਵਾਰਾਂ ਪ੍ਰਤੀ, ਜਿਹੜੇ ਦੂਜੇ ਸੂਬਿਆਂ ਤੋਂ ਉੱਜੜ ਕੇ ਖ਼ਾਲੀ ਹੱਥ ਪੈਦਲ ਤੁਰ ਕੇ ਆਪਣੀ ਸਾਰੀ ਪੂੰਜੀ ਰਸਤੇ ਵਿੱਚ ਖ਼ਤਮ ਕਰਕੇ ਮਸਾਂ ਪਹੁੰਚੇ ਸਨ। ਉਸ ਤੋਂ ਝੱਟ ਬਾਅਦ ਬਰਸਾਤ ਅਤੇ ਰਹਿੰਦੀ ਕਸਰ ਹੜਾਂ ਨੇ ਕੱਢ ਦਿੱਤੀ। ਮੁੱਖ ਮੰਤਰੀ ਸਮੇਤ ਉਪ ਮੁੱਖ ਮੰਤਰੀ ਆਪਣੇ ਘਰਾਂ ਵਿੱਚੋਂ ਬਾਹਰ ਨਿਕਲ ਕੇ ਗ਼ਰੀਬ ਜਨਤਾ ਦੇ ਦੁੱਖ ਵਿੱਚ ਸਹਾਇਕ ਨਹੀਂ ਬਣੇ।

ਅੱਜ ਤਕ ਦੀਆਂ ਰਿਪੋਰਟਾਂ ਮੁਤਾਬਿਕ ਮਹਾਂ-ਗੱਠਜੋੜ ਬੜੀ ਸਾਵਧਾਨੀ ਨਾਲ, ਆਪਣੀ ਸਿਆਣਪ ਨਾਲ, ਜਨਤਾ ਦੇ ਮੁੱਦਿਆਂ ਦੀ ਅਵਾਜ਼ ਚੁੱਕ ਕੇ ਉਸ ਦੀ ਆਵਾਜ਼ ਬਣ ਕੇ ਅੱਗੇ ਵਧ ਰਿਹਾ ਹੈ। ਸਹਿਜ ਅਤੇ ਲੰਮੇ ਸਾਹਸ ਦੀ ਜ਼ਰੂਰਤ ਹੈ। ਅਗਰ ਸਭ ਕੁਝ ਇਸੇ ਤਰਾਂ ਠੀਕ-ਠਾਕ ਰਿਹਾ ਤਾਂ ਲਗਦਾ ਹੈ ਕਿ ਮਹਾਂ-ਗੱਠਜੋੜ ਜਿੱਤਣ ਲਈ ਹੰਢਿਆਂ ਤੱਕ ਪਹੁੰਚ ਜਾਵੇਗਾ।

# ਸਿੱਖ ਕਤਲੇਆਮ ਨਵੰਬਰ ਚੌਰਾਸੀ ਬਾਰੇ ਹੌਲਨਾਕ ਦਾਸਤਾਨ

## ✪ ਅੱਜ ਵੀ ਸੁੰਨ ਹੋ ਜਾਂਦੇ ਨੇ ਚਸ਼ਮਦੀਦ ✪ ਮੌਤ ਦੇ ਮੂੰਹ 'ਚੋਂ ਬਚੇ ਤਿੰਨ ਜੋਗਿੰਦਰ ਸਿੰਘਾਂ ਨੇ ਸੁਣਾਈ ਹੱਡਬੀਤੀ

**ਬਟਾਲਾ/ਏ.ਟੀ.ਨਿਊਜ਼** : 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦੇਸ਼ ਭਰ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਘਟਨਾ ਨੂੰ 35 ਵਰ੍ਹੇ ਬੀਤ ਗਏ ਹਨ ਪਰ ਉਸ ਸਮੇਂ ਵੱਖ-ਵੱਖ ਸੂਬਿਆਂ ਵਿੱਚੋਂ ਮੌਤ ਨੂੰ ਝਕਾਨੀ ਦੇ ਕੇ ਬਚੇ ਲੋਕ 'ਕਤਲੇਆਮ' ਨੂੰ ਯਾਦ ਕਰ ਕੇ ਅੱਜ ਵੀ ਸੁੰਨ ਹੋ ਜਾਂਦੇ ਹਨ। ਪਿੰਡ ਪੰਡੋਰੀ ਦੇ ਜੋਗਿੰਦਰ ਸਿੰਘ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ ਪੱਛਮੀ ਬੰਗਾਲ ਦੇ ਜ਼ਿਲਾ ਬਰਦਾਅ (ਨੇੜੇ ਆਸਨਸੋਲ) ਵਿੱਚ ਕੋਲੇ ਦੀ ਖਾਣ 'ਚ ਮਜ਼ਦੂਰੀ ਕਰਦਾ ਸੀ। 31 ਅਕਤੂਬਰ, 1984 ਨੂੰ ਉਹ ਆਪਣੀ ਧੀ ਦੇ ਵਿਆਹ ਲਈ 50 ਹਜ਼ਾਰ ਰੁਪਏ ਲੈ ਕੇ ਰੇਲਗੱਡੀ ਰਾਹੀਂ ਪਿੰਡ ਆ ਰਿਹਾ ਸੀ। ਜਦੋਂ ਰੇਲਗੱਡੀ ਅਲਾਹਾਬਾਦ/ਕਾਨਪੁਰ ਤੋਂ ਗਾਜ਼ੀਆਬਾਦ ਲਈ ਚੱਲੀ ਤਾਂ ਵੱਡੇ ਹਜੂਮ ਨੇ ਰੇਲ ਵਿੱਚ ਸਫ਼ਰ ਕਰ ਰਹੇ ਸਿੱਖਾਂ ਨੂੰ ਘੇਰ ਲਿਆ ਤੇ ਉਨਾਂ ਦੇ ਸੱਟਾਂ ਮਾਰੀਆਂ। ਉਸ ਨੇ ਆਪਣੀ ਜਾਨ ਬਚਾਉਣ ਲਈ ਸਟੇਸ਼ਨ ਮਾਸਟਰ ਦੇ ਕਮਰੇ ਵਿੱਚ ਵੜ ਕੇ ਅੰਦਰੋਂ ਕੁੰਡੀ ਲਾ ਲਈ। ਪੁਲੀਸ ਨੇ ਪਹਿਲੀ ਨਵੰਬਰ ਨੂੰ ਉਸ ਨੂੰ ਕਮਰੇ ਵਿੱਚੋਂ ਕੱਢਿਆ। ਉਸ ਨੇ ਪੁਲੀਸ ਅੱਗੇ ਜਾਨ ਬਖ਼ਸ਼ਣ ਲਈ ਹਾੜੇ ਕੱਢੇ ਅਤੇ ਪਾਣੀ ਪੀਣ ਲਈ ਬੇਨਤੀ ਕੀਤੀ। ਪੁਲੀਸ ਮੁਲਾਜ਼ਮਾਂ ਨੇ ਸਾਹਮਣੇ ਪਾਣੀ ਪੀਣ ਦਾ ਇਸ਼ਾਰਾ ਕੀਤਾ ਤਾਂ ਉਹ ਹਨੇਰੇ ਦਾ ਫਾਇਦਾ ਚੁੱਕ ਕੇ ਭੱਜ ਨਿਕਲਿਆ। ਉਹ ਪਿੰਡ ਢੋਰਾ (ਜ਼ਿਲਾ ਇਟਾਵਾ) ਦੇ ਗੰਨਿਆਂ ਦੇ ਖੇਤ ਵਿੱਚ ਵੜ ਗਿਆ, ਜਿੱਥੇ 6 ਦਿਨ ਤੇ ਰਾਤਾਂ ਗੁਜ਼ਾਰੀਆਂ। ਜਦੋਂ ਉਸ ਨੂੰ ਪਿਆਸ ਲੱਗਦੀ ਤਾਂ ਉਹ ਗੰਨੇ ਚੂਪ ਲੈਂਦਾ। ਮਗਰੋਂ ਕਮਾਦ ਦੇ ਮਾਲਕ ਤੇ ਪਿੰਡ ਢੋਰਾ ਦੇ ਸਰਪੰਚ ਸੇਵਾ ਰਾਮ ਨੇ ਕਮਾਦ ਦੀ ਵਾਢੀ ਕਰਦਿਆਂ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ 'ਚ ਦੇਖਿਆ। ਉਹ ਉਸ ਨੂੰ ਸਾਈਕਲ ਪਿੱਛੇ ਬਿਠਾ ਕੇ ਘਰ ਲੈ ਗਿਆ ਤੇ ਉਸ ਨੂੰ ਘਰ ਬਿਠਾ ਕੇ ਖ਼ੁਦ ਡਾਕਟਰ ਨੂੰ ਲੈਣ ਚਲਾ ਗਿਆ। ਇਸ ਬਾਰੇ ਪਤਾ ਲੱਗਣ 'ਤੇ ਪਿੰਡ ਦੇ ਲੋਕਾਂ ਨੇ ਸਰਪੰਚ ਦਾ ਘਰ ਘੇਰ ਲਿਆ ਪਰ ਸਰਪੰਚ ਦੀ ਸਖ਼ਤ ਚਿਤਾਵਨੀ ਕਾਰਨ ਬਚਾਅ ਹੋ ਗਿਆ। ਸਰਪੰਚ ਨੇ ਉਸ ਨੂੰ ਹਫ਼ਤਾ ਆਪਣੇ ਘਰ ਰੱਖਿਆ ਅਤੇ ਮਾਹੌਲ ਠੀਕ ਹੋਣ 'ਤੇ ਪੱਲਿਓਂ ਪੈਸੇ ਦੇ ਕੇ ਪਿੰਡ ਪੰਡੋਰੀ ਭੇਜਿਆ।

ਅਜਿਹਾ ਭਾਣਾ ਹੀ ਪਿੰਡ ਸੱਖੋਵਾਲ ਦੇ ਜੋਗਿੰਦਰ ਸਿੰਘ ਨਾਲ ਵਾਪਰਿਆ। ਉਹ ਗੁੜਗਾਉਂ ਦੇ ਪਿੰਡ ਡੇਰਾਹੈੜਾ ਦੀ ਇਕ ਧਾਗਾ ਮਿੱਲ 'ਚ ਕੰਮ ਕਰਦਾ ਸੀ। ਮਿੱਲ ਦਿੱਲੀ ਦੀ ਜੂਹ ਨਾਲ ਲੱਗਦੀ ਸੀ। ਪਹਿਲੀ ਨਵੰਬਰ ਨੂੰ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਹਜੂਮ ਨੇ ਮਿੱਲ ਘੇਰ ਲਈ। ਇੱਥੇ ਦਰਜਨਾਂ ਸਿੱਖ ਪਰਿਵਾਰਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਸ ਮਾਰੋ ਮਾਰੀ 'ਚ ਜੋਗਿੰਦਰ ਸਿੰਘ ਕਿਸੇ ਤਰਾਂ ਭੱਜ ਨਿਕਲਿਆ ਅਤੇ ਜ਼ਮੀਨਦੋਜ਼ ਪਾਈਪਾਂ ਵਿੱਚ ਕਈ ਦਿਨ ਅਤੇ ਰਾਤਾਂ ਗੁਜ਼ਾਰੀਆਂ। ਉਸ ਨੇ ਦੱਸਿਆ ਕਿ ਭੀੜ ਤਿੰਨ ਦਿਨ ਉਸ



ਨੂੰ ਮਾਰਨ ਲਈ ਆਉਂਦੀ ਰਹੀ। ਚੌਥੇ ਦਿਨ ਦਿੱਲੀ ਦਾ ਇੱਕ ਅਮੀਰ ਸਿੱਖ ਫ਼ੈਕਟਰੀ 'ਚ ਆਇਆ ਅਤੇ ਉਸ ਨੂੰ ਆਪਣੇ ਘਰ ਲੈ ਗਿਆ, ਜਿੱਥੇ ਕੁਝ ਦਿਨਾਂ ਬਾਅਦ ਮਾਹੌਲ ਸ਼ਾਂਤ ਹੋਣ 'ਤੇ ਉਸ ਨੂੰ ਕਿਰਾਇਆ ਦੇ ਕੇ ਘਰ ਭੇਜਿਆ।

ਬਟਾਲਾ ਦੇ ਕਾਦੀਆਂ ਰੋਡ 'ਤੇ ਚਾਹ ਦੀ ਦੁਕਾਨ ਚਲਾ ਰਹੇ ਅਤੇ ਮੂਲ ਰੂਪ ਵਿੱਚ ਪਿੰਡ ਰੰਗੜ ਨੰਗਲ ਦੇ ਵਸਨੀਕ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਹ ਝਰੀਆ (ਝਾਰਖੰਡ, ਉਸ ਸਮੇਂ ਬਿਹਾਰ) ਦੀ ਇੱਕ ਕੋਲਾ ਖਾਣ ਵਿੱਚ ਟਰੱਕ ਚਲਾਉਂਦਾ ਸੀ। ਪਹਿਲੀ ਨਵੰਬਰ ਨੂੰ ਕੋਲਾ ਖਾਣ ਮੈਨੇਜਰ ਨੇ ਸਾਰੇ ਸਿੱਖਾਂ ਨੂੰ ਆਪਣੀ ਜਾਨ ਬਚਾਉਣ ਲਈ ਸਪਸ਼ਟ ਕਹਿ ਦਿੱਤਾ। ਉਹ ਜਦੋਂ ਟਰੱਕ ਲੈ ਕੇ ਸੜਕ 'ਤੇ ਜਾ ਰਿਹਾ ਸੀ ਤਾਂ ਰਸਤੇ ਵਿੱਚ ਕਈ ਥਾਵਾਂ 'ਤੇ ਸਿੱਖਾਂ ਦੀਆਂ ਗੱਡੀਆਂ ਘੇਰ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਰਸਤੇ ਵਿੱਚ ਇੱਕ ਜਗਾ ਭੀੜ ਨੇ ਉਸ ਦਾ ਟਰੱਕ ਘੇਰਨ ਦਾ ਯਤਨ ਕੀਤਾ ਤਾਂ ਉਸ ਨੇ ਟਰੱਕ ਭੀੜ 'ਤੇ ਚਾੜ ਦਿੱਤਾ ਅਤੇ ਥੋੜੀ ਦੂਰ ਥਾਣਾ ਝਰੀਆਂ ਵਿੱਚ ਜਾ ਗੱਡੀ ਲਾਈ। ਉੱਥੇ ਭੀੜ ਨੇ ਪੁਲੀਸ ਨੂੰ, ਉਸਨੂੰ ਉਨਾਂ ਹਵਾਲੇ ਕਰਨ ਲਈ ਆਖਿਆ ਪਰ ਪੁਲੀਸ ਨੇ ਉਸ ਨੂੰ ਬਚਾ ਲਿਆ। ਉਸ ਨੇ ਦੱਸਿਆ ਕਿ ਬੋਕਾਰੋ ਵਿੱਚ ਉਸ ਦੇ ਤਾਏ ਦਾ ਲੜਕਾ ਮਾਰਿਆ ਗਿਆ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਸੰਪਤੀ ਵੀ ਸਾੜ ਦਿੱਤੀ ਗਈ।

# ਸਾਈਕਲ ਚਲਾਉਣ ਦੇ ਫ਼ਾਇਦੇ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਕੋਰੋਨਾ ਨੇ ਪੂਰੀ ਦੁਨੀਆ ਨੂੰ ਘਰਾਂ ਅੰਦਰ ਡੱਕ ਦਿੱਤਾ ਹੋਇਆ ਹੈ। ਜਦੋਂ ਹੀ ਥੋੜ੍ਹੀ ਰਾਹਤ ਮਿਲੀ, ਸਭ ਘਰਾਂ ਤੋਂ ਬਾਹਰ ਨਿਕਲ ਪਏ। ਸੈਂਕੜਿਆਂ ਦੀ ਗਿਣਤੀ ਵਿਚ ਹਰ ਸ਼ਹਿਰ ਵਿਚ ਲੋਕ ਜਿਮ ਨੂੰ ਛੱਡ ਕੇ ਸੜਕਾਂ ਉੱਤੇ ਦੌੜਨ ਜਾਂ ਸਾਈਕਲ ਚਲਾਉਣ ਲੱਗ ਪਏ ਹਨ।

ਕੋਰੋਨਾ ਤੋਂ ਪਹਿਲਾਂ ਲੋਕ ਕਾਰਾਂ, ਸਕੂਟਰਾਂ ਦੀ ਰੇਸ ਵਿਚ ਸਾਈਕਲ ਨੂੰ ਭੁਲਾ ਹੀ ਚੁੱਕੇ ਸਨ। ਕੋਰੋਨਾ ਨੇ ਕਸਰਤ ਅਤੇ ਸਿਹਤਮੰਦ ਖ਼ੁਰਾਕ ਵੱਲ ਸਭ ਨੂੰ ਮੋੜਿਆ।

ਸਾਈਕਲ ਚਲਾਉਣ ਵਾਲੇ ਲੰਮੀ ਜ਼ਿੰਦਗੀ ਭੋਗਦੇ ਹਨ। ਇਹ ਨੁਕਤਾ ਤਾਂ ਬਹੁਤ ਪੁਰਾਣਾ ਪ੍ਰਚਲਿਤ ਹੈ ਕਿ ਕਾਰਾਂ ਜਾਂ ਸਕੂਟਰਾਂ ਨਾਲ ਜਿੱਥੇ ਐਕਸੀਡੈਂਟ ਰਾਹੀਂ ਜਾਨਾਂ ਜਾ ਰਹੀਆਂ ਹਨ, ਉੱਥੇ ਕਸਰਤ ਘਟਣ ਨਾਲ ਇਨਸਾਨੀ ਸਰੀਰ ਬਿਮਾਰੀਆਂ ਦਾ ਘਰ ਬਣਦਾ ਜਾ ਰਿਹਾ ਹੈ।

ਖੋਜਾਂ ਰਾਹੀਂ ਪਤਾ ਲੱਗਿਆ ਹੈ ਕਿ ਔਰਤਾਂ ਜੇ ਲਗਾਤਾਰ ਦੋ ਸਾਲ, ਹਫ਼ਤੇ ਵਿਚ ਤਿੰਨ ਵਾਰ ਤੋਂ ਵੱਧ ਅਤੇ ਰੋਜ਼ 25 ਮੀਲ ਤਕ ਸਾਈਕਲ ਚਲਾਉਂਦੀਆਂ ਰਹਿਣ ਤਾਂ ਉਨ੍ਹਾਂ ਵਿਚ ਗੱਦੀ ਉੱਤੇ ਛੂਹਦੇ ਹਿੱਸੇ ਦਾ ਸੁੰਨ ਹੋਣਾ ਅਤੇ ਸਖ਼ਤ ਗੱਦੀ ਸਦਕਾ ਚਮੜੀ ਦਾ ਸਖ਼ਤ ਹੋਣਾ ਜਾਂ ਜ਼ਖ਼ਮ ਬਣਨ ਦਾ ਖ਼ਤਰਾ ਹੁੰਦਾ ਹੈ। ਇੰਜ ਹੀ ਬਹੁ-ਗਿਣਤੀ ਸਾਈਕਲ ਚਲਾਉਂਦੀਆਂ ਔਰਤਾਂ ਵਿਚ ਪਿਸ਼ਾਬ ਦੇ ਰਾਹ ਵਿਚ ਕੀਟਾਣੂਆਂ ਦੇ ਹੱਲੇ ਦਾ ਖ਼ਤਰਾ ਵੀ ਹੁੰਦਾ ਹੈ।

ਇਕ ਹੋਰ ਖੋਜ ਨੇ ਪੁਰਸ਼ਾਂ ਦੇ ਦੋ ਸਾਲ ਲਗਾਤਾਰ ਬਹੁਤ ਜ਼ਿਆਦਾ ਸਾਈਕਲ ਚਲਾਉਣ ਬਾਅਦ ਉਨ੍ਹਾਂ ਵਿਚ ਮਰਦਾਨਾ ਕਮਜ਼ੋਰੀ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਤੇ ਸ਼ੁਕਰਾਣੂਆਂ ਵਿਚ ਕਮੀ ਬਾਰੇ ਵੀ ਦੱਸਿਆ।

ਇਨ੍ਹਾਂ ਦੋਨਾਂ ਖੋਜਾਂ ਬਾਰੇ ਅਮਰੀਕਨ ਯੂਰੋਲੋਜੀਕਲ ਐਸੋਸੀਏਸ਼ਨ ਵਿਚਲੇ 21,000 ਡਾਕਟਰਾਂ ਨੇ ਨਕਾਰਿਆ ਕਿ ਜੇ ਸਾਈਕਲ ਚਲਾਉਣ ਲੱਗਿਆਂ ਕੁੱਝ ਗੱਲਾਂ ਦਾ ਧਿਆਨ ਰੱਖਿਆ ਜਾਵੇ ਤਾਂ ਇਨ੍ਹਾਂ ਖ਼ਤਰਿਆਂ ਤੋਂ ਬਚਿਆ ਜਾ ਸਕਦਾ ਹੈ। ਸਾਈਕਲ ਚਲਾਉਣ ਦੇ ਫ਼ਾਇਦੇ ਏਨੇ ਜ਼ਿਆਦਾ ਹਨ ਕਿ ਸਾਈਕਲ ਜ਼ਰੂਰ ਚਲਾਉਣਾ ਚਾਹੀਦਾ ਹੈ।

ਦਰਅਸਲ ਸਖ਼ਤ ਸੀਟ ਨਾਲ ਹੇਠਲੀਆਂ ਨਸਾਂ ਤੇ ਲਹੂ ਦੀਆਂ ਨਾੜੀਆਂ ਦੱਬ ਜਾਂਦੀਆਂ ਹਨ। ਅਜਿਹਾ ਉਨ੍ਹਾਂ ਪੁਲਿਸ ਅਫ਼ਸਰਾਂ ਵਿਚ ਲੱਭਿਆ ਗਿਆ ਜਿਹੜੇ ਸਾਰਾ ਦਿਨ ਸਾਈਕਲਾਂ ਉੱਤੇ ਡਿਊਟੀ ਨਿਭਾ ਰਹੇ ਸਨ।

ਏਸੇ ਲਈ ਸਾਈਕਲ ਦੀ ਸੀਟ ਨਰਮ ਹੋਣੀ ਚਾਹੀਦੀ ਹੈ ਅਤੇ ਸਾਈਕਲ ਚਲਾਉਂਦੇ ਹੋਏ ਰਤਾ ਮਾਸਾ ਹਿਲਜੁਲ ਕਰ ਕੇ ਅਗਾਂਹ ਪਿਛਾਂਹ ਹੋ ਜਾਣਾ ਚਾਹੀਦਾ ਹੈ ਤਾਂ ਜੋ ਇੱਕੋ ਥਾਂ ਸਰੀਰ ਦਾ ਭਾਰ ਨਾ ਪੈਂਦਾ ਰਹੇ।

ਸਾਈਕਲ ਚਲਾਉਣ ਦੇ ਫ਼ਾਇਦੇ :-

1. ਔਰਤਾਂ ਲਈ ਬਰਿਟਿਸ਼ ਹਾਰਟ ਫਾਊਂਡੇਸ਼ਨ ਨੇ ਸੰਨ 2017 ਵਿਚ ਰਿਪੋਰਟ ਛਾਪੀ ਕਿ ਹਰ ਹਫ਼ਤੇ 150 ਮਿੰਟ ਸਾਈਕਲ ਚਲਾਉਣਾ ਅਤੇ ਹਫ਼ਤੇ ਵਿਚ ਦੋ ਦਿਨ ਪੱਠੇ ਤਗੜੇ ਕਰਨ ਵਾਲੀਆਂ ਕਸਰਤਾਂ ਔਰਤਾਂ ਲਈ ਬੇਹੱਦ ਜ਼ਰੂਰੀ ਹਨ। ਇਸ ਵੇਲੇ ਇਕ ਕਰੋੜ 18 ਲੱਖ ਔਰਤਾਂ ਅਤੇ 83 ਲੱਖ ਮਰਦ ਸਿਰਫ਼ ਇੰਗਲੈਂਡ ਵਿਚ ਹੀ ਕਸਰਤ ਨਾ ਕਰਨ ਨੂੰ ਤਰਜੀਹ ਦੇ ਰਹੇ ਹਨ। ਇਸੇ ਲਈ 26.8 ਫ਼ੀਸਦੀ ਇੰਗਲੈਂਡ ਦੀਆਂ ਔਰਤਾਂ ਮੋਟਾਪੇ ਦਾ ਸ਼ਿਕਾਰ ਹੋ ਚੁੱਕੀਆਂ ਹਨ।

ਰੈਗੂਲਰ ਸਾਈਕਲ ਚਲਾਉਣ ਵਾਲੀਆਂ ਔਰਤਾਂ ਵਿਚ ਕੈਂਸਰ ਹੋਣ ਦੇ ਆਸਾਰ ਘੱਟ ਦਿਸੇ, ਹਾਰਟ ਅਟੈਕ ਘੱਟ ਹੋਏ ਤੇ ਸ਼ੱਕਰ ਰੋਗ ਵੀ ਕਾਫ਼ੀ ਘੱਟ ਹੋਇਆ।



2. ਔਰਤਾਂ ਵਿਚ ਹਾਰਮੋਨ, ਜੀਨ, ਕੰਮ-ਕਾਰ ਤੇ ਸਰੀਰਕ ਬਣਤਰ ਸਦਕਾ ਜੋੜ ਛੇਤੀ ਨੁਕਸਾਨੇ ਜਾਂਦੇ ਹਨ ਤੇ ਤਿੰਨ ਚੌਥਾਈ ਇੰਗਲੈਂਡ ਦੀਆਂ ਔਰਤਾਂ 45 ਸਾਲ ਦੀ ਉਮਰ ਤੋਂ ਬਾਅਦ ਮੋਟਾਪਾ ਵੀ ਸਹੇੜ ਲੈਂਦੀਆਂ ਹਨ। ਇਸੇ ਲਈ ਉਨ੍ਹਾਂ ਨੂੰ ਆਰਥਰਾਈਟਿਸ ਰੋਗ ਕਾਫ਼ੀ ਵੱਧ ਹੁੰਦਾ ਹੈ। ਸਾਈਕਲ ਚਲਾਉਣ ਨਾਲ ਇੱਕ ਘੰਟੇ ਵਿਚ 300 ਕੈਲਰੀਆਂ ਤੱਕ ਖ਼ਰਚ ਹੋ ਜਾਂਦੀਆਂ ਹਨ ਤੇ ਭਾਰ ਘਟਣ ਨਾਲ ਜੋੜਾਂ ਦਾ ਦਰਦ ਵੀ ਘੱਟ ਜਾਂਦਾ ਹੈ। ਸਾਈਕਲ ਚਲਾਉਣ ਵੇਲੇ ਜੋੜ ਸਰੀਰ ਦਾ ਵਾਧੂ ਦਾ ਭਾਰ ਵੀ ਨਹੀਂ ਚੁੱਕਦੇ ਸੋ ਜੋੜਾਂ ਦੀ ਟੁੱਟ-ਭੁੱਟ ਵੀ ਘੱਟ ਜਾਂਦੀ ਹੈ। ਬਹੁਤਿਆਂ ਦੇ ਕਾਰਟੀਲੇਜ ਵੀ ਵਾਧੂ ਖਿੱਚੇ ਜਾਣ ਤੋਂ ਬਚ ਜਾਂਦੇ ਹਨ। ਪੈਰਾਂ ਦੇ ਜੋੜ, ਗੋਡੇ ਤੇ ਪਿੱਠ, ਸਾਰੇ ਹੀ ਜੋੜਾਂ ਦੀ ਕਸਰਤ ਵੀ ਹੋ ਜਾਂਦੀ ਹੈ ਤੇ ਵਾਧੂ ਭਾਰ ਵੀ ਨਹੀਂ ਝੱਲਣਾ ਪੈਂਦਾ।

ਇੱਕ 90 ਸਾਲਾ ਔਰਤ ਲੈਨ ਯਿਨ, ਜੋ ਹਰ ਸਾਲ 160 ਮੀਲ ਸਾਈਕਲ ਚਲਾਉਣ ਦੀ ਦੌੜ ਵਿਚ ਸ਼ਾਮਲ ਹੁੰਦੀ ਹੈ ਤੇ ਪਿਛਲੇ 50 ਸਾਲਾਂ ਤੋਂ ਸਾਈਕਲ ਚਲਾ ਰਹੀ ਹੈ, ਦਾ ਇਹੀ ਕਹਿਣਾ ਹੈ ਕਿ ਸਰੀਰ ਉਦੋਂ ਹੀ ਖੜ ਜਾਂਦਾ ਹੈ ਜਦੋਂ ਇਸ ਨੂੰ ਵਰਤਣਾ ਛੱਡ ਦਿੱਤਾ ਜਾਵੇ।

3. ਰੈਗੂਲਰ ਸਾਈਕਲ ਚਲਾਉਂਦੀਆਂ ਔਰਤਾਂ ਵਿਚ ਮਾਹਵਾਰੀ ਦੌਰਾਨ ਘੱਟ ਤਕਲੀਫ਼ਾਂ ਹੁੰਦੀਆਂ ਹਨ ਤੇ ਉਹ ਜੰਮਣ ਪੀੜਾਂ ਵੀ ਸੌਖੀਆਂ ਜਰ ਜਾਂਦੀਆਂ ਹਨ।

4. ਗਰਭਵਤੀ ਔਰਤਾਂ ਵੀ ਡਾਕਟਰ ਦੀ ਸਲਾਹ ਨਾਲ ਰੈਗੂਲਰ ਸਾਈਕਲ ਚਲਾ ਸਕਦੀਆਂ ਹਨ।

5. ਇੰਗਲੈਂਡ ਦੇ 'ਮੈਂਟਲ ਹੈਲਥ ਫਾਊਂਡੇਸ਼ਨ' ਅਨੁਸਾਰ ਔਰਤਾਂ ਵਿਚ ਮਰਦਾਂ ਨਾਲੋਂ ਵੱਧ ਢਹਿੰਦੀ ਕਲਾ ਤੇ ਘਬਰਾਹਟ ਹੁੰਦੀ ਹੈ। ਇਸੇ ਲਈ ਘਰੋਂ ਬਾਹਰ ਤਾਜ਼ੀ ਹਵਾ ਵਿਚ ਸਾਈਕਲ ਚਲਾਉਣ ਨਾਲ ਔਰਤਾਂ ਦੀ ਮਾਨਸਿਕ ਦਸ਼ਾ ਵਿਚ ਵੀ ਸੁਧਾਰ ਹੁੰਦਾ ਦਿਸਿਆ। ਸਾਈਕਲ ਚਲਾਉਣ ਨਾਲ ਔਰਤ ਅਤੇ ਮਰਦ, ਦੋਹਾਂ ਦੇ ਸਰੀਰ ਅੰਦਰ ਐਡਰੀਨਾਲੀਨ ਤੇ ਐਂਡੋਰਫਿਨ ਨਿਕਲ ਪੈਂਦੇ ਹਨ ਜੋ ਤਣਾਓ ਘਟਾ ਕੇ ਚੜ੍ਹਦੀ ਕਲਾ ਦਾ ਇਹਸਾਸ ਕਰਵਾ ਦਿੰਦੇ ਹਨ।

6. ਲਗਾਤਾਰ ਸਾਈਕਲ ਚਲਾਉਣ ਵਾਲਿਆਂ ਵਿਚ ਹੌਲੀ-ਹੌਲੀ ਸਵੈ-ਵਿਸ਼ਵਾਸ ਵੀ ਵਧਿਆ ਲੱਭਿਆ। ਜਿਵੇਂ-ਜਿਵੇਂ ਸਰੀਰਕ ਤੰਦਰੁਸਤੀ ਹੋਈ, ਸਭਨਾਂ ਦਾ ਮਨੋਬਲ ਵੀ ਵੱਧ ਗਿਆ।

7. ਸਾਈਕਲ ਚਲਾਉਣਾ ਲੱਤਾਂ ਦੇ ਪੱਠਿਆਂ ਦੀ ਬਹੁਤ ਵਧੀਆ ਕਸਰਤ ਮੰਨੀ ਗਈ ਹੈ।

8. ਜੋੜਾਂ ਵਿਚ ਲਚਕ ਵੱਧ ਜਾਂਦੀ ਹੈ ਤੇ ਜੋੜ ਬਦਲਣ ਦੀ ਨੌਬਤ ਨਹੀਂ ਆਉਂਦੀ।

9. ਤਣਾਓ ਘਟਾਉਣ ਵਿਚ ਸਹਾਈ ਹੁੰਦਾ ਹੈ।

10. ਰੀੜ੍ਹ ਦੀ ਹੱਡੀ ਤਗੜੀ ਹੋ ਜਾਂਦੀ ਹੈ।

11. ਲੱਤਾਂ ਦੀਆਂ ਹੱਡੀਆਂ ਤਗੜੀਆਂ ਹੋ ਜਾਂਦੀਆਂ ਹਨ।

12. ਸਰੀਰ ਅੰਦਰ ਥਿੰਦੇ ਦੀ ਮਾਤਰਾ ਘੱਟ ਜਾਂਦੀ ਹੈ।

13. ਢਿੱਡ ਤੇ ਪਿੱਠ ਦੇ ਪੱਠਿਆਂ ਦੀ ਕਸਰਤ ਵੀ ਹੋ ਜਾਂਦੀ ਹੈ।

14. ਇਹ ਖੋਜ ਰਾਹੀਂ ਸਾਹਮਣੇ ਆ ਚੁੱਕੇ ਤੱਥ ਹਨ ਕਿ ਸੁਸਤੀ ਤੇ ਨਿਤਾਣਾਪਨ ਸਾਈਕਲ ਚਲਾਉਣ ਦੇ ਦਸ ਮਿੰਟ ਦੇ ਅੰਦਰ-ਅੰਦਰ ਖ਼ਤਮ ਹੋਣ ਲੱਗ ਪੈਂਦੇ ਹਨ ਕਿਉਂਕਿ ਸਰੀਰ ਅੰਦਰ ਐਂਡੋਰਫਿਨ ਨਿਕਲ ਪੈਂਦੇ ਹਨ ਜੋ ਤਣਾਓ ਘਟਾ ਦਿੰਦੇ ਹਨ। ਰੈਗੂਲਰ ਤੌਰ ਉੱਤੇ ਸਾਈਕਲ ਚਲਾਉਣ ਵਾਲੇ ਜ਼ਿਆਦਾ ਆਤਮ ਨਿਰਭਰ ਅਤੇ ਸਵੈ ਵਿਸ਼ਵਾਸ ਨਾਲ ਭਰ ਜਾਂਦੇ ਹਨ।

15. ਦਿਲ ਵਾਸਤੇ ਬਹੁਤ ਵਧੀਆ ਕਸਰਤ ਹੈ।

16. ਕੁੱਝ ਕਿਸਮਾਂ ਦੇ ਕੈਂਸਰ ਖ਼ਾਸ ਤੌਰ ਉੱਤੇ ਛਾਤੀ ਦਾ ਕੈਂਸਰ ਅਤੇ ਕੈਂਸਰ ਦੇ ਇਲਾਜ ਲਈ ਵਰਤੀਆਂ ਜਾ ਰਹੀਆਂ ਦਵਾਈਆਂ ਦੇ ਮਾੜੇ ਅਸਰਾਂ ਨੂੰ ਘਟਾਉਣ ਵਿਚ ਲਗਾਤਾਰ ਕੀਤੀ ਕਸਰਤ ਫ਼ਾਇਦਾ ਦਿੰਦੀ ਹੈ।

17. ਸਵੇਰੇ ਨਿਰਨੇ ਕਾਲਜੇ ਚਲਾਇਆ ਸਾਈਕਲ ਵੱਧ ਥਿੰਦਾ ਖ਼ੋਰਦਾ ਹੈ ਅਤੇ ਸਾਰਾ ਦਿਨ ਚੁਸਤੀ ਨਾਲ ਭਰ ਦਿੰਦਾ ਹੈ।

ਸੰਨ 2019 ਵਿਚ ਕੀਤੀ ਖੋਜ ਨੇ ਇਹ ਸਪਸ਼ਟ ਕੀਤਾ ਕਿ ਜਿਨ੍ਹਾਂ ਨੇ 6 ਹਫ਼ਤੇ ਰੋਜ਼ ਸਵੇਰੇ ਨਾਸ਼ਤੇ ਤੋਂ ਪਹਿਲਾਂ ਕਸਰਤ ਕੀਤੀ, ਉਨ੍ਹਾਂ ਦੇ ਸਰੀਰ ਅੰਦਰ ਵੱਧ ਇਨਸੂਲਿਨ ਨਿਕਲੀ ਅਤੇ ਉਨ੍ਹਾਂ ਦਾ ਭਾਰ ਦੂਜਿਆਂ ਨਾਲੋਂ ਦੁੱਗਣਾ ਘਟਿਆ, ਜਿਨ੍ਹਾਂ ਨੇ ਨਾਸ਼ਤੇ ਤੋਂ ਬਾਅਦ ਕਸਰਤ ਕੀਤੀ।

18. ਬਲੱਡ ਪ੍ਰੈਸ਼ਰ ਘਟਾਉਣ ਤੇ ਹਾਰਟ ਅਟੈਕ ਅਤੇ ਸ਼ੱਕਰ ਰੋਗ ਹੋਣ ਦਾ ਖ਼ਤਰਾ ਘਟਾਉਣ ਵਿਚ ਸਾਈਕਲ ਚਲਾਉਣਾ ਬੇਹੱਦ ਅਸਰਦਾਰ ਸਾਬਤ ਹੋਇਆ ਹੈ।

ਸਾਈਕਲ ਚਲਾਉਣ ਵੇਲੇ ਸਰੀਰ ਅੰਦਰਲਾ ਗਲੂਕੋਜ਼ ਕਾਫ਼ੀ ਵਰਤਿਆ ਜਾਂਦਾ ਹੈ। ਜਿਗਰ ਵਿਚਲਾ ਗਲਾਈਕੋਜਨ ਇਹ ਗਲੂਕੋਜ਼ ਮੁਹੱਈਆ ਕਰਵਾਉਂਦਾ ਹੈ। ਇਸੇ ਦੌਰਾਨ ਨਾਲੋ-ਨਾਲ ਸਾਹ ਰਾਹੀਂ ਅੰਦਰ ਖਿੱਚੀ ਆਕਸੀਜਨ ਨਾਲ ਪੂਰਾ ਸਰੀਰ ਚੁਸਤ ਹੋ ਜਾਂਦਾ ਹੈ। ਪਰ, ਜਦੋਂ ਹੱਦੋਂ ਵੱਧ ਸਾਈਕਲ ਚਲਾਇਆ ਜਾਵੇ ਤਾਂ ਪੱਠਿਆਂ ਦੀ ਟੁੱਟ-ਭੁੱਟ ਹੋਣ ਲੱਗ ਪੈਂਦੀ ਹੈ। ਇਨ੍ਹਾਂ ਸੈੱਲਾਂ ਦੀ ਟੁੱਟ-ਭੁੱਟ ਸਦਕਾ ਦਰਦ ਹੋਣ ਲੱਗ ਪੈਂਦਾ ਹੈ।

ਪੱਠਿਆਂ ਵਿਚਲਾ ਗਲਾਈਕੋਜਨ 10 ਮਿੰਟ ਤੱਕ ਦੇ ਬਹੁਤ ਤੇਜ਼ ਸਾਈਕਲ ਚਲਾਉਣ ਲਈ ਬਥੇਰਾ ਹੁੰਦਾ ਹੈ। ਉਸ ਤੋਂ ਬਾਅਦ ਜਿਗਰ ਵੱਲੋਂ ਮੁਹੱਈਆ ਹੋਣ ਲੱਗ ਪੈਂਦਾ ਹੈ। ਲਹੂ ਰਾਹੀਂ ਲਗਾਤਾਰ ਕਸਰਤ ਕਰ ਰਹੇ ਪੱਠਿਆਂ ਨੂੰ ਆਕਸੀਜਨ ਪਹੁੰਚਦੀ ਰਹਿੰਦੀ ਹੈ ਤੇ ਇੰਜ 18 ਗੁਣਾ ਵੱਧ ਤਾਕਤ ਸਰੀਰ ਅੰਦਰਲੇ ਗਲੂਕੋਜ਼ ਤੇ ਫੈਟੀ ਏਸਿਡ ਦੇ ਦਿੰਦੇ ਹਨ ਜਿਸ ਨਾਲ ਖਿਡਾਰੀ ਜਾਂ ਸਾਈਕਲ ਚਲਾਉਣ ਵਾਲਾ ਤਗੜੀ ਕਸਰਤ ਕਰ ਸਕਦਾ ਹੈ। ਧਿਆਨ ਰਹੇ; ਕਿ ਥਕਾਵਟ ਤੋਂ ਬਚਣ ਲਈ ਤੇ ਪੱਠਿਆਂ ਨੂੰ ਸਿਹਤਮੰਦ ਰੱਖਣ ਲਈ ਸੰਤੁਲਿਤ ਖ਼ੁਰਾਕ ਲੈਣੀ ਜ਼ਰੂਰੀ ਹੁੰਦੀ ਹੈ।

ਜੇ ਸੰਤੁਲਿਤ ਖ਼ੁਰਾਕ ਨਾ ਹੋਵੇ ਤਾਂ ਪੱਠਿਆਂ ਤੇ ਜਿਗਰ ਅੰਦਰਲੇ ਗਲੂਕੋਜ਼ ਦੇ ਮੁੱਕਦੇ ਹੀ ਪੱਠਿਆਂ ਵਿਚਲੀ ਪ੍ਰੋਟੀਨ ਤਾਕਤ ਦੇਣ ਲਈ ਟੁੱਟਣੀ ਸ਼ੁਰੂ ਹੋ ਜਾਂਦੀ ਹੈ ਜਿਸ ਨਾਲ ਪੀੜ, ਕਮਜ਼ੋਰੀ ਤੇ ਥਕਾਵਟ ਮਹਿਸੂਸ ਹੁੰਦੀ ਹੈ ਜੋ ਕਈ ਦਿਨਾਂ ਤੱਕ ਹੁੰਦੀ ਰਹਿ ਸਕਦੀ ਹੈ।

ਇਹੀ ਕਾਰਨ ਹੈ ਕਿ ਡਾਕਟਰ ਹਰ ਖਿਡਾਰੀ ਨੂੰ ਸਹਿਜੇ-ਸਹਿਜੇ ਕਸਰਤ ਵਧਾਉਣ ਤੇ ਸੰਤੁਲਿਤ ਖ਼ੁਰਾਕ ਦੀ ਮਹੱਤਾ ਬਾਰੇ ਜਾਣਕਾਰੀ ਦਿੰਦੇ ਹਨ। ਜਦੋਂ ਇੱਕ ਪੱਧਰ ਤਕ ਪਹੁੰਚ ਚੁੱਕੇ ਹੋਵੋ ਤਾਂ ਸਾਈਕਲ ਹੋਰ ਕੁੱਝ ਕਿਲੋਮੀਟਰ ਚਲਾਇਆ ਜਾ ਸਕਦਾ ਹੈ। ਇੰਜ ਕਰਦਿਆਂ ਭਾਵੇਂ ਸਾਈਕਲ ਰੇਸ ਦੇ 200 ਕਿਲੋਮੀਟਰ ਤੱਕ ਵੀ ਪਹੁੰਚ ਜਾਓ ਤਾਂ ਕੋਈ ਨੁਕਸਾਨ ਨਹੀਂ ਹੁੰਦਾ, ਪਰ ਜੇ ਇੱਕੋ ਦਿਨ ਹੱਦੋਂ ਵੱਧ ਕਸਰਤ ਕੀਤੀ ਜਾਵੇ ਜਾਂ ਕਸਰਤ ਉੱਕਾ ਹੀ ਛੱਡ ਦਿੱਤੀ ਜਾਵੇ, ਤਾਂ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

ਬੱਚਿਆਂ ਦੀ ਮਾਹਰ,
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ: 0175-2216783



# ਸਿੱਖ ਪੰਥ ਸੰਤਾਲੀ ਬਾਅਦ ਮਹਾਂ ਦੁਖਾਂਤਾਂ ਵਿਚੋਂ ਗੁਜ਼ਰਿਆ

## ✪ ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧ ਕਰਕੇ ਕੇਂਦਰ ਨੇ ਪੰਜਾਬ ਵਿਰੋਧੀ ਭੂਮਿਕਾ ਨਿਭਾਈ ✪ ਫ਼ਿਰਕੂ ਸਿਆਸਤ ਕਾਰਨ ਵੱਡੇ ਘੱਲੂਘਾਰੇ ਚੌਰਾਸੀ ਦਾ ਸੰਤਾਪ ਹੰਢਾਉਣਾ ਪਿਆ ✪ ਹੁਣ ਕਿਸਾਨੀ ਦੀ ਲੁੱਟ ਦੇ ਨਾਮ ਪੰਜਾਬ ਸਿਰ ਕੇਂਦਰੀ ਸੰਕਟ ਮੰਡਰਾਇਆ



- ਬਘੇਲ ਸਿੰਘ ਧਾਲੀਵਾਲ
99142-58142

ਇਕ ਨਵੰਬਰ ਦੇ ਦਿਨ ਨੂੰ ਪੰਜਾਬੀ ਸੂਬੇ ਦੀ ਹੋਂਦ ਵਜੋਂ ਯਾਦ ਕੀਤਾ ਜਾਂਦਾ ਹੈ। ਇਹ ਉਹ ਦਿਨ ਹੈ, ਜਦੋਂ ਦੂਸਰੀ ਵਾਰ ਪੰਜਾਬ ਨੂੰ ਕੱਟਿਆ ਵੱਢਿਆ ਗਿਆ। ਪਹਿਲੀ ਵਾਰ ਦੇਸ਼ ਦੀ ਅਜ਼ਾਦੀ ਸਮੇਂ ਪੰਜਾਬ ਨਾਲ ਵੱਡੀ ਜ਼ਿਆਦਤੀ ਹੋਈ, ਜਦੋਂ ਇਹਦੇ ਸੀਨੇ ਨੂੰ ਚੀਰ ਕੇ ਐਸੀ ਖ਼ੂਨੀ ਲਕੀਰ ਖਿੱਚੀ ਗਈ, ਜਿਹੜੀ ਰਹਿੰਦੀ ਦੁਨੀਆ ਤੱਕ ਪੰਜਾਬੀਆਂ ਨੂੰ ਕੌਮੀ ਆਗੂਆਂ ਦੀ ਨਾਲਾਇਕੀ ਲਈ ਪਛਤਾਵੇ ਦੇ ਦਰਦ ਦਿੰਦੀ ਰਹੇਗੀ । ਦੂਸਰੀ ਵਾਰ ਪੰਜਾਬ ਨੂੰ ਇਹ ਡੂੰਘਾ ਦਰਦ ਇੱਕ ਨਵੰਬਰ, 1966 ਨੂੰ ਦਿੱਤਾ ਗਿਆ, ਜਦੋਂ ਅਕਾਲੀਆਂ ਦੀ ਪੰਜਾਬੀ ਸੂਬੇ ਦੀ ਮੰਗ ਮੰਨਣ ਦਾ ਨਾਟਕ ਕਰਕੇ ਕੇਂਦਰ ਨੇ ਪੰਜਾਬ ਦੀ ਅਜਿਹੀ ਅਧੂਰੀ ਤੇ ਇੱਕ ਤਰਫੀ ਵੰਡ ਕਰ ਦਿੱਤੀ। ਪੰਜਾਬ ਦੇ ਵਿੱਚੋਂ ਦੋ ਹੋਰ ਨਵੇਂ ਸੂਬੇ ਹਰਿਆਣੇ ਅਤੇ ਹਿਮਾਚਲ ਪ੍ਰਦੇਸ਼ ਦਾ ਜਨਮ ਹੋਇਆ। ਇਹ ਸੂਬਿਆਂ ਨੂੰ ਸਿਰਫ਼ ਤੇ ਸਿਰਫ਼ ਪੰਜਾਬ ਨੂੰ ਸਬਕ ਸਿਖਾਉਣ ਲਈ ਹੀ ਹੋਂਦ ਵਿੱਚ ਲਿਆਂਦਾ ਗਿਆ। ਹਿਮਾਚਲ ਦੀ ਹੋਂਦ ਪੰਜਾਬ ਦੇ ਪਾਣੀ ਦੇ ਸਰੋਤ ਤੋ ਪੰਜਾਬ ਦੇ ਹੱਕ ਕਮਜ਼ੋਰ ਕਰਨ ਤੇ ਪਾਣੀ ਤੋਂ ਤਿਆਰ ਹੁੰਦੀ ਮੁਫ਼ਤ ਬਿਜਲੀ ਦੇ ਡੈਮ ਖੋਹਣ ਲਈ ਵਰਤਿਆ ਗਿਆ। ਪੰਜਾਬ ਦੀ ਤਾਕਤ ਕਮਜ਼ੋਰ ਕਰਨ ਲਈ ਕਿਸਾਨੀ ਨਾਲ ਵਿਤਕਰਾ ਕੀਤਾ, ਪੰਜਾਬ ਦੇ ਹਿੱਸੇ ਆਏ ਕੁਦਰਤੀ ਸਰੋਤਾਂ ਨੂੰ ਖੋਹਣ ਲਈ ਪੰਜਾਬ ਦੇ ਪਹਾੜੀ ਇਲਾਕੇ ਨੂੰ ਅਲੱਗ ਕਰਕੇ ਹਿਮਾਚਲ ਪ੍ਰਦੇਸ਼ ਬਣਾ ਦਿੱਤਾ ਗਿਆ ਤੇ ਏਸੇ ਤਰਾਂ ਹੀ ਕਾਲਕਾ, ਅੰਬਾਲਾ, ਜਮੁਨਾ ਨਗਰ, ਜਗਾਧਰੀ, ਸਿਰਸਾ, ਡੱਬਵਾਲੀ ਦੇ ਪੰਜਾਬੀ ਬੋਲਦੇ ਵੱਡੇ ਹਿੱਸੇ ਨੂੰ ਮਿਲਾ ਕੇ ਹਰਿਆਣਾ ਬਣਾਇਆ ਗਿਆ । ਇਸ ਤੋਂ ਇਲਾਵਾ ਰਾਜਸਥਾਨ ਨਾਲ ਲੱਗਦਾ ਪੰਜਾਬ ਦਾ ਵੱਡਾ ਹਿੱਸਾ ਸ੍ਰੀ ਗੰਗਾਨਗਰ ਤੱਕ ਰਾਜਸਥਾਨ ਵਿੱਚ ਮਿਲਾ ਦਿੱਤਾ । ਇਸ ਕਾਣੀ ਵੰਡ ਤੋਂ ਬਾਅਦ ਬਚਿਆ ਇਲਾਕਾ ਪੰਜਾਬੀ ਸੂਬਾ ਬਣ ਗਿਆ । ਏਥੇ ਹੀ ਬੱਸ ਨਹੀਂ ਹੋਈ ਪੰਜਾਬ ਦੇ ਪਾਣੀ ਖੋਹੇ ਗਏ, ਡੈਮ ਖੋਹੇ ਗਏ, ਇਸ ਦੇ ਬਦਲੇ ਵਿੱਚ ਪੰਜਾਬ ਨੂੰ ਦਿੱਤੇ ਗਏ ਕੋਲੇ ਨਾਲ ਚੱਲਣ ਵਾਲੇ ਥਰਮਲ, ਜਿਹੜੇ ਬਿਜਲੀ ਘੱਟ ਅਤੇ ਬਿਮਾਰੀਆਂ ਜ਼ਿਆਦਾ ਦੇ ਰਹੇ ਹਨ। ਇਹ ਅੰਗਹੀਣ ਕੀਤੇ ਗਏ ਪੰਜਾਬ ਅਤੇ ਪੰਜਾਬ ਦੀ ਕਿਸਾਨੀ ਦੀ ਆਤਮ ਨਿਰਭਰਤਾ ਨੂੰ ਖ਼ਤਮ ਕਰਨ ਦੀ ਬਹੁਤ ਗਹਿਰੀ ਸਾਜ਼ਿਸ਼ ਸੀ । ਇੱਕ ਨਵੰਬਰ ਜਿੱਥੇ ਪੰਜਾਬੀ ਸੂਬੇ ਦੀ ਹੋਂਦ ਦੇ ਦਿਨ ਵਜੋਂ ਯਾਦ ਕੀਤਾ ਜਾਂਦਾ ਹੈ, ਓਥੇ ਇੱਕ ਨਵੰਬਰ, 84 ਦੇ ਉਨਾਂ ਰਿਸਦੇ ਜ਼ਖ਼ਮਾਂ ਨੂੰ ਵੀ ਮੁੜ ਤਾਜ਼ਾ ਕਰ ਜਾਂਦਾ ਹੈ । ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਵੀ ਭਰਦਾ ਹੈ ਕਿ ਬੇਸ਼ੱਕ ਸਮੇਂ ਸਮੇਂ ਦੀਆਂ ਜ਼ਾਲਮ ਹਕੂਮਤਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਯਤਨ ਵੀ ਕੀਤਾ ਜਾਂ ਖੁਰਾ-ਖੋਜ ਮਿਟਾਉਣ ਵਾਲਿਆਂ ਦਾ ਸਾਥ ਦੇ ਕੇ ਕਈਆਂ ਨੇ ਆਪਣੇ ਆਪ ਨੂੰ ਹਕੂਮਤਾਂ ਦੇ ਵਫ਼ਾਦਾਰ ਵਜੋਂ ਵੀ ਪੇਸ਼ ਕੀਤਾ, ਪਰ ਸਿੱਖਾਂ ਨੇ ਕਦੇ ਵੀ ਨਾਂ ਹਕੂਮਤਾਂ ਦੇ ਅਤੇ ਨਾ ਹੀ ਉਨਾਂ ਦਾ ਸਾਥ ਦੇਣ ਵਾਲਿਆਂ ਦੇ ਮਜਹਬ ਨੂੰ ਕਦੇ ਨਿਸ਼ਾਨਾ ਬਣਾਉਣ ਦੀ ਮਾੜੀ ਪਹੁੰਚ ਅਪਣਾਈ। ਸਿੱਖਾਂ ਨੇ ਹਮੇਸ਼ਾ ਜਬਰ ਜ਼ੁਲਮ ਦੇ ਖ਼ਿਲਾਫ਼ ਆਪਣੀ ਲੜਾਈ ਜਾਰੀ ਰੱਖੀ ਹੈ , ਉਹ ਭਾਵੇਂ ਕਸ਼ਮੀਰੀ ਪੰਡਤਾਂ ਦੇ ਤਿਲਕ ਜੰਞੂ ਦੀ ਰਾਖੀ ਲਈ ਸਿੱਖਾਂ ਦੇ ਨੌਵੇਂ ਗੁਰੂ, ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਆਪਣੇ ਸਿੱਖਾਂ ਦੇ ਨਾਲ ਦਿੱਲੀ ਦੇ ਚਾਂਦਨੀ ਚੌਕ ਵਿੱਚ ਦਿੱਤੀ ਸ਼ਹਾਦਤ ਦੇ ਰੂਪ ਵਿੱਚ ਹੋਵੇ, ਭਾਵੇਂ ਅਠਾਰਵੀਂ ਸਦੀ ਦੇ ਅਫਗਾਨੀ ਧਾੜਵੀਆਂ ਵੱਲੋਂ ਹਿੰਦੁਸਤਾਨ ਦੀ ਲੁੱਟ ਮਾਰ ਕਰਨ ਤੋਂ ਬਾਅਦ ਇੱਥੋਂ ਦੀਆਂ ਹਿੰਦੂ ਬਹੂ ਬੇਟੀਆਂ ਨੂੰ ਜਬਰੀ ਚੁੱਕ ਕੇ ਗਜਨੀ ਦੇ ਬਜ਼ਾਰਾਂ ਵਿੱਚ ਟਕੇ ਟਕੇ ਨੂੰ ਨਿਲਾਮ ਕੀਤੀਆਂ ਜਾਂਦੀਆਂ। ਉਨਾਂ ਮਜ਼ਲੂਮ ਬੱਚੀਆਂ ਦੀ ਇੱਜ਼ਤ ਦੀ ਰਾਖੀ ਲਈ ਗੁਰੂ ਦੇ ਖ਼ਾਲਸੇ ਵੱਲੋਂ ਧਾੜਵੀਆਂ ਉੱਤੇ ਰਾਤ ਦੇ ਬਾਰਾਂ ਬਾਰਾਂ ਵਜੇ ਕੀਤੇ ਜਾਂਦੇ ਹਮਲਿਆਂ ਦੇ ਰੂਪ ਵਿੱਚ ਹੋਵੇ, ਸਿੱਖਾਂ ਨੇ ਕਦੇ ਵੀ ਆਪਣੇ ਗੁਰੂ ਦੇ ਆਸ਼ੇ ਤੋਂ ਪਰੇ ਜਾ ਕੇ ਨਸਲੀ ਵਿਤਕਰੇਬਾਜ਼ੀ ਨਹੀਂ ਕੀਤੀ। ਜਦੋਂ ਟਕੇ ਟਕੇ ਨੂੰ ਨਿਲਾਮ ਹੋਣ ਵਾਲੀਆਂ ਬੀਬੀਆਂ ਧਾੜਵੀਆਂ ਤੋਂ ਛੁਡਵਾ ਕੇ ਵਾਪਸ ਲਿਆਂਦੀਆਂ ਜਾਂਦੀਆਂ ਸਨ, ਤਾਂ ਕਦੇ ਵੀ ਕਿਸੇ ਸਿੱਖ ਸੂਰਮੇ ਦਾ ਮਨ ਉਨਾਂ ਲਾਚਾਰ ਬਹੂ ਬੇਟੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਲਈ ਨਹੀਂ ਭਟਕਿਆ ਬਲਕਿ ਉਨਾਂ ਨੂੰ ਬਾਇੱਜ਼ਤ ਘਰੋ ਘਰੀਂ ਪਹੁੰਚਾਉਣ ਨੂੰ ਆਪਣਾ ਫ਼ਰਜ਼ ਤੇ ਧਰਮ ਸਮਝਣ ਵਾਲੇ ਸਿੱਖ ਯੋਧੇ ਆਪਣੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਕੇ ਜ਼ੁਲਮ ਦਾ ਟਾਕਰਾ ਕਰਦੇ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੇ ਮਹਾਨ ਫ਼ਲਸਫ਼ੇ ਦੇ ਧਾਰਨੀ ਖ਼ਾਲਸੇ ਨੇ ਅਜਿਹਾ ਵਿਸ਼ਾਲ ਖ਼ਾਲਸਾ ਰਾਜ ਵੀ ਸਥਾਪਤ ਕੀਤਾ, ਜਿਹੜਾ ਜਾਤੀ, ਮਜ਼ਬੀ ਅਤੇ ਨਸਲੀ ਵਿਤਕਰੇ ਤੋਂ ਹਟ ਕੇ ਹਰ ਵਰਗ ਦੀ ਜਾਨ ਮਾਲ ਦੀ ਰਾਖੀ ਦਾ ਅਲੰਬਰਦਾਰ ਹੋ ਨਿਬੜਿਆ। ਖ਼ਾਲਸੇ ਦੇ ਪੰਜਾਹ ਸਾਲਾਂ ਦੇ ਇਸ ਹਲੇਮੀ ਸਿੱਖ ਰਾਜ ਵਿੱਚ ਕਦੇ ਵੀ ਅਜਿਹੀ ਇੱਕ ਵੀ ਘਟਨਾ ਨਹੀਂ ਵਾਪਰੀ , ਜਿਹੜੀ ਪਿਛਲੇ ਸਮਿਆਂ ਵਿੱਚ ਖ਼ਾਲਸਾ ਪੰਥ ਉੱਪਰ ਹੋਏ ਭਿਆਨਕ ਜ਼ੁਲਮਾਂ ਦਾ ਬਦਲਾ ਲੈਣ ਲਈ ਕਿਸੇ ਵਿਸ਼ੇਸ਼ ਫ਼ਿਰਕੇ ਨੂੰ ਨਿਸ਼ਾਨਾ ਬਣਾਉਣ ਦਾ ਸਬੂਤ ਪੇਸ਼ ਕਰਦੀ ਹੋਵੇ। ਪ੍ਰੰਤੂ 'ਸ਼ੇਰ ਏ ਪੰਜਾਬ' ਮਹਾਰਾਜਾ ਰਣਜੀਤ ਸਿੰਘ ਤੋਂ ਪ੍ਰਧਾਨ ਮੰਤਰੀ ਤੱਕ ਦੇ ਰੁਤਬੇ ਪਾਉਣ ਵਾਲੇ ਡੋਗਰੇ ਹੀ ਸਿੱਖ ਰਾਜ ਦੇ ਪਤਨ ਦਾ ਕਾਰਨ ਜ਼ਰੂਰ ਬਣੇ। ਕਹਿਣ ਤੋਂ ਭਾਵ ਹੈ ਕਿ ਸਿੱਖਾਂ ਨੇ ਕਦੇ ਬਦਲੇ ਦੀ ਰਾਜਨੀਤੀ ਅਪਣਾਈ ਤੇ ਨਾ ਹੀ ਕਦੇ ਕਿਸੇ ਨਾਲ ਧੋਖਾ ਕਰਨ ਵਾਲੀ ਕੋਈ ਗੱਲ ਸਾਹਮਣੇ ਨਹੀਂ ਆਈ। ਜਦੋਂ ਕਿ ਸਿੱਖਾਂ ਨਾਲ ਮੁੱਢ ਤੋਂ ਹੀ ਦਿੱਲੀ ਦਰਬਾਰ ਨੇ ਦਿਲ ਵਿੱਚ ਖ਼ਾਰ ਹੀ ਨਹੀਂ ਰੱਖੀ, ਬਲਕਿ ਸਿੱਖੀ ਨੂੰ ਖ਼ਤਮ ਕਰਨ ਦਾ ਕਦੇ ਕੋਈ ਵੀ ਮੌਕਾ ਹੱਥੋਂ ਖੁੰਝਣ ਨਹੀਂ ਦਿੱਤਾ। ਉਹ ਭਾਵੇਂ ਔਰੰਗਜ਼ੇਬ ਦੀਆਂ ਫ਼ੌਜਾਂ ਨਾਲ ਰਲਕੇ ਗੁਰੂ ਗੋਬਿੰਦ ਸਿੰਘ ਤੋਂ ਧੋਖੇ ਨਾਲ ਸ੍ਰੀ ਅਨੰਦਪੁਰ ਦਾ ਕਿਲਾ ਖ਼ਾਲੀ ਕਰਵਾਉਣ ਲਈ ਪਹਾੜੀ ਰਾਜਿਆਂ ਦੀਆਂ ਸਾਜ਼ਿਸ਼ਾਂ ਹੋਣ , ਭਾਵੇਂ ਗੁਰੂ ਘਰ ਦੇ ਰਸੋਈਏ ਗੰਗੂ ਵੱਲੋਂ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਲਾਲਚ ਵੱਸ ਗ੍ਰਿਫ਼ਤਾਰ ਕਰਵਾਉਣ ਦੀ ਨਾ ਬਖਸ਼ਣਯੋਗ ਗੁਸਤਾਖੀ ਹੋਵੇ, ਭਾਵੇਂ ਸਰਹੰਦ ਦੇ ਸੂਬੇਦਾਰ ਨੂੰ ਸੁੱਚਾ ਨੰਦ ਵੱਲੋਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਾਉਣ ਦੀ ਦਿੱਤੀ ਘਿਣਾਉਣੀ ਸਲਾਹ ਹੋਵੇ, ਇਹ ਸਭ ਸਿੱਖਾਂ ਨੂੰ ਖ਼ਤਮ ਕਰਨ ਦੀਆਂ ਮੁੱਢਲੀਆਂ ਸਾਜ਼ਿਸ਼ਾਂ ਹਨ, ਜਿਨਾਂ ਨੂੰ ਅਣਗੌਲਿਆ ਕਰਕੇ ਵਰਤਮਾਨ ਇਤਿਹਾਸ ਨਹੀਂ ਦੇਖਿਆ ਜਾ ਸਕਦਾ। ਇਸੇ ਤਰਾਂ ਅੰਗਰੇਜ਼ਾਂ ਤੋਂ ਮੁਲਕ ਨੂੰ ਅਜ਼ਾਦ ਕਰਵਾਉਣ ਲਈ ਪਾਏ ਗਏ ਨੱਬੇ ਫ਼ੀਸਦੀ ਯੋਗਦਾਨ ਦੇ ਬਾਵਜੂਦ ਵੀ ਇੱਥੋਂ ਦੇ ਫ਼ਿਰਕੂ ਸੋਚ ਦੇ ਧਾਰਨੀ ਹਾਕਮਾਂ ਨੂੰ ਸਿੱਖ ਹਮੇਸ਼ਾ ਕੰਡੇ ਵਾਂਗ ਰੜਕਦੇ ਰਹੇ ਹਨ। ਹਿੰਦ ਪਾਕਿ ਵੰਡ ਸਮੇਂ ਸੰਨ 1947 ਵਿੱਚ ਵਾਪਰਿਆ ਨਾ ਭੁੱਲਣਯੋਗ ਹਾਦਸਾ ਵੀ ਦੂਰਅੰਦੇਸ਼ੀ ਬਹੁਤ ਗਹਿਰੀ , ਸਾਜ਼ਿਸ਼ ਨੂੰ ਸਮੇਂ ਸਿਰ ਸਮਝਿਆ ਨਹੀਂ ਸੀ ਜਾ ਸਕਿਆ। ਇਹ ਸਿੱਖ ਅਤੇ ਮੁਸਲਮਾਨ ਵਿੱਚ ਦੂਰੀ ਬਣਾਈ ਰੱਖਣ ਲਈ ਖਿੱਚੀ ਗਈ ਇੱਕ ਅਜਿਹੀ ਖ਼ੂਨੀ ਲਕੀਰ ਸੀ, ਜਿਹੜੀ ਦਿੱਲੀ ਦੇ ਤਖ਼ਤ ਨੂੰ ਭਵਿੱਖ ਵਿੱਚ ਪੰਜਾਬ ਤੋਂ ਹੋਣ ਵਾਲੇ ਖ਼ਤਰਿਆਂ ਤੋਂ ਰਾਹਤ ਪ੍ਰਦਾਨ ਕਰਨ ਦੇ ਮਨਸੂਬੇ ਨਾਲ ਤਿਆਰ ਕੀਤੀ ਗਈ। ਜੂਨ, 1984 ਦੇ ਘੱਲੂਘਾਰੇ ਤੋਂ ਬਾਅਦ ਧੁਰ ਅੰਦਰ ਤੱਕ ਝੰਜੋੜੇ ਜਾਣ ਵਾਲੇ ਰੋਸ ਵਿੱਚ ਆਏ ਦੇਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੁਰੱਖਿਆ ਵਿੱਚ ਤਾਇਨਾਤ ਸਿੱਖ ਮੁਲਾਜ਼ਮ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਵੱਲੋਂ ਪ੍ਰਧਾਨ ਮੰਤਰੀ ਨੂੰ ਸਿੱਖਾਂ ਦੇ ਅਕਾਲ ਤਖ਼ਤ ਸਾਹਿਬ ਤੇ ਹਮਲਾ ਕਰਨ ਅਤੇ ਲੱਖਾਂ ਬੇਗੁਨਾਹਾਂ ਨੂੰ ਮਾਰਨ ਦੇ ਗੁਨਾਹ ਵਿੱਚ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਤੁਰੰਤ ਬਾਅਦ ਜਿਸ ਤਰਾਂ ਯੋਜਨਾਬੱਧ ਢੰਗ ਨਾਲ ਦਿੱਲੀ ਸਮੇਤ ਪੂਰੇ ਮੁਲਕ ਵਿੱਚ ਸਿੱਖਾਂ ਤੇ ਹਮਲੇ ਹੋਣੇ ਸ਼ੁਰੂ ਹੋ ਗਏ, ਉਹ ਵੀ ਦੇਸ ਦੇ ਕੱਟੜਵਾਦੀ ਲੋਕਾਂ ਦੀ ਸਿੱਖ ਵਿਰੋਧੀ ਫ਼ਿਰਕੂ ਜ਼ਹਿਨੀਅਤ ਨੂੰ ਸਪਸ਼ਟ ਕਰਦਾ ਹੈ।

**ਦਿੱਲੀ ਕਤਲੇਆਮ ਉੱਪਰ ਵਿਸ਼ੇਸ਼**

ਬਾਕੀ ਸਫ਼ਾ 26 'ਤੇ

# ਘੱਟਦੀ ਸਿੱਖ ਅਬਾਦੀ; ਕਾਰਨ ਤੇ ਸੁਝਾਅ

- ਮਨਪ੍ਰੀਤ ਸਿੰਘ ਬਾਜ
baaz332211@gmail.com

ਘੱਟਦੀ ਸਿੱਖ ਅਬਾਦੀ ਦਾ ਵਰਤਾਰਾ ਕਈ ਦਹਾਕਿਆਂ ਤੋਂ ਸਿੱਖੀ ਦਾ ਘਾਣ ਕਰ ਰਿਹਾ ਹੈ। ਸਿੱਖ ਅਬਾਦੀ ਲਗਾਤਾਰ ਘੱਟ ਰਹੀ ਹੈ ਜਦਕਿ ਦੂਜੀਆਂ ਕੌਮਾਂ ਦੀ ਵੱਧ ਰਹੀ ਹੈ। ਇਸ ਪਿੱਛੇ ਮੁੱਖ ਕਾਰਨ ਇੱਕ ਤਾਂ ਇਹ ਹੈ ਕਿ ਸਿੱਖ ਇਸਤਰੀਆਂ ਗੈਰ ਸਿੱਖਾਂ ਨਾਲ ਵਿਆਹ ਕਰਵਾ ਲੈਂਦੀਆਂ ਹਨ ਅਤੇ ਦੂਜਾ ਕਈ ਸਿੱਖ ਧਰਮ ਪਰਿਵਰਤਨ ਕਰ ਜਾਂਦੇ ਹਨ। ਇਸ ਤੋਂ ਇਲਾਵਾ ਬਹੁਤੇ ਸਿੱਖ ਹੁਣ 1 ਬੱਚੇ ਤੋਂ ਵੱਧ ਸੰਤਾਨ ਪੈਦਾ ਨਹੀਂ ਕਰ ਰਹੇ, ਜਦਕਿ ਦੂਜੀਆਂ ਕੌਮਾਂ ਨੇ ਬੱਚੇ ਪੈਦਾ ਕਰਨ ਦੀ ਗਤੀ ਵਧਾਈ ਹੈ ਅਤੇ ਸਿੱਖਾਂ ਨੇ ਇਸ ਗਤੀ ਨੂੰ ਵਿਰਾਮ ਦੇ ਛੱਡਿਆ ਹੈ। ਉਦਾਹਰਨ ਦੇ ਤੌਰ 'ਤੇ ਦੋ ਮਨੁੱਖ (ਪਤੀ-ਪਤਨੀ) ਵਿਆਹ ਉਪਰੰਤ ਜੇਕਰ ਇੱਕ ਬੱਚਾ ਪੈਦਾ ਕਰਨ ਤਾਂ ਅਬਾਦੀ ਘੱਟ ਗਈ, ਜੇਕਰ ਦੋ ਪੈਦਾ ਕਰਨ ਤਾਂ ਬਰਾਬਰ ਰਹੀ। ਇਸਤਰੀ ਦੇ ਵਿਆਹ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਯਾਦਾ ਦੇ ਪੰਨਾ ਨੰਬਰ 22 'ਤੇ ਲਿਖਿਆ ਹੈ ਕਿ 'ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।' ਪਰੰਤੂ ਕਈ ਸਿੱਖ ਇਸਤਰੀਆਂ ਨੇ ਗੈਰ-ਸਿੱਖਾਂ ਨਾਲ ਵਿਆਹ ਕਰਵਾਏ। ਕਈ ਸਾਲਾਂ ਤੋਂ ਯੂ.ਕੇ. ਵਿਚ ਸਿੱਖ ਇਸਤਰੀਆਂ ਦੇ ਗ਼ੈਰ-ਸਿੱਖਾਂ ਨਾਲ ਵਿਆਹ ਕਰਵਾਉਣ ਜਾਂ ਵਰਗਲਾਏ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਯੂ.ਕੇ. ਦੀਆਂ ਉੱਚ-ਵਿੱਦਿਆ ਪ੍ਰਾਪਤ ਸਿੱਖ ਇਸਤਰੀਆਂ, ਗੈਰ-ਸਿੱਖਾਂ ਦੇ ਜਾਲਾਂ ਵਿਚ ਫਸ ਸਕਦੀਆਂ ਹਨ ਤਾਂ ਭਾਰਤ ਜਾਂ ਪਾਕਿਸਤਾਨ ਵਿਚ ਇਹ ਵਰਤਾਰਾ ਕਿੰਨਾ ਖ਼ਤਰਨਾਕ ਹੋਵੇਗਾ। ਕੁਝ ਇਸਤਰੀਆਂ ਇਹ ਸਵਾਲ ਉਠਾਉਂਦੀਆਂ ਹਨ ਕਿ ਸਿੱਖ ਰਹਿਤ ਮਰਯਾਦਾ ਵਿਚ ਕੇਵਲ ਇਸਤਰੀ ਦੇ ਵਿਆਹ ਬਾਰੇ ਹਿਦਾਇਤ ਕਿਉਂ ਦਿੱਤੀ ਹੈ, ਮਰਦ ਬਾਰੇ ਕਿਉਂ ਨਹੀਂ ? ਇਸ ਬਾਰੇ ਵਿਸਥਾਰ ਜਵਾਬ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਮਿਲ ਸਕਦਾ ਹੈ। ਪਰੰਤੂ ਆਪਣੀ ਬੁੱਧੀ ਅਨੁਸਾਰ ਕੁਝ ਵਿਚਾਰ ਇੱਥੇ ਪੇਸ਼ ਕਰ ਰਿਹਾ ਹਾਂ- (ੳ) ਪੁਰਾਣੇ ਸਮਿਆਂ ਵਿਚ ਗੈਰ-ਸਿੱਖ ਇਸਤਰੀਆਂ ਸਿੱਖ ਯੋਧਿਆਂ ਦੇ ਉੱਚ ਕਿਰਦਾਰ, ਸੰਤ-ਸਿਪਾਹੀ ਤੇ ਆਦਰਸ਼ਕ ਜੀਵਨ ਤੋਂ ਪ੍ਰੇਰਿਤ ਹੋ ਕੇ ਆਪਣੇ ਧਰਮ ਨੂੰ ਛੱਡ ਕੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਲਈ ਸਿੱਖਾਂ ਨਾਲ ਵਿਆਹ ਰਚਾਉਣ ਵਾਸਤੇ ਆਪਣੀ ਜਾਨ ਦਾਅ 'ਤੇ ਲਗਾ ਕੇ ਅੱਗੇ ਆਉਂਦੀਆਂ ਸਨ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੈਰ-ਸਿੱਖ ਇਸਤਰੀਆਂ ਵਿਆਹ ਉੱਪਰੰਤ ਆਪਣੀ ਮਰਜ਼ੀ ਨਾਲ ਸਿੱਖੀ ਧਾਰਨ ਕਰਦੀਆਂ ਸਨ ਪਰੰਤੂ ਸਿੱਖ ਮਰਦ ਸਿੱਖੀ ਨਹੀਂ ਸਨ ਤਿਆਗਦੇ। (ਅ) ਇਸਤਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਜਗ ਜਣਨੀ' ਕਿਹਾ ਗਿਆ ਹੈ। ਜਿਸ ਤੋਂ ਸੰਸਾਰ ਜਾਂ ਸਮਾਜ ਦੀ ਸਿਰਜਣਾ ਹੁੰਦੀ ਹੈ। ਭਾਵ ਕਿਸੇ ਵੀ ਪਰਿਵਾਰ, ਕੁਲ, ਕਬੀਲੇ, ਸਮਾਜ, ਕੌਮ ਜਾਂ ਦੇਸ਼ ਆਦਿ ਦੀ ਜਨਸੰਖਿਆ ਵਿਚ ਵਾਧਾ ਹੋਣਾ ਉਸ ਤਬਕੇ ਦੀਆਂ ਇਸਤਰੀਆਂ ਉੱਪਰ ਨਿਰਭਰ ਕਰਦਾ ਹੈ। ਜੇਕਰ ਇਸ ਅੰਗ (ਇਸਤਰੀਆਂ) ਨੂੰ ਕਿਸੇ ਸਮਾਜ ਵਿਚੋਂ ਤੋੜ ਲਿਆ ਜਾਵੇ ਤਾਂ ਉਹ ਸਮਾਜ ਆਪਣੇ-ਆਪ ਪਤਨ ਵੱਲ ਚਲਾ ਜਾਂਦਾ ਹੈ। ਇਸ ਤਰਾਂ ਸਿੱਖ ਇਸਤਰੀਆਂ ਵੱਲੋਂ ਗ਼ੈਰ-ਸਿੱਖਾਂ ਨਾਲ ਵਿਆਹ ਕਰਵਾਉਣ ਦਾ ਵਰਤਾਰਾ ਸਿੱਖ ਕੌਮ ਦੇ ਅਬਾਦੀ ਪੱਖੋਂ ਖ਼ਤਮ ਹੋਣ ਵੱਲ ਜਾਣ ਦੀ ਨਿਸ਼ਾਨੀ ਹੈ। ਸਿੱਖਾਂ ਦੀ ਅਬਾਦੀ ਪਹਿਲਾਂ ਨਾਲੋਂ ਵੀ ਹੇਠਾਂ ਆਉਣ ਨਾਲ ਇਹ ਸਾਬਤ ਹੋ ਚੁੱਕਾ ਹੈ। ਜਦਕਿ ਦੂਜੀਆਂ ਕੌਮਾਂ ਦੀ ਅਬਾਦੀ ਕਰੋੜਾਂ ਵਿਚ ਵਧੀ ਹੈ। (ੲ) ਇਸ ਤਰਾਂ- ਇੱਕ ਤਾਂ ਉਹ ਇਸਤਰੀ ਖ਼ੁਦ ਸਿੱਖ ਧਰਮ ਵਿਚੋਂ ਮਨਫ਼ੀ ਹੋ ਜਾਂਦੀ ਹੈ, ਦੂਜਾ ਉਸ ਤੋਂ ਪੈਦਾ ਹੋਣ ਵਾਲੀ ਸੰਤਾਨ ਵੀ ਸਿੱਖੀ ਵਿਚੋਂ ਬਾਹਰ ਹੋ ਜਾਂਦੀ ਹੈ। ਭਾਵ ਸਮਾਜਕ ਰੀਤਾਂ ਅਨੁਸਾਰ ਉਹ ਆਪਣੇ ਪਤੀ-ਪੁਰਖੀ ਧਰਮ ਦੀਆਂ ਪਰੰਪਰਾਵਾਂ ਨੂੰ ਨਿਭਾਉਣ ਵਿਚ ਪੈ ਜਾਂਦੀ ਹੈ। ਇਸ ਤਰਾਂ ਜਿੱਥੇ ਉਹ ਆਪਣਾ ਲੋਕ-ਪਰਲੋਕ ਸੰਵਾਰਨ ਦੀ ਬਜਾਏ ਨਸ਼ਟ ਕਰ ਲੈਂਦੀ ਹੈ, ਉੱਥੇ ਹੀ ਉਹ ਆਪਣੇ ਮਾਂ-ਬਾਪ, ਭੈਣ-ਭਰਾ ਦੇ ਅਟੁੱਟ ਰਿਸ਼ਤਿਆਂ ਨੂੰ ਪੈਰਾਂ ਥੱਲੇ ਲਤਾੜ ਕੇ ਸਦਾ ਲਈ ਗੁਆ ਬੈਠਦੀ ਹੈ। (ਸ) ਇਸਤਰੀ ਦੀ ਕਦਰ ਇਸ ਕਰਕੇ ਵੀ ਵੱਧ ਹੋ ਜਾਂਦੀ ਹੈ ਕਿਉਂਕਿ ਉਹ ਦੂਜੀ ਜ਼ਿੰਦਗੀ (ਸੰਤਾਨ) ਨੂੰ ਸੰਵਾਰਨ ਵਿਚ ਮੁੱਖ ਭੂਮਿਕਾ ਨਿਭਾਉਂਦੀ ਹੈ। ਪਰਮਾਤਮਾ ਵੱਲੋਂ ਇਸਤਰੀ ਨੂੰ ਪਰਿਵਾਰ ਰਚੇਤਾ ਤੇ ਸੰਵਾਰਨਹਾਰ ਦੀ ਸ਼ਕਤੀ ਪ੍ਰਾਪਤ ਹੈ, ਭਾਵ ਇੱਕ ਪਰਿਵਾਰ ਇਸਤਰੀ ਤੋਂ ਹੀ ਉਪਜਦਾ ਹੈ ਅਤੇ ਉਸੇ ਦੇ ਪਾਲਣ-ਪੋਸ਼ਣ ਨਾਲ ਉਹ ਵਧਦਾ-ਫੁੱਲਦਾ ਹੈ। (ਹ) ਗ਼ੈਰ-ਸਿੱਖ ਨਾਲ ਵਿਆਹ ਕਰਵਾਉਣ ਤੋਂ ਬਾਅਦ ਇਸਤਰੀ ਆਪਣੀ ਸ਼ਖ਼ਸੀਅਤ, ਕਿਰਦਾਰ ਅਤੇ ਧਾਰਮਿਕ ਪਛਾਣ ਕਰਕੇ ਸਹੁਰੇ ਪਰਿਵਾਰ ਵਿਚ ਜਜ਼ਬ ਹੋ ਜਾਂਦੀ ਹੈ। (ਕ) ਇਸਤਰੀ ਤੋਂ ਪੈਦਾ ਹੋਈ ਸੰਤਾਨ ਆਪਣੇ ਜੀਨਸ, ਪਰਿਵਾਰਕ ਪ੍ਰਭਾਵ ਅਧੀਨ ਬਣੀ ਮਾਨਸਿਕਤਾ ਅਤੇ ਪਿਤਾ-ਪੁਰਖੀ ਸਮਾਜ ਵਿਚ ਪਲਨ ਕਰਕੇ ਆਪਣੇ ਪਿਤਾ-ਪੁਰਖੀ ਧਰਮ ਨੂੰ ਹੀ ਅਪਣਾਉਂਦੀ ਹੈ। ਦੋ ਵੱਖ-ਵੱਖ ਧਰਮਾਂ ਦੇ ਮਰਦ-ਇਸਤਰੀ ਦੇ ਵਿਆਹ ਤੋਂ ਪੈਦਾ ਹੋਈ ਸੰਤਾਨ ਮਾਂ-ਪੁਰਖੀ ਧਰਮ ਨੂੰ ਅਪਣਾ ਲਏ, ਇਹ ਇੱਕ ਅਸੰਭਵ ਗੱਲ ਹੈ ਪਰੰਤੂ ਜੇਕਰ ਹਜ਼ਾਰਾਂ ਪਿੱਛੇ ਕੋਈ ਇੱਕ ਸੰਤਾਨ ਅਜਿਹਾ ਕਰੇ ਤਾਂ ਇਹ ਨਾ-ਮਾਤਰ ਜਿਹਾ ਹੋਵੇਗਾ। (ਖ) ਕਈ ਇਸ ਨੂੰ ਮਨੁੱਖੀ ਅਧਿਕਾਰ ਨਾਲ ਜੋੜਦੀਆਂ ਹਨ। ਇਸ ਬਾਰੇ ਕਹਿਣਾ ਚਾਹਾਂਗਾ ਕਿ ਇਸਤਰੀ ਦੀ ਦਸ਼ਾ ਸੁਧਾਰਨ ਅਤੇ ਮਰਦ ਦੇ ਬਰਾਬਰ ਬਣਾਉਣ ਲਈ ਕਈ ਸਦੀਆਂ ਪਹਿਲਾਂ ਗੁਰੂ ਸਾਹਿਬ ਨੇ ਜੋ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਲਮਬੰਦ ਕੀਤੇ, ਉਸ ਤੋਂ ਉੱਤਮ ਹੋਰ ਕੋਈ ਵੀ ਮਨੁੱਖੀ ਅਧਿਕਾਰ ਦੀ ਪਰਿਭਾਸ਼ਾ ਸੰਸਾਰ ਵਿਚ ਨਹੀਂ ਮਿਲਦੀ। ਇਸ ਲਈ ਉਹ ਇਸਤਰੀ ਬਣੋ ਜਿਸ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਕਰਦੀ ਹੈ। (ਗ) ਸਮਾਜ ਵਿਚ ਹੀ ਇਕ ਮਰਦ ਆਪਣੀ ਮਾਂ, ਭੈਣ ਜਾਂ ਧੀ ਦੀ ਇੱਜ਼ਤ ਲਈ ਆਪਣੀ ਜਾਨ ਵੀ ਕੁਰਬਾਨ ਕਰਦਾ ਨਜ਼ਰ ਆਉਂਦਾ ਹੈ। ਇਸਤਰੀ ਨੂੰ ਘਰ ਦੀ ਇੱਜ਼ਤ ਕਹਿ ਕੇ ਸਿੱਖ ਦਸਤਾਰ ਨਾਲ ਤੁਲਨਾ ਦਿੱਤੀ ਜਾਂਦੀ ਹੈ। ਇਹੀ ਫ਼ਰਕ ਹੈ ਇਸਤਰੀ ਤੇ ਮਰਦ ਦੀ ਇੱਜ਼ਤ ਅਤੇ ਸਥਾਨ ਵਿਚ।

ਕਿਸੇ ਦੂਜੇ ਧਰਮ ਦੀਆਂ ਇਸਤਰੀਆਂ ਨੂੰ ਵਰਗਲਾਉਣ ਦੀਆਂ ਘਟਨਾਵਾਂ ਦਾ ਚਲਣ ਸਮੁੱਚੇ ਸਮਾਜ ਦੇ ਸੰਤੁਲਨ ਲਈ ਬੇਹੱਦ ਖ਼ਤਰਨਾਕ ਹੈ। ਇਹ ਫ਼ਿਰਕੂ ਭਾਵਨਾ ਨੂੰ ਭੜਕਾਉਣ ਦੇ ਨਾਲ-ਨਾਲ ਸਮਾਜ ਅੰਦਰ ਆਪਸੀ ਸਹਿਹੋਂਦ ਤੇ ਭਾਈਚਾਰਕ ਭਾਵਨਾ ਨੂੰ ਵੀ ਸੱਟ ਮਾਰਦਾ ਹੈ। ਬਹੁ-ਗਿਣਤੀ ਵਾਲੇ ਧਰਮਾਂ ਨੂੰ ਇਸ ਨਾਲ ਘੱਟ ਫ਼ਰਕ ਪੈਂਦਾ, ਪਰੰਤੂ ਘੱਟ-ਗਿਣਤੀ ਕੌਮਾਂ ਜਿਵੇਂ ਕਿ ਸਿੱਖ ਹਨ, ਨੂੰ ਵੱਡਾ ਧੱਕਾ ਵੱਜ ਰਿਹਾ ਹੈ।

ਕਿਸੇ ਵੀ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ, ਘਟਣ ਜਾਂ ਵਧਣ ਲਈ ਬਕਾਇਦਾ ਉਸ ਧਰਮ ਦੀਆਂ ਇਸਤਰੀਆਂ ਉੱਪਰ ਨਿਰਭਰਤਾ ਹੁੰਦੀ ਹੈ। ਇਸ ਤਰਾਂ ਸਿੱਖਾਂ ਨੂੰ ਖ਼ਤਮ ਕਰਨ ਲਈ ਇਹ ਇੱਕ ਕਾਰਗਰ ਢੰਗ ਸਾਬਤ ਹੋ ਰਿਹਾ ਹੈ ਜਿਸ ਵਿਚ ਦੁਸ਼ਮਣ ਸਫਲਤਾ ਹਾਸਲ ਕਰ ਰਿਹਾ ਹੈ। ਹੁਣ ਏਥੇ ਕਿਸੇ ਇਸਤਰੀ ਲਈ ਧਰਮ ਦੀ ਲੋੜ ਜਾਂ ਮਹੱਤਤਾ ਬਾਰੇ ਕੁਝ ਲਿਖਣ ਦੀ ਲੋੜ ਨਹੀਂ ਕਿਉਂਕਿ ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਦੀਆਂ ਤੋਂ ਸਮਝਾ ਰਹੀ ਹੈ ਕਿ ਧਰਮ ਦੇ ਬਿਨਾਂ ਕਿਸੇ ਨੂੰ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਹੈ ਅਤੇ ਨਾ ਹੀ ਕਿਸੇ ਦਾ ਭਲਾ ਹੋ ਸਕਦਾ ਹੈ, ਚਾਹੇ ਉਹ ਇਸਤਰੀ ਹੋਵੇ ਜਾਂ ਮਰਦ।

ਇਹ ਵਰਤਾਰਾ ਕਈ ਪੱਖਾਂ ਤੋਂ ਸਿੱਖ ਧਰਮ ਲਈ ਘਾਤਕ ਸਾਬਤ ਹੋਇਆ ਹੈ- (ੳ) ਇਹ ਵਰਤਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦੇ ਉਲਟ ਹੈ। (ਅ) ਇਹ ਵਰਤਾਰਾ ਸਿੱਖ ਅਬਾਦੀ ਨੂੰ ਘਟਾਉਣ ਜਾਂ ਖ਼ਤਮ ਕਰਨ ਦੀ ਸਾਜ਼ਿਸ਼ ਤਹਿਤ ਸਫਲ ਹੋਇਆ ਹੈ ਕਿਉਂਕਿ ਇੱਕ ਇਸਤਰੀ ਔਸਤਨ 2 ਤੋਂ 3 ਬੱਚੇ ਪੈਦਾ ਕਰਦੀ ਹੈ। ਭਾਵ ਇੱਕ ਇਸਤਰੀ ਪਿੱਛੇ ਸਿੱਖ ਅਬਾਦੀ ਔਸਤਨ 3-4 ਦੇ ਕਰੀਬ ਘੱਟ ਹੋ ਜਾਂਦੀ ਹੈ। (ੲ) ਸਿੱਖਾਂ ਨੇ ਆਪਣੇ ਰਾਜ ਸਮੇਂ ਵੀ ਸਿੱਖ ਅਬਾਦੀ ਵਧਾਉਣ ਵੱਲ ਕਦੇ ਧਿਆਨ ਨਹੀਂ ਦਿੱਤਾ।

ਬਾਕੀ ਸਫ਼ਾ 26 'ਤੇ

# ਸਿਰਨਾਵਿਓਂ ਸੱਖਣੇ ਪੁੱਤ

ਆਉਣਗੇ ਪੁੱਤ ਮੁੜਕੇ
ਮਰੇ ਨਹੀਂ ਬਸ ਗੁਆਚੇ ਨੇ
ਅਰਦਾਸ ਕਰ ਦਿੱਤੀ
ਸਵੇਰੇ ਬੂਹਾ ਖੜਕੂੰ ....
ਬੂਹਾ ਖੜਕਿਆ...
ਜੀ ਤੁਹਾਡਾ ਪੁੱਤ ਗੁਆਚਿਆ ?
ਮੈਂ ਗੁਆਚੇ ਪੁੱਤ ਲੱਭਦਾ ਫਿਰਦਾਂ
ਪੱਤ ਜੋ ਭਰਦੇ ਨੱਕੇ ਛੱਡ ਗਏ
ਬਲਦ ਸਣੇ ਪੰਜਾਲੀਆਂ
ਅਮ੍ਰਿਤ ਵੇਲੇ ਜਪੁਜੀ ਗਾਉਂਦੇ
ਕਲਗੀ ਸਜਾਉਂਦੇ ਘੋੜੇ ਭਜਾਉਂਦੇ
ਕਦੋਂ ਹੇਕਾਂ ਚੀਕਾਂ ਬਣੀਆਂ
ਹੇਕਾਂ ਨੂੰ ਪਤਾ ਹੀ ਨਾ ਲੱਗਾ
ਮੈਂ ਚੀਕਾਂ ਦੀ ਪੈੜ ਦੱਬਦਾ
ਹੇਕਾਂ ਨੂੰ ਭਾਲਦਾ ਫਿਰਦਾਂ
ਜੀ ਤੁਹਾਡਾ ਪੁੱਤ ਗੁਆਚਿਆ ?
ਹੰਝੂ ਧੋਤਾ ਚਿਹਰਾ ਹੰਝੂ ਹੀ ਹੋ ਗਿਆ
ਕਰਨੈਲ ਸਿੰਘ ਜਰਨੈਲ ਸਿੰਘ
ਮਹਾਂ ਸਿੰਘ ਸੰਤ ਸਿੰਘ
ਪੁੱਤਾਂ ਦੀ ਗਿਣਤੀ ਵੱਧਦੀ ਗਈ
ਕਲਮ ਸੋਗ ਚ ਜ਼ਾ ਡੁੱਬੀ
ਤੇ ਧਾ ਦੇਣੀ ਡਿੱਗੀ ਜ਼ਮੀਂ ਤੇ
ਪੁੱਤਾਂ ਦੇ ਖੇਤੀਂ ਪੁੱਤਾਂ ਦੀ ਫਸਲ ਉਜੜੀ
ਪਿੱਛੇ ਰਹਿ ਗਿਆ ਪੀੜ ਦਾ ਨਦੀਨ...
ਵੇ ਪੁੱਤ ! ਤੂੰ ਪੁੱਤਾਂ ਦੇ ਵੈਰੀ ਦੇਖੇ
ਮੈਨੂੰ ਲੈ ਜਾਣ ਪੁੱਤਾਂ ਬਦਲੇ
ਬੀਬੀ ! ਵੈਰੀ ਤੇਰੇ ਪੁੱਤ ਵਰਗਾ
ਡਕੈਤੀ ਵੇਲੇ ਪੱਗ ਨਾਲ ਪੱਗ ਖਹਿੰਦੀ
ਇੱਕੋ ਜਿਹੀ ਜੰਮਣ ਭੌਂ ਇਕੋ ਬਾਣਾ
ਫਰਕ ਬਸ ਪਾਤਸ਼ਾਹ ਸੱਚੇ-ਝੂਠੇ ਵਾਲਾ
ਤੇਰੇ ਪੁੱਤ ਜ਼ਮੀਰਾਂ ਵਾਲੇ
ਵਡਭਾਗੇ ਲਾਲ ਰੰਗੇ
ਵੈਰੀ ਭੁੱਖ ਜਗੀਰਾਂ ਵਾਲੇ
ਪੁੱਤਾਂ ਨੂੰ ਪੱਗ ਜਾਚਣੀ ਸਿਖਾ...
ਅੱਧੀ ਸੜੀ ਸਿਰੋਂ ਨੰਗੀ
ਇਹ ਲਾਸ਼ ਮੇਰੇ ਪੁੱਤ ਦੀ ?
ਗਿਆ ਤਾਂ ਗੜਵੀ ਦੇਸੀ ਘਿਓ
ਕੇਸਰੀ ਦਸਤਾਰ ਹੱਥੀਂ ਪ੍ਰਸ਼ਾਦਾ
ਸੰਗਰਾਂਦ ਸੀ ਉਸ ਦਿਨ
ਕਹਿੰਦਾ ਗੁਰੂ ਕੋਲ ਚੱਲਿਆ
ਮੁੜਿਆ ਹੀ ਨਹੀਂ ਗੁਰੂ ਕੋਲੋਂ
ਨਹੀਂ ਇਹ ਉਹ ਨਹੀਂ ਹੋਰ ਆ
ਉਸਦੇ ਦਾੜੀ ਨਹੀਂ ਸੀ ਆਈ ਹਾਲੇ...
ਕਈ ਹਜ਼ਾਰ ਪੁੱਤਾਂ ਚੋਂ ਲੰਘਦੀ
ਆਪਣੇ ਪੁੱਤ ਦੀ ਲਾਸ਼ ਨਾ ਡਿੱਠੀ
ਬਿਨਾ ਸਿਰਨਾਵਿਓਂ ਲਾਸ਼ ਡਰਾਉਂਦੀ
ਨਹੀਂ ਮੇਰਾ ਪੁੱਤ ਜਿਉਂਦਾ ਹੈ
ਲਾਸ਼ਾਂ ਦੀਆਂ ਮਾਵਾਂ ਵੀ ਇਹੀ ਸਮਝਣ
ਤੂੰ ਲਾਸ਼ਾਂ ਨੂੰ ਸਿਰਨਾਵਾਂ ਦਿੰਦਾ
ਮੈਂ ਪੁੱਤ ਗੁਰੂ ਹਜੂਰੀ ਤੋਰਨਾ
ਮੇਰੇ ਪੁੱਤ ਦਾ ਪਤਾ ਦੱਸ
ਮੇਰੇ ਪੁੱਤ ਦਾ ਸਿਵਾ ਦੱਸ...
ਕਾਹਲੀ ਚ ਤੋੜੇ ਫੁੱਲ ਅੱਧ ਜਲੇ ਹੱਡ
ਪਿੰਡੇ ਤੇ ਜਖਮਾਂ ਦੀ ਕਢਾਈ
ਬਿਨਾ ਸੋਹਿਲੇ ਮੱਚਦੀਆਂ ਲਾਸ਼ਾਂ
ਲਹੂ ਭਿੱਜੀ ਰਾਖ ਦੇ ਢੇਰ
ਉਡੀਕ ਵਿਚ ਬਸ ਮਾਂ ਮਿਲਜੇ
ਪਿੰਡ ਦੀਆਂ ਗਲੀਆਂ ਗੁਰੂਘਰ
ਨਿਆਈਂ ਵਾਲਾ ਖੂਹ ਖੇਤ
ਕੋਈ ਤਾਂ ਲੱਭੈ ਸੜਦਿਆਂ ਸਾਨੂੰ
ਚਾਰੇ ਪਾਸੇ ਲਾਸ਼ਾਂ ਦੀਆਂ ਧਾਹਾਂ
ਪਰ ਰੋਣ ਵਾਲਾ ਕੋਈ ਨਹੀਂ
ਨਾ ਉਮੀਦ ਮੁੜਣ ਦੀ
ਅੱਜ ਆਪ ਗੁਆਚਿਆ ਹੈ
ਗੁਆਚੇ ਲੱਭਣ ਵਾਲਾ.....

- ਕਿਰਨਪ੍ਰੀਤ ਸਿੰਘ

ਭਾਈ ਸਾਹਿਬ ਭਾਈ ਸ਼ਹੀਦ ਜਸਵੰਤ ਸਿੰਘ ਖਾਲੜਾ ਜੀ ਨੂੰ ਸਮਰਪਿਤ

# ਕੁਦਰਤ ਚਾਹੇ ਤਾਂ ਅਸੀਂ ਸਾਹ ਵੀ ਨਹੀਂ ਲੈ ਸਕਦੇ

## - ਵਿਜੈ ਗਰਗ

ਇਨਸਾਨ ਇਨਾਂ ਜਿਆਦਾ ਮਤਲਬੀ ਹੋ ਗਿਆ ਕਿ ਅੱਜ ਦੇ ਹਾਲਾਤ ਜੋ ਹਨ ਉਸ ਸਮੇਂ ਦੌਰਾਨ ਵੀ ਅਸੀਂ ਸ਼ਾਇਦ ਅਪਣੀ ਜਿੰਮੇਵਾਰੀ ਸਮਝਣ ਦੀ ਬਜਾਏ ਇਹ ਦੇਖਦੇ ਹਾਂ ਕਿ ਸਾਡਾ ਅਪਣਾ ਕੀ ਲਾਭ ਹੋ ਸਕਦਾ ਹੈ । ਇਹ ਗੱਲ ਸਭ ਤੇ ਢੁੱਕਦੀ ਹੈ, ਚਾਹੇ ਕੋਈ ਰਾਜਨੀਤਿਕ ਹੈ, ਸਮਾਜਿਕ ਹੈ ਜਾਂ ਕੋਈ ਵੀ ਹੋਰ ਹੈ । ਜਿਸ ਤਰਾਂ ਆਪਾਂ ਕੰਪਿਊਟਰ ਵਿੱਚ ਵਾਇਰਸ ਆ ਜਾਣ ਤੇ ਕੰਪਿਊਟਰ ਨੂੰ ਵਿੰਡੋ ਕਰਵਾਉਂਦੇ ਹਾਂ । ਉਸੇ ਤਰਾਂ ਇਨਸਾਨ ਨੇ ਦੁਨੀਆ ਅੰਦਰ ਵੱਖ ਵੱਖ ਤਰਾਂ ਦੇ ਵਾਇਰਸ ਦੁਨੀਆ ਚ ਭਰ ਦਿੱਤੇ ਸੀ ਜਿਵੇਂ ਨਫਰਤ, ਜਾਤ-ਪਾਤ, ਧਾਰਮਿਕ ਪਾੜਾ, ਅਮੀਰ ਗਰੀਬ ਅਤੇ ਹੋਰ ਅਨੇਕਾਂ ਹੀ ਤਰਾਂ ਦੇ ਵਿਤਕਰੇ । ਹੁਣ ਕੁਦਰਤ ਨੇ ਦੁਨੀਆ ਨੂੰ ਰੀ-ਸੈੱਟ ਮਾਰ ਦਿੱਤਾ, ਪਰੰਤੂ ਅਜੇ ਵੀ ਲੋਕ ਨਹੀਂ ਸਮਝ ਪਾ ਰਹੇ ਕਿ ਪ੍ਰਮਾਤਮਾ ਨੇ ਸਾਨੂੰ ਕੀਤੇ ਗਏ ਗਲਤ ਫੈਂਸਲਿਆਂ ਦੀ ਸਜ਼ਾ ਦਿੱਤੀ ਹੈ । ਅੱਜ ਪ੍ਰਮਾਤਮਾ ਨੇ ਅਪਣੇ ਮੰਦਿਰ ਗੁਰਦੁਆਰਿਆਂ ਅਤੇ ਮਸੀਤਾਂ ਚੋਂ ਲੋਕਾਂ ਨੂੰ ਆਉਣ ਤੋਂ ਰੋਕ ਦਿੱਤਾ, ਜਿਹੜੀਆਂ ਕਾਰਾਂ ਬਿਨਾਂ ਇੱਕ ਮਿੰਟ ਨਹੀਂ ਸੀ ਸਾਰਦੇ ਖੂੰਜੇ ਲਾਈਆਂ ਪਈਆਂ ਹਨ, ਹੋਟਲਾਂ ਅਤੇ ਸ਼ਾਪਿੰਗ ਮਾਲ ਘੁੰਮਣ ਵਾਲੇ ਲੋਕ ਹੁਣ ਕਿਤੇ ਨਹੀਂ ਜਾਂਦੇ, ਹਸਪਤਾਲਾਂ ਦੇ ਮਰੀਜ ਕਿਧਰ ਗਏ, ਆਮ ਦਿਨਾਂ ਵਿੱਚ ਹੋਣ ਵਾਲੀਆਂ ਮੌਤਾਂ ਘੱਟ ਹੋ ਗਈਆਂ । ਕੁੱਲ ਮਿਲਾ ਕੇ ਕਹਿ ਲਈਏ ਤਾਂ ਜਿਹੜਾ ਇਨਸਾਨ ਕੱਲ ਤੱਕ ਸੋਚਣ ਲੱਗ ਗਿਆ ਸੀ ਕਿ ਉਹ ਭਗਵਾਨ ਬਣ ਗਿਆ ਹੁਣ ਉਹ ਸਭ ਕੁਝ ਕਰ ਸਕਦਾ ਹੈ, ਅੱਜ ਉਸ ਨੂੰ ਅਪਣੀ ਔਕਾਤ ਦਾ ਇਹਸਾਸ ਹੋ ਗਿਅ?ਾ ਕਿ ਅਗਰ ਕੁਦਰਤ ਚਾਹੇ ਤਾਂ ਅਸੀਂ ਸਾਹ ਵੀ ਨਹੀਂ ਲੈ ਸਕਦੇ, ਬਾਕੀ ਕੰਮ ਕਰਨਾ ਤਾਂ ਦੂਰ ਦੀ ਗੱਲ ਹੈ । ਪਰੰਤੂ ਅਜੇ ਵੀ ਲੋਕ ਨਹੀਂ ਸਮਝ ਪਾ ਰਹੇ ਕਿ ਪ੍ਰਮਾਤਮਾ ਨੇ ਇਹ ਸਭ ਕਿਉਂ ਕੀਤਾ, ਸੰਭਲ ਜਾਓ ਦੋਸਤੋ ਇਹ ਨਾ ਹੋਵੇ ਕਿ ਕੁਦਰਤ ਸਾਨੂੰ ਅਪਣਾ ਉਹ ਰੂਪ ਦਿਖਾਵੇ ਕਿ ਇਨਸਾਨ ਦੀ ਰੂਹ ਕੰਬ ਜਾਵੇ ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥



ਬਾਬਾ ਲਸ਼ਕਰ ਸਿੰਘ

(20 ਨਵੰਬਰ 1934 - 30 ਅਕਤੂਬਰ 2020 )

ਬਾਬਾ ਲਸ਼ਕਰ ਸਿੰਘ ਜੀ ਬੰਬੇ ਗਾਰਡਨ ਵਾਲੇ ਪਿਛਲੇ ਵੀਰਵਾਰ 30 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ ਹਨ।

ਗੁਰਦੁਆਰਾ ਸਾਹਿਬ ਫਰੀਮਾਂਟ, ਸਿੰਘ ਸਭਾ ਮਿਲਪੀਟਸ ਅਤੇ ਸਿੱਖ ਪੰਚਾਇਤ ਬਾਬਾ ਲਸ਼ਕਰ ਸਿੰਘ ਦੀ ਅਕਾਲ ਚਲਾਣੇ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹਨ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ (510) 676-5641 'ਤੇ ਬਲਕਾਰ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ।

**ਸਸਕਾਰ ਸੰਬੰਧੀ ਜਾਣਕਾਰੀ:**

**ਸਸਕਾਰ:** ਸਨਿੱਚਰਵਾਰ 12:30 ਤੋਂ 2:30 ਵਜੇ, ਹੇਵਰਡ ਦੀ ਮਿਸ਼ਨ ਚੈਪਲ

**ਭੋਗ:** 3 ਵਜੇ, ਗੁਰਦੁਆਰਾ ਸਾਹਿਬ ਫਰੀਮਾਂਟ, (300 Gurdwara Road, Fremont)

**Funeral address:** Chapel of the Chimes, 32992 Mission Blvd, Hayward.

# ਆਪਣੇ ਪੰਜਾਬੀ ਵਿਰਸੇ ਤੇ ਬੋਲੀ ਉੱਪਰ ਮਾਣ ਕਰੋ

**- ਕਰਨਲ ਰਮੇਸ਼ ਦਵੇਸ਼ਰ**

ਸਭਿਆਚਾਰ

ਕੁਦਰਤੀ ਗੱਲ ਹੈ ਕਿ ਮਾਦਰੀ ਜ਼ਬਾਨ ਸਭ ਨੂੰ ਪਿਆਰੀ ਹੁੰਦੀ ਹੈ ਤੇ ਹੋਰਨਾਂ ਵਾਂਗੂੰ ਮੈਨੂੰ ਵੀ ਆਪਣੀ ਮਾਂ-ਬੋਲੀ ਪੰਜਾਬੀ 'ਤੇ ਬਹੁਤ ਨਾਜ਼ ਤੇ ਗੂੜਾ ਪਿਆਰ ਹੈ। ਇਤਿਹਾਸ ਵਿਚ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ 'ਇੰਡੋ ਆਰੀਅਨ' ਦੌਰ ਵਿਚ ਈਸਾ ਤੋਂ 300 ਸਾਲ ਪਹਿਲਾਂ ਕਈ ਜ਼ਬਾਨਾਂ ਦੇ ਜਨਮ ਹੋਏ। ਇਨਾਂ ਵਿਚੋਂ ਇਕ ਜ਼ਬਾਨ ਜਿਸ ਦਾ ਨਾਂਅ 'ਪ੍ਰਾਕ੍ਰਿਤ' ਸੀ, ਉਸ ਵਕਤ ਦੇ ਪੰਜਾਬ ਦੀ ਜ਼ਬਾਨ ਬਣ ਗਈ। ਵਕਤ ਗੁਜ਼ਰਨ 'ਤੇ ਇਸ ਵਿਚ ਬਦਲਾਅ ਆਉਂਦੇ ਗਏ ਤੇ ਆਖ਼ਰ 11ਵੀਂ ਸਦੀ ਵਿਚ ਅੱਜ ਦੀ ਬੋਲਣ ਵਾਲੀ ਪੰਜਾਬੀ ਦੀ ਈਜਾਦ ਹੋਈ। ਅੱਗੇ ਚੱਲਣ ਤੋਂ ਪਹਿਲਾਂ ਇਕ ਹੋਰ ਦਿਲਚਸਪ ਵਾਕਿਆ ਦੱਸਣਾ ਚਾਹੁੰਦਾ ਹਾਂ ਕਿ 'ਰਿਗਵੇਦ' ਦੇ ਮੁਤਾਬਿਕ ਪੰਜਾਬ ਨੂੰ 'ਸਪਤ ਸਿੰਧੂ' (ਸੱਤ ਦਰਿਆਵਾਂ ਦੀ ਧਰਤੀ) ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਇਹ ਨਦੀਆਂ ਸਨ ਸਿੰਧੂ, ਵਿਤਸਤਾ (ਜੇਹਲਮ), ਅਸੀਕਨੀ (ਝਨਾਬ), ਇਰਾਵਤੀ (ਰਾਵੀ), ਵਿਪਾਸਾ (ਬਿਆਸ), ਸਤੂਦਰੀ (ਸਤਲੁਜ) ਤੇ ਸਰਸਵਤੀ। ਬਾਅਦ ਵਿਚ ਅੱਜ ਦਾ ਪੰਜਾਬ ਸਿੰਧ ਤੇ ਸਰਸਵਤੀ ਨੂੰ ਛੱਡ ਕੇ ਬਾਕੀ ਪੰਜ ਦਰਿਆਵਾਂ ਦੀ ਬਿਨਾਅ 'ਤੇ ਹੋਂਦ ਵਿਚ ਆਇਆ।

ਚਲੋ ਅੱਗੇ ਚੱਲੀਏ, ਬੜੇ ਫ਼ਖਰ ਦੀ ਗੱਲ ਹੈ ਕਿ ਜੇ ਅਸੀਂ ਹਿੰਦ-ਪਾਕਿ ਨੂੰ ਇਕੱਠਾ ਕਰਕੇ ਵੇਖੀਏ ਤਾਂ ਰਕਬੇ ਅਤੇ ਵਸੋਂ ਦੇ ਹਿਸਾਬ ਨਾਲ ਪੰਜਾਬੀ ਸਭ ਤੋਂ ਹਿੰਦ-ਸਾਗਰ ਬੋਲਣ ਵਾਲੀ ਇਲਾਕਾਈ ਜ਼ਬਾਨ ਹੈ, ਜਿਸ ਨੂੰ ਬੋਲਣ ਵਾਲਿਆਂ ਦੀ ਗਿਣਤੀ 14 ਕਰੋੜ ਤੋਂ ਉੱਪਰ ਹੈ ਅਤੇ ਇਹ ਦੁਨੀਆ ਵਿਚ ਦਸਵੀਂ ਸਭ ਤੋਂ ਜ਼ਿਆਦਾ ਬੋਲਣ ਵਾਲੀ ਜ਼ਬਾਨ ਹੈ। ਵੱਖ-ਵੱਖ ਇਲਾਕੇ ਤੇ ਵਸੋਂ ਹਰ ਜ਼ਬਾਨ ਦੇ ਲਹਿਜ਼ੇ ਉੱਤੇ ਅਸਰ ਪਾਉਂਦੇ ਹਨ। ਪੰਜਾਬੀ ਦੀ ਇਕ ਮਸ਼ਹੂਰ ਕਹਾਵਤ ਹੈ ਕਿ 'ਪਾਣੀ ਤੇ ਬੋਲੀ ਬਾਰੀਂ ਕੋਹੀਂ ਬਦਲ ਜਾਂਦੇ ਹਨ'। ਇਸ ਬਿਨਾਅ 'ਤੇ ਪੰਜਾਬੀ ਜ਼ਬਾਨ ਦੇ ਵੀ ਵੱਖ-ਵੱਖ ਲਹਿਜ਼ੇ ਹਨ, ਆਓ ਇਨਾਂ 'ਤੇ ਝਾਤੀ ਮਾਰੀਏ।

ਪੰਜਾਬੀ ਯੂਨੀਵਰਸਿਟੀ ਦੇ ਇਕ ਅਧਿਐਨ ਨੇ ਪੰਜਾਬੀ ਦੇ 28 ਲਹਿਜਿਆਂ ਦੀ ਪਛਾਣ ਕੀਤੀ ਹੈ, ਜਿਵੇਂ ਕਿ ਮਾਝੀ (ਮਰਕਜ਼ੀ), ਦੁਆਬੀ, ਮਲਵਈ, ਝਾਂਗੀ, ਡੋਗਰੀ, ਗੁਜਰੀ, ਭਟਿਆਣੀ, ਸ਼ਾਹਪੁਰੀ, ਮੁਲਤਾਨੀ, ਪੋਠੋਹਾਰੀ, ਖੈਰਪੁਰੀ, ਪੁਆਧੀ, ਬਹਾਵਲਪੁਰੀ ਅਤੇ ਹਿੰਦਕੋ ਵਗੈਰਾ।

ਸਾਡੇ ਪੰਜਾਬ ਦੀ ਸਰਜ਼ਮੀਨ ਨੂੰ ਪੰਜ ਦਰਿਆਵਾਂ ਨੇ ਪੰਜ ਦੁਆਬਾਂ (ਦੋ ਦਰਿਆਵਾਂ ਦੇ ਵਿਚਕਾਰਲਾ ਇਲਾਕਾ) ਵਿਚ ਵੰਡਿਆ ਹੈ ਅਤੇ ਇਨਾਂ ਦੁਆਬਾ ਦੇ ਨਾਂਅ ਵੀ ਗੁਆਂਢੀ ਦਰਿਆਵਾਂ ਦੇ ਨਾਂਅ ਉੱਤੇ ਰੱਖੇ ਗਏ ਹਨ। ਚੜਦੇ ਪਾਸਿਉਂ ਸ਼ੁਰੂ ਕਰੀਏ ਤਾਂ ਸਤਲੁਜ ਤੇ ਘੱਗਰ ਦੇ ਦਰਮਿਆਨ ਮਾਲਵਾ ਇਲਾਕਾ ਹੈ ਤੇ ਇੱਥੇ ਦੀ ਮੁੱਖ ਜ਼ਬਾਨ ਮਲਵਈ ਪੰਜਾਬੀ ਹੈ। ਇਸ ਤੋਂ ਇਲਾਵਾ ਕੁਝ ਇਲਾਕੇ ਜਿਵੇਂ ਕਿ ਰਾਜਪੁਰਾ, ਰੋਪੜ ਅਤੇ ਹਰਿਆਣਾ ਦੇ ਅੰਬਾਲਾ, ਕੈਥਲ, ਪੇਹੋਵਾ ਵਿਚ ਪੁਆਧੀ ਲਹਿਜ਼ਾ ਬੋਲਿਆ ਜਾਂਦਾ ਹੈ। ਮਾਲਵੇ ਦਾ ਜ਼ਿਆਦਾ ਇਲਾਕਾ ਅਤੇ ਵਸੋਂ ਵੀ ਕਈ ਹਿੱਸਿਆਂ ਵਿਚ ਵੰਡੀ ਹੋਣ ਕਰਕੇ ਇੱਥੇ ਪੰਜਾਬੀ ਦੇ ਹੋਰ ਲਹਿਜ਼ੇ ਵੀ ਬੋਲੇ ਜਾਂਦੇ ਹਨ ਜਿਵੇਂ ਕਿ 'ਬਾਗੜੀ ਪੰਜਾਬੀ' ਹਰਿਆਣਾ ਤੇ ਰਾਜਸਥਾਨ ਨਾਲ ਲਗਦੇ ਇਲਾਕਿਆਂ ਵਿਚ ਬੋਲੀ ਜਾਂਦੀ ਹੈ ਅਤੇ ਬਿਲਾਸਪੁਰੀ ਰੋਪੜ ਦੇ ਕਾਂਡੀ ਇਲਾਕੇ ਵਿਚ ਬੋਲੀ ਜਾਂਦੀ ਹੈ।

ਪੰਜ ਦੁਆਬਾ ਵਿਚੋਂ ਚੜਦੇ ਪਾਸਿਉਂ ਸਤਲੁਜ ਤੇ ਬਿਆਸ ਦੇ ਵਿਚਕਾਰ 'ਬਿਸਤ ਦੁਆਬ' (ਦੁਆਬਾ) ਹੈ। ਇਸ ਵਿਚ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਆਉਂਦੇ ਹਨ। ਥੋੜਾ ਰਕਬਾ ਹੋਣ ਕਰਕੇ ਸਿਰਫ਼ ਦੁਆਬੀ ਲਹਿਜ਼ਾ ਹੀ ਚਲਦਾ ਹੈ। ਹਾਂ, ਹੁਸ਼ਿਆਰਪੁਰ ਦਾ ਕੁਝ ਹਿੱਸਾ ਜੋ ਹਿਮਾਚਲ ਪ੍ਰਦੇਸ਼ ਦੇ ਨਾਲ ਲਗਦਾ ਹੈ, ਉੱਥੇ ਡੋਗਰੀ ਲਹਿਜ਼ਾ ਬੋਲਿਆ ਜਾਂਦਾ ਹੈ। ਇਕ ਦਿਲਚਸਪ ਵਾਕਿਆ ਹੈ ਕਿ ਮੁਲਕ ਦੀ ਵੰਡ 'ਤੇ ਜ਼ਿਆਦਾਤਰ ਦੁਆਬੀਏ ਪਾਕਿਸਤਾਨ ਵਿਚ ਫ਼ੈਸਲਾਬਾਦ, ਟੋਬਾ ਟੇਕ ਸਿੰਘ ਤੇ ਮੰਡੀ ਬਹਾਉਦੀਨ ਵਿਚ ਜਾ ਵਸੇ ਤੇ ਆਪਣੇ ਨਾਲ ਆਪਣੀ ਜ਼ਬਾਨ ਵੀ ਲੈ ਗਏ, ਇਨਾਂ ਇਲਾਕਿਆਂ ਵਿਚ ਦੁਆਬੀ ਪੰਜਾਬੀ ਕਾਫ਼ੀ ਮਕਬੂਲ ਹੈ।

ਬਿਆਸ ਤੇ ਰਾਵੀ ਦਰਿਆਵਾਂ ਦੇ ਵਿਚਕਾਰਲਾ ਇਲਾਕਾ ਬਾਰੀ ਦੁਆਬ ਹੈ, ਪੰਜਾਬ ਦੇ ਮਰਕਜ਼ ਹੋਣ ਕਰਕੇ ਇਸ ਨੂੰ ਮੰਝਲੀ ਦੁਆਬ ਤੇ ਫਿਰ ਵਕਤ ਗੁਜ਼ਰਨ ਨਾਲ ਇਸ ਦਾ ਨਾਂਅ ਮਾਝਾ ਪੈ ਗਿਆ। ਲਾਹੌਰ, ਅੰਮ੍ਰਿਤਸਰ, ਕਸੂਰ, ਸਾਹੀਵਾਲ, ਤਰਨ ਤਾਰਨ, ਗੁਰਦਾਸਪੁਰ ਮਾਝੇ ਦਾ ਹਿੱਸਾ ਹਨ। ਇਹ ਪੂਰੇ ਪੰਜਾਬ ਦਾ ਰੂਹਾਨੀ, ਮਜ਼ਬੀ ਅਤੇ ਸਿਆਸੀ ਕੇਂਦਰ ਹੈ ਅਤੇ ਸਭ ਤੋਂ ਵੱਡਾ ਇਲਾਕਾ ਹੈ। ਮਾਝੀ ਅਤੇ ਮਝੈਲੀ ਪੰਜਾਬੀ ਨੂੰ ਪੂਰੇ ਪੰਜਾਬ ਦਾ ਮਨਜ਼ੂਰਸ਼ੁਦਾ ਰੁਤਬਾ ਦਿੱਤਾ ਗਿਆ ਹੈ। ਮਾਝੀ ਪੰਜਾਬੀ ਦਾ ਆਪਣਾ ਹੀ ਨੂਰ ਹੈ। ਇਸ ਨੂੰ ਉਤਸ਼ਾਹ ਦੇਣ ਵਿਚ ਸੂਫ਼ੀ ਸੰਤਾਂ ਤੇ ਅਦਬੀ ਹਸਤੀਆਂ ਜਿਵੇਂ ਕਿ ਬਾਬਾ ਬੁੱਲੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਮੁਹੰਮਦ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਧਨੀ ਰਾਮ ਚਾਤ੍ਰਿਕ ਦਾ ਬਹੁਤ ਵੱਡਾ ਯੋਗਦਾਨ ਹੈ। ਵੈਸੇ ਤਾਂ ਪੂਰਾ ਖ਼ਿੱਤਾ ਹੀ ਮਾਝਾ ਹੈ ਪਰ ਗੁਰਦਾਸਪੁਰ ਜ਼ਿਲਾ ਤੇ ਅੰਮ੍ਰਿਤਸਰ ਦੇ ਨਾਲ ਲਗਦੇ ਇਲਾਕੇ ਆਪਣੇ-ਆਪ ਨੂੰ ਰਿਆੜਕੀ ਅਖਵਾਉਂਦੇ ਨੇ। ਮੁਲਕ ਦੀ ਵੰਡ ਤੋਂ ਬਾਅਦ, ਆਪਸੀ ਅਤੇ ਸਮਾਜਿਕ ਘਟਨਾਵਾਂ ਨੇ ਮਾਝੀ ਪੰਜਾਬੀ ਦਾ ਵਜੂਦ ਖ਼ਤਰੇ ਵਿਚ ਪਾ ਦਿੱਤਾ। ਨਤੀਜਾ ਇਹ ਹੋਇਆ ਕਿ ਮਲਵਈ ਤੇ ਦੁਆਬੀ ਲਹਿਜ਼ੇ ਆਪਣੇ ਵਾਲੇ ਪੰਜਾਬ ਵਿਚ ਹਾਵੀ ਹੋ ਗਏ। ਹੁਣ ਹਾਲਾਤ ਇਹ ਹੈ ਕਿ ਠੇਠ ਮਾਝੀ ਲਹਿਜ਼ਾ ਸੁਣਨ ਨੂੰ ਕੰਨ ਤਰਸਦੇ ਹਨ। ਕੁਝ ਚਿਰ ਲਈ ਸਿਆਸਤ ਨੂੰ ਪਰੇ ਰੱਖੀਏ ਤਾਂ ਪਤਾ ਲਗਦਾ ਹੈ ਕਿ ਲਹਿੰਦੇ ਪੰਜਾਬ ਨੇ ਮਾਝੇ ਦਾ ਵਿਰਸਾ ਸਾਂਭ ਕੇ ਰੱਖਿਆ ਹੋਇਆ ਹੈ ਜੇ ਠੇਠ ਮਝੈਲੀ ਪੰਜਾਬੀ ਦਾ ਸਵਾਦ ਲੈਣਾ ਹੈ ਤਾਂ ਯੂ-ਟਿਊਬ 'ਤੇ ਉਨਾਂ ਦੇ ਪੰਜਾਬੀ ਦੇ ਮਜ਼ਾਕੀਆ ਪ੍ਰੋਗਰਾਮ ਵੇਖ ਲਓ।

ਮੁਲਤਾਨੀ ਪੰਜਾਬੀ, ਮੁਲਤਾਨ ਤੇ ਪਾਕਿਸਤਾਨੀ ਪੰਜਾਬ ਦੇ ਦੱਖਣੀ ਹਿੱਸਿਆਂ ਵਿਚ ਬੋਲੀ ਜਾਂਦੀ ਹੈ। ਇਹ ਸਿੰਧੀ ਅਤੇ ਝਾਂਗੀ ਜ਼ਬਾਨਾਂ ਦਾ ਰਲਾਅ ਹੈ। ਬਾਬਾ ਫ਼ਰੀਦ ਜੀ ਮੁਲਤਾਨ ਦੇ ਸਨ ਅਤੇ ਉਨਾਂ ਦਾ ਸੂਫ਼ੀ ਕਲਾਮ ਵੀ ਮੁਲਤਾਨੀ ਲਹਿਜ਼ੇ ਵਿਚ ਹੈ। 1960 ਤੋਂ ਬਾਅਦ ਮੁਲਤਾਨੀ ਜ਼ਬਾਨ ਦਾ ਨਾਂਅ ਬਦਲ ਕੇ ਸਰਾਇਕੀ ਰੱਖ ਦਿੱਤਾ ਹੈ। ਰਾਵੀ-ਝਨਾਬ ਦਰਮਿਆਨ ਰਚਨਾ ਦੁਆਬ ਹੈ। ਇਸ ਵਿਚ ਫੈਸਲਾਬਾਦ (ਪੁਰਾਣਾ ਨਾਂਅ ਲਾਇਲਪੁਰ), ਝੰਗ, ਸਿਆਲਕੋਟ, ਗੁੱਜਰਾਂਵਾਲਾ ਦੇ ਇਲਾਕੇ ਹਨ। ਫੈਸਲਾਬਾਦ ਨੂੰ ਸਾਂਦਲ ਬਾਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ (ਬਾਰ ਦਾ ਮਤਲਬ ਜੰਗਲੀ ਇਲਾਕਾ) ਜੋ ਕੇ ਤ੍ਰੇਤਾ ਯੁੱਗ ਦੇ 'ਸਾਂਡਲਿਆ ਰਿਸ਼ੀ' ਦੇ ਨਾਂਅ ਉਤੇ ਰੱਖਿਆ ਗਿਆ ਹੈ। ਰਚਨਾ ਦੁਆਬ ਪੰਜਾਬੀ ਅਦਬ ਦੇ ਵੱਖ-ਵੱਖ ਲਹਿਜਿਆਂ ਦਾ ਜ਼ਖ਼ੀਰਾ ਹੈ। ਗ਼ਰੀਬਾਂ ਦੇ ਮਸੀਹਾ 'ਦੁੱਲਾ ਭੱਟੀ' ਜਿਸ ਨੂੰ ਅਸੀਂ ਲੋਹੜੀ 'ਤੇ ਯਾਦ ਕਰਦੇ ਹਾਂ, ਸਾਂਦਲ ਬਾਰ ਦੇ ਸਨ। ਪੂਰਨ ਭਗਤ ਜੋ ਰਾਜਾ ਸਲਵਾਨ ਦੇ ਪੁੱਤਰ ਸਨ, ਬਾਅਦ ਵਿਚ ਜੋਗੀ ਲਹਿਰ ਦੇ ਵਾਰਿਸ ਬਣੇ ਸਿਆਲਕੋਟ ਦੇ ਹੀ ਸਨ। ਝਨਾਬ ਨੂੰ ਪਿਆਰ ਤੇ ਇਸ਼ਕ ਦਾ ਦਰਿਆ ਵੀ ਕਿਹਾ ਜਾਂਦਾ ਹੈ, ਜਦ ਕਿ ਹੀਰ-ਰਾਂਝਾ ਅਤੇ ਮਿਰਜ਼ਾ-ਸਾਹਿਬਾਂ ਦੋਵੇਂ ਝੰਗ ਦੇ ਫੈਸਲਾਬਾਦ ਦੇ ਸਨ, ਉੱਥੇ ਹੀ ਦਰਿਆਓਂ ਪਾਰ ਗੁਜਰਾਤ ਦੇ ਸੋਹਣੀ ਮਹੀਂਵਾਲ ਦੇ ਅਮਰ ਪਿਆਰ ਦੇ ਕਿੱਸੇ ਅੱਜ ਵੀ ਯਾਦ ਕੀਤੇ ਜਾਂਦੇ ਹਨ। ਝਾਂਗੀ, ਚਿਨਾਵਰੀ ਅਤੇ ਬਾਰ ਵਿਚ ਬੋਲੀ ਜਾਂਦੀ ਜਾਂਗਲੀ ਪੰਜਾਬੀ! ਇੱਥੇ ਦੇ ਮਸ਼ਹੂਰ ਲਹਿਜ਼ੇ ਹਨ। ਹੀਰ-ਰਾਂਝਾ ਦਾ ਅਸਲੀ ਜਾਂ ਇਹ ਕਹੀਏ ਕਿ ਅੱਖੀਂ ਵੇਖਿਆ ਕਿੱਸਾ ਦਮੋਦਰ ਦਾਸ ਨੇ ਝਾਂਗੀ ਜ਼ਬਾਨ ਵਿਚ ਲਿਖਿਆ ਹੈ।

ਅੱਗੇ ਚੱਲੀਏ ਤਾਂ ਝਨਾਬ ਤੇ ਜੇਹਲਮ ਦਰਿਆਵਾਂ ਦੇ ਵਿਚਕਾਰੇ 'ਝੱਜ ਦੁਆਬ' ਹੈ। ਸਰਗੋਧਾ ਤੇ ਗੁਜਰਾਤ ਇੱਥੋਂ ਦੇ ਮਸ਼ਹੂਰ ਇਲਾਕੇ ਹਨ। ਇੱਥੇ ਆਮ ਤੌਰ 'ਤੇ ਸ਼ਾਹਪੁਰੀ ਪੰਜਾਬੀ ਬੋਲੀ ਜਾਂਦੀ ਹੈ। ਜਿਹੜੀ ਝਾਂਗੀ ਤੇ ਸਰਾਇਕੀ ਲਹਿਜਿਆਂ ਨੂੰ ਮਿਲਾ ਕੇ ਬਣੀ ਹੈ।

ਸ਼ੁਰੂ-ਸ਼ੁਰੂ ਵਿਚ ਪੰਜਾਬੀ ਸ਼ਾਹਮੁਖੀ ਲਿਪੀ (ਜੋ ਕਿ ਅਰਬੀ ਤੇ ਫ਼ਾਰਸੀ ਦਾ ਜੋੜ ਹੈ) ਵਿਚ ਲਿਖੀ ਜਾਂਦੀ ਸੀ, ਅੱਜ ਵੀ ਲਹਿੰਦੇ ਪੰਜਾਬ ਵਿਚ ਇਸ ਲਿਪੀ ਦਾ ਇਸਤੇਮਾਲ ਹੁੰਦਾ ਹੈ। ਗੁਰਮੁਖੀ ਲਿਪੀ ਨੂੰ ਵਿਸ਼ੇਸ਼ ਤੌਰ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਉਤਸ਼ਾਹ ਦਿੱਤਾ ਗਿਆ। ਇਸ ਲਿਪੀ ਦਾ ਆਧਾਰ ਲੰਡੇ ਲਿਪੀ ਹੈ, ਜਿਸ ਦਾ ਜਨਮ 10ਵੀਂ ਸਦੀ ਵਿਚ ਸ਼ਾਰਦਾ ਲਿਪੀ ਤੋਂ ਹੋਇਆ ਹੈ।

ਮੁੱਕਦੀ ਗੱਲ ਇਹ ਹੈ ਕਿ ਸਾਡੀ ਜ਼ਬਾਨ ਦਾ ਵਿਰਸਾ ਬਹੁਤ ਪੁਰਾਣਾ ਹੈ ਅਤੇ ਲੋੜ ਹੈ ਕਿ ਅਸੀਂ ਇਸ ਨੂੰ ਸਾਂਭ ਕੇ ਰੱਖੀਏ ਤਾਂ ਕਿ ਆਉਣ ਵਾਲੀਆਂ ਪੁਸ਼ਤਾਂ ਆਪਣੇ ਵਿਰਸੇ ਨੂੰ ਜਾਣ ਸਕਣ। ਇਹ ਉਦੋਂ ਹੀ ਮੁਮਕਿਨ ਹੈ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣੀ ਤੇ ਗੁਰਮੁਖੀ ਲਿਖਣੀ ਸਿਖਾਈਏ।-

**-16-ਐਲ-1, ਪਾਮ ਗਰੋਵਜ਼, ਬੀ.ਟੀ. ਕਾਵਡੇ ਰੋਡ, ਪੁਣੇ**
**+9199234-83103.**



# ਕਿੰਨੇ ਕੁ ਕਾਰਗਰ ਹਨ ਨਵੇਂ ਪ੍ਰਦੂਸ਼ਣ ਕੰਟਰੋਲ ਕਾਨੂੰਨ

**- ਹਰਕੀਰਤ ਕੌਰ ਸਭਰਾ**

**9779118066**

ਪ੍ਰਦੂਸ਼ਣ ਮੌਜੂਦਾ ਸਮੇਂ ਦੀ ਇੱਕ ਬਹੁਤ ਵੱਡੀ ਸਮੱਸਿਆ ਬਣ ਚੁੱਕਿਆ ਹੈ। ਪ੍ਰਦੂਸ਼ਣ ਦੀਆਂ ਵੱਖ ਵੱਖ ਕਿਸਮਾਂ ਵਿੱਚੋਂ ਹਵਾ ਪ੍ਰਦੂਸ਼ਣ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਿਹਾ ਹੈ। ਮੌਜੂਦਾ ਦਿਨਾਂ ਵਿੱਚ ਦਿੱਲੀ ਐੱਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਏਨਾ ਜ਼ਿਆਦਾ ਵੱਧ ਗਿਆ ਹੈ ਕਿ, ਹਰ ਪ੍ਰਾਣੀ ਮਾਤਰ ਦਾ ਹਵਾ ਵਿੱਚ ਸਾਹ ਲੈਣਾ ਮੁਸ਼ਕਿਲ ਹੋ ਚੁੱਕਾ ਹੈ। ਸਿੱਧੇ ਅਸਿੱਧੇ ਤੌਰ ਤੇ ਕੇਂਦਰ ਸਰਕਾਰ ਇਸ ਵੱਧ ਰਹੇ ਪ੍ਰਦੂਸ਼ਣ ਦਾ ਕਾਰਨ ਕਿਸਾਨਾਂ ਦੁਆਰਾ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾ ਨੂੰ ਮੰਨ ਰਹੀ ਹੈ। ਇਸੇ ਅਲਾਮਤ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਤੋਂ ਆਰਡੀਨੈਂਸ ਦੇ ਰੂਪ ਵਿੱਚ ਇੱਕ ਨਵਾਂ ਕਾਨੂੰਨ ਜਾਰੀ ਕੀਤਾ ਹੈ । ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਇੱਕ ਕਰੋੜ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਤਹਿਤ ਨਿਆਂ ਮੰਤਰਾਲੇ ਦੁਆਰਾ ਵਾਤਾਵਰਣ ਪ੍ਰਦੂਸ਼ਣ ਰੋਕ ਅਥਾਰਿਟੀ ਨੂੰ ਭੰਗ ਕਰਕੇ ਇਸ ਦੀ ਜਗਾ 20 ਮੈਂਬਰੀ ਕਮਿਸ਼ਨ ਗਠਿਤ ਕੀਤਾ ਗਿਆ ਹੈ। ਇਸ ਕਾਨੂੰਨ ਨੂੰ ਖ਼ਾਸ ਕਰ ਪੰਜਾਬ, ਹਰਿਆਣਾ, ਰਾਜਸਥਾਨ, ਯੂ ਪੀ, ਦਿੱਲੀ ਵਿੱਚ ਜਲਦ ਤੋਂ ਜਲਦ ਲਾਗੂ ਕਰਨ ਦੇ ਆਦੇਸ਼ ਜਾਰੀ ਹੋਏ ਹਨ। ਇਸ ਤੋਂ ਇਲਾਵਾ ਇਸ ਕਾਨੂੰਨ ਵਿੱਚ ਸਾਫ਼ ਸਾਫ਼ ਲਿਖਿਆ ਗਿਆ ਹੈ ਕਿ ਜਿੰਨਾ ਫ਼ੈਕਟਰੀਆਂ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਸ਼ੰਕਾ ਪੈਦਾ ਹੁੰਦਾ ਹੈ, ਉਨਾਂ ਫ਼ੈਕਟਰੀਆਂ ਨੂੰ ਬੰਦ ਕਰ ਦਿੱਤਾ ਜਾਵੇ।

ਇਸ ਸਾਰੀ ਖ਼ਬਰ ਨੂੰ ਬਹੁਤ ਗਹਿਰਾਈ ਨਾਲ ਵਿਚਾਰਨ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚੀ ਅਤੇ ਸਭ ਤੋਂ ਪਹਿਲਾਂ ਇਹ ਸੋਚਿਆ, ਕਿ ਕਾਨੂੰਨ ਤਾਂ ਭਾਰਤ ਵਿੱਚ ਹੋਰ ਵੀ ਬਹੁਤ ਸਾਰੇ ਬਣਾਏ ਹੋਏ ਹਨ ? ਪਰ ਕੀ ਇਕੱਲੇ ਕਾਨੂੰਨ ਬਣਾਉਣ ਨਾਲ ਕੋਈ ਹੱਲ ਨਿਕਲ ਸਕਦਾ ਹੈ। ਕਾਨੂੰਨ ਤਾਂ ਭਾਰਤ ਵਿੱਚ ਕਤਲ ਦੇ ਵੀ ਬਣੇ ਹੋਏ ਨੇ, ਬਲਾਤਕਾਰੀਆਂ ਲਈ ਵੀ ਬਣੇ ਹੋਏ ਹਨ ਪਰ ਕੀ ਉਨਾਂ ਕਾਨੂੰਨਾਂ ਤਹਿਤ ਕਿਸੇ ਨੂੰ ਸਜ਼ਾ ਮਿਲਦੀ ਹੈ ? ਭਾਰਤੀ ਸਿਸਟਮ ਦੀ ਇਹ ਕਮੀ ਰਹੀ ਹੈ ਕਿ ਇੱਥੇ ਲਿਖਤੀ ਰੂਪ ਵਿੱਚ ਕਾਪੀਆਂ ਜਿੰਨੀਆਂ ਮਰਜ਼ੀ ਕਾਲੀਆਂ ਕਰਵਾ ਲਵੋ, ਪਰ ਉਸ ਨੂੰ ਅਮਲੀ ਰੂਪ ਦੇਣ ਵਾਲਾ ਅਤੇ ਮੁਸ਼ਕਿਲ ਦਾ ਠੋਸ ਹੱਲ ਕੱਢਣ ਵਾਲਾ ਕੋਈ ਵੀ ਨਹੀਂ ਹੈ। ਜੇਕਰ ਕੇਂਦਰ ਸਰਕਾਰ ਨੂੰ ਲੱਗਦਾ ਹੈ ਕਿ ਖੇਤੀ ਪ੍ਰਧਾਨ ਸੂਬੇ ਜਿਵੇਂ; ਕਿ ਪੰਜਾਬ, ਹਰਿਆਣਾ, ਯੂ ਪੀ ਆਦਿ ਕਾਰਨ ਦਿੱਲੀ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈਂ ਤਾਂ, ਸਰਕਾਰ ਨੂੰ ਚੰਗੀ ਤਰਾਂ ਬਰੀਕੀ ਨਾਲ ਸੋਚ ਕੇ ਇਹ ਫੋਕੇ ਕਾਨੂੰਨ ਬਣਾਉਣ ਦੀ ਬਜਾਇ ਅਜਿਹੇ ਤਰੀਕਿਆਂ ਨੂੰ ਲੱਭਣ ਦਾ ਯਤਨ ਕਰਨਾ ਚਾਹੀਦਾ ਸੀ ਕਿ ਜਿੰਨਾ ਨਾਲ ਕਿਸਾਨ ਵੀਰ ਬਿਨਾ ਵਾਤਾਵਰਣ ਨੂੰ ਕੋਈ ਨੁਕਸਾਨ ਪਹੁੰਚਾਏ ਪਰਾਲੀ ਨੂੰ ਸੰਭਾਲ ਸਕਣ। ਜੇਕਰ ਦੇਖਿਆ ਜਾਵੇ ਤਾਂ ਦੋਗਲੀ ਨੀਤੀ ਵਾਲੀਆਂ ਸਰਕਾਰਾਂ ਪਹਿਲਾਂ ਹੀ ਕਿਸਾਨਾਂ ਨਾਲ ਕਾਫ਼ੀ ਵਧੀਕੀਆਂ ਕਰ ਚੁੱਕੀ ਹੈ, ਤੇ ਜੇਕਰ ਇਸ ਕਾਨੂੰਨ ਤਹਿਤ ਕਿਸੇ ਵੀ ਰਾਜ ਦੇ ਕਿਸਾਨ ਨੂੰ ਕੋਈ ਜੁਰਮਾਨਾ ਭਰਨਾ ਪੈਂਦਾ ਹੈ ਜਾਂ ਸਜ਼ਾ ਕੱਟਣੀ ਪੈਂਦੀ ਹੈ ਤਾਂ ਇਹ ਸਰਾਸਰ ਬੇਇਨਸਾਫ਼ੀ ਹੋਵੇਗੀ। ਕੁਝ ਦਿਨ ਪਹਿਲਾਂ ਜਦ ਪ੍ਰਦੂਸ਼ਣ ਬਾਰੇ ਵਿਚਾਰ ਚਰਚਾ ਕੀਤੀ ਤਾਂ ਬਹੁਤ ਸਾਰੇ ਕਿਸਾਨ ਵੀਰਾਂ ਦੇ ਸੁਝਾਅ ਸਨ ਕਿ ਹਰ ਕਿਸਾਨ ਇਸ ਗੱਲ ਤੋਂ ਚੰਗੀ ਤਰਾਂ ਜਾਣੂ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ, ਪਰ ਅਸੀਂ ਕਿਸਾਨ ਮਜਬੂਰ ਹਾਂ ਕਿਉਂਕਿ ਸਾਡੇ ਕੋਲ ਅੱਗ ਲਗਾਉਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਦਾ। ਕਿਉਂਕਿ ਪੰਜਾਬ ਦੇ ਕਿਸਾਨਾਂ ਕੋਲ ਨਾ ਤਾਂ ਏਨੀ ਪੂੰਜੀ ਹੈ ਕਿ ਉਹ ਆਧੁਨਿਕ ਤਕਨੀਕੀ ਯੰਤਰਾਂ ਨੂੰ ਖ਼ਰੀਦ ਕੇ ਪਰਾਲੀ ਨੂੰ ਸੰਭਾਲ ਸਕਣ ਅਤੇ ਨਾ ਹੀ ਅਜਿਹੇ ਹੋਰ ਸਸਤੇ ਸਾਧਨ ਜਿੰਨਾ ਨਾਲ ਵਾਤਾਵਰਣ ਨੂੰ ਘੱਟ ਨੁਕਸਾਨ ਪਹੁੰਚ ਸਕੇ।

ਮੈਂ ਹੈਰਾਨ ਹਾਂ; ਕਾਨੂੰਨ ਬਣਾਉਣ ਵਾਲਿਆਂ ਤੇ ਕਿ ਏਨਾ ਵੱਡਾ ਜੁਰਮਾਨਾ ਲਗਾਉਣ ਤੋਂ ਪਹਿਲਾਂ ਨਿਆਂ ਕਾਰਕੁੰਨਾਂ ਨੇ ਇੱਕ ਵਾਰ ਇਹ ਦੇਖਣ ਦਾ ਯਤਨ ਨਹੀਂ ਕੀਤਾ ਕਿ ਕਿਸਾਨਾਂ ਕੋਲ ਤਾਂ ਆਪਣੀ ਜ਼ਮੀਨ ਵਿੱਚ ਉਗਾਉਣ ਲਈ ਬੀਜ,ਖਾਦ ਆਦਿ ਲਈ ਤਾਂ ਪੈਸੇ ਨਹੀਂ ਹਨ ਤਾਂ ਜੁਰਮਾਨੇ ਦੀਆਂ ਏਨੀਆਂ ਵੱਡੀਆਂ ਰਕਮਾਂ ਕਿਵੇਂ ਚੁਕਾਵੇਗਾ। ਇੱਕ ਗੱਲ ਹੋਰ ਵਿਚਾਰ ਹਿਤ ਲਿਆਉਣ ਵਾਲੀ ਹੈ ਕਿ ਸਾਡੇ ਦੇਸ਼ ਦੀ 70% ਤੋਂ ਵੱਧ ਅਬਾਦੀ ਖੇਤੀਬਾੜੀ ਉੱਪਰ ਸਿੱਧੇ ਅਤੇ ਅਸਿੱਧੇ ਤੌਰ ਤੇ ਨਿਰਭਰ ਹੈ। ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਕੁਝ ਅਜਿਹੇ ਕਾਨੂੰਨ ਬਣਾਏ ਜਾਣ ਜਿਸ ਨਾਲ ਕਿਸਾਨਾਂ ਨੂੰ ਮਦਦ ਮਿਲ ਸਕੇ ਪਰ ਸਾਡੇ ਦੇਸ਼ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਮੁੱਕਦੀ ਗੱਲ ਪਰਾਲੀ ਦੀ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਕਿਸਾਨ ਏਨੇ ਅਮੀਰ ਤਾਂ ਹੈ ਨਹੀਂ, ਕਿ ਉਹ ਮਹਿੰਗੀ ਮਹਿੰਗੀ ਮਸ਼ੀਨਰੀ ਖਰੀਦ ਸਕਣ। ਇਸ ਸਮੱਸਿਆ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਵਾਜਬ ਹੱਲ ਕੱਢੇ ਜਾਣ। ਪਿਛਲੇ ਕੁਝ ਸਮੇਂ ਵਿੱਚ ਸਰਕਾਰ ਵੱਲੋਂ ਬਠਿੰਡੇ ਵਿਖੇ ਸਥਿਤ ਥਰਮਲ ਪਲਾਂਟ ਨੂੰ ਕੋਲੇ ਦੀ ਜਗਾ ਤੇ ਪਰਾਲੀ ਨਾਲ ਚਲਾਉਣ ਦੀ ਯੋਜਨਾ ਬਣਾਈ ਗਈ ਸੀ, ਪਰ ਉਹ ਯੋਜਨਾ ਕੇਵਲ ਯੋਜਨਾ ਬਣ ਕੇ ਹੀ ਰਹਿ ਗਈ। ਜੇਕਰ ਕਿਤੇ ਉਸ ਯੋਜਨਾ ਨੂੰ ਅਮਲੀ ਰੂਪ ਦਿੱਤਾ ਹੁੰਦਾ ਤਾਂ ਪਰਾਲੀ ਨੂੰ ਸਾਂਭਣ ਵਿੱਚ ਆ ਰਹੀ ਔਂਕੜ ਨਾਲ ਅਰਾਮ ਨਾਲ ਨਜਿੱਠਿਆ ਜਾ ਸਕਦਾ ਸੀ।

ਅੰਤ ਵਿੱਚ ਇਹੀ ਕਹਿ ਸਕਦੇ ਹਾਂ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਵਾਰ ਕਿਸਾਨਾਂ ਦੀ ਪਿੱਠ ਵਿੱਚ ਹੀ ਛੁਰਾ ਨਾ ਖੁਭਾਇਆ ਜਾਵੇ, ਬਲਕਿ ਕਿਸਾਨਾਂ ਦੇ ਹਮਦਰਦ ਬਣ ਕਿਸਾਨਾਂ ਦੇ ਹੱਕ ਵਿੱਚ ਕਾਨੂੰਨ ਬਣਾਏ ਜਾਣ।

# ਅੱਜ ਦੀ ਨੌਜਵਾਨ ਪੀੜੀ ਨਹੀਂ ਕਰਦੀ 'ਬਜ਼ੁਰਗਾ ਮਾਂ-ਬਾਪ ਨਾਲ ਪਿਆਰ'

**- ਵਿਜੈ ਗਰਗ**

ਬੱਚੇ ਦਾ ਜਨਮ ਹੁੰਦਾ ਹੈ ਤਾਂ ਮਾਪੇ ਉਸ ਦੀ ਇਸ ਦੁਨੀਆ 'ਤੇ ਹੋਂਦ ਬਣਾਈ ਰੱਖਣ ਲਈ ਹਰ ਤਰਾਂ ਦੇ ਖ਼ਤਰੇ ਤੋਂ ਢਾਲ ਬਣ ਕੇ ਉਸ ਦੀ ਰੱਖਿਆ ਕਰਦੇ ਹਨ। ਮਾਪੇ ਬੱਚੇ ਨੂੰ ਉਸ ਦੀ ਆਉਣ ਵਾਲੀ ਜ਼ਿੰਦਗੀ ਲਈ ਤਿਆਰ ਕਰਦੇ ਹਨ, ਉਸ ਨੂੰ ਰਿੜਨਾ, ਤੁਰਨਾ ਅਤੇ ਦੌੜਨਾ ਸਿਖਾਉਂਦੇ ਹਨ ਅਤੇ ਉਸ ਦੇ ਖੰਭਾਂ ਨੂੰ ਪਰਵਾਜ਼ ਦਿੰਦੇ ਹਨ ਤਾਂ ਜੋ ਉਹ ਇਸ ਦੁਨੀਆ ਦੇ ਅਕਾਸ਼ 'ਚ ਖੁੱਲੀਆਂ ਉਡਾਰੀਆਂ ਲਾ ਸਕੇ। ਜਿੰਨੇ ਚਾਅ, ਮਲਾਰ ਅਤੇ ਲਾਡ ਮਾਪੇ ਆਪਣੇ ਬੱਚਿਆਂ ਨਾਲ ਕਰਦੇ ਹਨ, ਉਨੀਂ ਸ਼ਿੱਦਤ ਨਾਲ ਪਿਆਰ ਅਤੇ ਆਪਣੀਆਂ ਰੀਝਾਂ ਦਾ ਪ੍ਰਗਟਾਵਾ ਦੂਜਾ ਕੋਈ ਹੋਰ ਨਹੀਂ ਕਰ ਸਕਦਾ। ਬੱਚੇ ਦੀ ਛੋਟੀ ਜਿਹੀ ਖ਼ੁਸ਼ੀ ਦੀ ਕਿਲਕਾਰੀ ਸੁਣਨ ਲਈ ਉਤਾਵਲੇ ਰਹਿਣ ਵਾਲੇ ਮਾਪੇ, ਬੱਚੇ ਨੂੰ ਛੋਟੀ ਜਿਹੀ ਝਰੀਟ ਲੱਗਣ 'ਤੇ ਘਬਰਾ ਜਾਂਦੇ ਹਨ ਅਤੇ ਉਸ ਦੀ ਨਿੱਕੀ ਜਿਹੀ ਖ਼ੁਸ਼ੀ ਲਈ ਹਮੇਸ਼ਾ ਆਪਾ ਵਾਰਨ ਲਈ ਤਿਆਰ ਰਹਿੰਦੇ ਹਨ। ਬੱਚੇ ਦੇ ਦੁੱਖ, ਤਕਲੀਫ਼, ਭੁੱਖ, ਪਿਆਸ ਅਤੇ ਹਰ ਤਰਾਂ ਦੀ ਖ਼ੁਸ਼ੀ ਦਾ ਖ਼ਿਆਲ ਰੱਖਣ ਵਾਲੇ ਮਾਪੇ ਰੱਬ ਦਾ ਹੀ ਦੂਜਾ ਰੂਪ ਹਨ। ਜ਼ਿੰਦਗੀ ਆਸ ਅਤੇ ਉਮੀਦ ਨਾਲ ਹੀ ਜੁੜੀ ਹੋਈ ਹੈ। ਪੁੱਤਰਾਂ ਅਤੇ ਧੀਆਂ ਨੂੰ ਮਾਪੇ ਇਸ ਆਸ ਨਾਲ ਪਾਲਦੇ ਹਨ, ਤਾਂ ਜੋ ਉਹ ਜ਼ਿੰਦਗੀ ਦੇ ਢਲਦੇ ਪੱਖ 'ਚ ਸਾਡੀ ਧਰਵਾਸ ਬਣਨ। ਬੇਸ਼ੱਕ ਕਈ ਘਰਾਂ 'ਚ ਥੁੜਾਂ ਦੇ ਬਾਵਜੂਦ ਵੀ ਬਜ਼ੁਰਗਾਂ ਨੂੰ ਇਉਂ ਸੰਭਾਲਿਆ ਜਾਂਦਾ ਹੈ ਜਿਵੇਂ; 'ਬੂਟੇ ਦੀਆਂ ਜੜਾਂ ਨੂੰ'। ਨਿਸ਼ਚੇ ਹੀ ਘਰ ਦੇ ਸਿਆਣੇ ਜੜਾਂ ਹੀ ਹੁੰਦੇ ਹਨ। ਇਸੇ ਲਈ ਪਰਿਵਾਰਕ ਸੰਬੰਧਾਂ ਅਤੇ ਰਿਸ਼ਤੇਦਾਰੀਆਂ ਦਾ ਕੇਂਦਰ ਬਣੇ ਇਨਾਂ ਬਜ਼ੁਰਗਾਂ ਦੇ ਤੁਰ ਜਾਣ ਨਾਲ ਬੜਾ ਕੁਝ ਖੁਰ ਖਿੰਡ ਜਾਂਦਾ ਹੈ। ਪਰ ਹੁਣ ਬਹੁਤ ਤੇਜ਼ੀ ਨਾਲ ਪਾਸਾ ਪਲਟ ਰਿਹਾ ਹੈ ਅਤੇ ਬੜੇ ਹੀ ਦੁੱਖ ਦੀ ਗੱਲ ਹੈ ਕਿ ਅੱਜ ਦੇ ਤੇਜ਼ ਰਫ਼ਤਾਰ ਜੀਵਨ ਕਾਰਨ ਪਿਛਲੇ ਕੁਝ ਸਮੇਂ ਤੋਂ ਦੇਖਣ ਨੂੰ ਮਿਲ ਰਿਹਾ ਹੈ ਕਿ ਕੁਝ ਗਿਣਤੀ ਦੇ ਘਰਾਂ ਨੂੰ ਛੱਡ, ਬਹੁਤੇ ਪਰਿਵਾਰਾਂ ਵਿੱਚ ਘਰ ਦੇ ਬਜ਼ੁਰਗਾਂ ਨੂੰ ਵਾਰੀਆਂ ਬੰਨ ਕੇ ਰੱਖਿਆ ਜਾਂਦਾ ਹੈ ਅਤੇ ਵਾਰੀ ਮੁੱਕਣ 'ਤੇ ਦੂਜੇ ਭਰਾ ਜਾਂ ਭੈਣ ਕੋਲ ਧੱਕ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਬਜ਼ੁਰਗਾਂ ਦੀ ਤਰਸਯੋਗ ਹੋ ਰਹੀ ਹਾਲਤ ਦਾ ਦੂਜਾ ਇਕ ਹੋਰ ਵੱਡਾ ਕਾਰਨ ਜੋ ਸਾਹਮਣੇ ਆ ਰਿਹਾ ਹੈ, ਉਹ ਹੈ ਅਜੋਕੀ ਪੀੜੀ ਦੀ ਸ਼ਹਿਰੀ ਸਕੂਲਾਂ ਵਿੱਚ ਬੱਚੇ ਪੜਾਉਣ ਦੀ ਵੇਖੋ ਵੇਖੀ ਹੋੜ।

ਅਨੇਕਾਂ ਪਰਿਵਾਰ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਜਾ ਰਹੇ ਹਨ ਪਰ ਪਿੰਡ ਦੇ ਘਰ 'ਚ ਬਚਪਨ ਅਤੇ ਜਵਾਨੀ ਗੁਜ਼ਾਰ ਚੁੱਕੇ ਬਜ਼ੁਰਗਾਂ ਦਾ ਸ਼ਾਂਤ ਅਤੇ ਸਾਫ਼ ਸੁਥਰਾ ਮਾਹੌਲ ਛੱਡ ਕੇ ਰੌਲੇ-ਰੱਪੇ ਅਤੇ ਪ੍ਰਦੂਸ਼ਣ ਭਰੇ ਸ਼ਹਿਰੀ ਵਾਤਾਵਰਨ 'ਚ ਰਹਿਣ ਨੂੰ ਜੀਅ ਨਹੀਂ ਕਰਦਾ, ਪਰ ਉਨਾਂ ਦੀ ਔਲਾਦ ਆਪਣੇ ਫ਼ੈਸਲੇ 'ਤੇ ਬਜ਼ਿਦ ਹੁੰਦੀ ਹੈ ਅਤੇ ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਬਜ਼ੁਰਗ ਆਪਣੇ ਪੋਤਰੇ-ਪੋਤਰੀਆਂ ਦੀਆਂ ਤੋਤਲੀਆਂ ਗੱਲਾਂ ਸੁਣਨ ਤੋਂ ਵਾਂਝੇ ਹੋ ਜਾਂਦੇ ਹਨ। ਇਸ ਤੋਂ ਇਲਾਵਾ ਨਵੀਂ ਪੀੜੀ ਦਾ ਨਿੱਜੀ ਜ਼ਿੰਦਗੀ ਵਿੱਚ ਕਿਸੇ ਦਾ ਦਖ਼ਲ ਬਰਦਾਸ਼ਤ ਨਾ ਕਰਨਾ ਵੀ ਹਰ ਨਵੇਂ ਦਿਨ ਬਿਰਧ ਆਸ਼ਰਮਾਂ ਦੇ ਵਿਹੜਿਆਂ ਨੂੰ ਤੰਗ ਕਰੀ ਜਾ ਰਿਹਾ ਹੈ। ਬਿਰਧ ਆਸ਼ਰਮਾਂ ਵਿੱਚ ਲੋੜੀਂਦੀਆਂ ਸਹੂਲਤਾਂ ਤਾਂ ਹੋ ਸਕਦੀਆਂ ਹਨ ਪਰ ਕੀ ਇਹ ਘਰ ਦਾ ਬਦਲ ਹੋ ਸਕਦੇ ਹਨ ? ਪਹਿਲਾਂ ਕੇਵਲ ਸ਼ਹਿਰਾਂ ਵਿੱਚ ਰਹਿਣ ਵਾਲੀ ਨਿਰਮੋਹੀ ਔਲਾਦ ਹੀ ਬਿਰਧ ਆਸ਼ਰਮਾਂ ਦਾ ਪਤਾ ਯਾਦ ਰੱਖਦੀ ਸੀ। ਪਰ ਹੁਣ ਇਹ ਲਾਹਨਤ ਪਿੰਡਾਂ ਵਿੱਚ ਵੀ ਆ ਗਈ ਹੈ।

ਪਿੰਡਾਂ ਵਾਲੇ ਜੋ ਆਪਣੇ ਆਪ ਨੂੰ ਸਭਿਆਚਾਰ ਦੇ ਅਲੰਬਰਦਾਰ ਗਿਣਦੇ ਹਨ, ਉਨਾਂ 'ਚੋ ਵੀ ਕਈ ਹੁਣ ਬੁੱਢੇ ਮਾਪਿਆਂ ਨੂੰ ਗੁੱਠੇ ਲਾਉਣ ਜਾਂ ਘਰੋਂ ਧੱਕ ਦੇਣ ਵਿੱਚ ਜ਼ਰਾ ਵੀ ਨਹੀਂ ਹਿਚਕਚਾਉਂਦੇ। ਇਨਾਂ ਕੁਝ ਹੋਣ ਦੇ ਬਾਵਜੂਦ ਵੀ ਔਲਾਦ ਦੀ ਸੁੱਖ ਲਈ ਹਰ ਸਮੇਂ ਦੁਆਵਾਂ ਮੰਗਦੇ ਬਜ਼ੁਰਗ ਮਾਪੇ ਆਪਣੇ ਅੰਤਲੇ ਦਿਨਾਂ ਨੂੰ ਪਰਿਵਾਰ ਵਿੱਚ ਹੱਸਦਿਆਂ ਖੇਡਦਿਆਂ ਗੁਜ਼ਾਰਨ ਦੀ ਆਸ ਆਪਣੇ ਦਿਲ ਵਿੱਚ ਵਸਾਈ ਜ਼ਿੰਦਗੀ ਦੇ ਇਹ ਕੀਮਤੀ ਅਤੇ ਯਾਦਗਾਰੀ ਪਲ ਅਜਾਈਂ ਨਹੀਂ ਬਿਤਾਉਣਾ ਚਾਹੁੰਦੇ। ਬਜ਼ੁਰਗ ਹੋਏ ਮਾਪੇ ਆਪਣੀ ਔਲਾਦ ਕੋਲੋਂ ਕੋਈ ਬਹੁਤ ਵੱਡੀਆਂ ਖੁਆਇਆਂ ਨਹੀਂ ਰੱਖਦੇ, ਉਹ ਸਿਰਫ਼ ਇਨਾਂ ਹੀ ਚਾਹੁੰਦੇ ਹਨ ਕਿ ਉਨਾਂ ਦੇ ਬੱਚੇ ਰੋਜ਼ਾਨਾ ਕੁਝ ਸਮਾਂ ਉਨਾਂ ਨਾਲ ਬੈਠ ਕੇ ਗੱਲਾਂ ਬਾਤਾਂ ਕਰਨ ਕਿਉਂਕਿ ਇੰਨੇ ਨਾਲ ਹੀ ਉਨਾਂ ਦਾ ਇਕਲਾਪਾ ਦੂਰ ਹੋ ਜਾਂਦਾ ਹੈ ਅਤੇ ਉਹ ਜ਼ਿੰਦਗੀ ਨਾਲ ਜੁੜਿਆ ਮਹਿਸੂਸ ਕਰਦੇ ਹਨ।

ਅੱਜ ਦੇ ਸਮੇਂ ਵਿੱਚ ਹਰੇਕ ਵਿਅਕਤੀ ਸਿਰਫ਼ ਪੈਸੇ ਦੀ ਹੀ ਦੌੜ 'ਚ ਸ਼ਾਮਲ ਹੈ ਅਤੇ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਸਾਰੀਆਂ ਸੁੱਖ ਸਹੂਲਤਾਂ ਮੁਹੱਈਆ ਕਰਾਉਣ ਲਈ ਰਾਤੋਂ-ਰਾਤ ਅਮੀਰ ਹੋਣ ਦੇ ਚੱਕਰ ਦੀ ਅੰਨੀ ਦੌੜ ਵਿੱਚ ਲੱਗੇ ਹਨ। ਅਜਿਹੇ ਵਰਤਾਰੇ ਦਾ ਇਹ ਸਿੱਟਾ ਨਿਕਲ ਰਿਹਾ ਹੈ ਕਿ ਮਾਪਿਆਂ ਕੋਲ ਆਪਣੇ ਬੱਚਿਆਂ ਲਈ ਕੋਈ ਸਮਾਂ ਨਹੀਂ ਹੈ, ਜਿਸ ਕਾਰਨ ਨੌਜਵਾਨ ਦਿਸ਼ਾਹੀਣ ਹੋ ਕੇ ਨਸ਼ਿਆਂ ਤੋਂ ਇਲਾਵਾ ਹੋਰ ਕਈ ਗੈਰ ਸਮਾਜਿਕ ਗਤੀਵਿਧੀਆਂ ਦੀ ਗ੍ਰਿਫ਼ਤ ਵਿਚ ਆ ਰਹੇ ਹਨ। ਇਹ ਰੁਝਾਨ ਨਾ ਸਿਰਫ਼ ਨੌਜਵਾਨ ਪੀੜੀ ਲਈ ਘਾਤਕ ਸਿੱਧ ਹੋ ਰਿਹਾ ਹੈ ਸਗੋਂ ਉਨਾਂ ਨੂੰ ਬਜ਼ੁਰਗਾਂ ਤੋਂ ਵੀ ਦੂਰ ਕਰ ਰਿਹਾ ਹੈ।

ਮਾਂ ਬਾਪ ਆਪਣੇ ਬੱਚਿਆਂ ਪ੍ਰਤੀ ਹਮੇਸ਼ਾ ਉਸਾਰੂ ਸੋਚ ਰੱਖਦੇ ਹਨ ਅਤੇ ਆਪਣੇ ਅਧੂਰੇ ਸੁਪਨੇ ਉਨਾਂ ਰਾਹੀ ਪੂਰੇ ਕਰਨਾ ਲੋਚਦੇ ਹਨ। ਇਸ ਲਈ ਜਿੱਥੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬਦਲਦੇ ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਨ ਉੱਥੇ ਹੀ ਬੱਚਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਮਾਪਿਆਂ ਨੂੰ ਆਪਣਾ ਅਨਮੋਲ ਸਰਮਾਇਆ ਸਮਝਦੇ ਹੋਏ ਉਨਾਂ ਦਾ ਪੂਰਾ ਮਾਣ ਸਤਿਕਾਰ ਕਰਨ।

**ਸਾਬਕਾ ਪ੍ਰਿੰਸੀਪਲ**

**ਸਾਬਕਾ ਪੀਈਐਸ-1, ਮਲੋਟ**



# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 15**

**- ਕਰਮ ਸਿੰਘ ਜ਼ਖ਼ਮੀ**

'ਪੰਜਾਂ ਪਿਆਰਿਆਂ ਨੇ ਸਖ਼ਤੀ ਨਾਲ ਗੁਰੂ ਪੰਥ ਵੱਲੋਂ ਕਿਲੇ ਵਿਚੋਂ ਨਿਕਲ ਜਾਣ ਲਈ ਬਾਬਾ ਜੀ ਨੂੰ ਹੁਕਮ ਦਿੱਤਾ ਤੇ ਉਨਾਂ ਨੂੰ ਕੁਝ ਜਕੋ ਤੱਕਿਆਂ ਪਿੱਛੋਂ ਇਹ ਹੁਕਮ ਮੰਨਣਾ ਪਿਆ। ਉਹ ਇਸ ਸਮੇਂ ਅਸਾਡੀ ਰਿਆਸਤ ਦੀਆਂ ਪਹਾੜੀਆਂ ਵਿਚ ਪੁੱਜ ਚੁੱਕੇ ਹਨ।' ਪੰਡਤ ਰਾਮ ਦਿਆਲ ਦੱਸਦਾ ਚੱਲਿਆ ਗਿਆ।

'ਇਹ ਮੇਰੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ, ਏਥੇ ਤਾਂ ਉਹ ਜ਼ਰੂਰ ਆਉਣਗੇ, ਜੀਵਨ ਸਫਲਾ ਹੋ ਜਾਵੇਗਾ ਉਨਾਂ ਦੇ ਦਰਸ਼ਨ ਕਰਕੇ।' ਤਾਰਾ ਚੰਦ ਨੇ ਕਿਹਾ। 'ਨਹੀਂ ਉਹ ਨਾਹਨ ਸ਼ਹਿਰ ਵਿਚ ਨਹੀਂ ਆਉਣਗੇ।' ਵਜ਼ੀਰ ਨੇ ਦੱਸਿਆ।

'ਕਿਉਂ ?'

'ਨਾਹਨ ਤੇ ਦਿੱਲੀ ਦਰਬਾਰ ਪਹਿਲਾਂ ਹੀ ਬੜਾ ਔਖਾ ਹੈ, ਉਹਨੂੰ ਯਕੀਨ ਹੈ ਕਿ ਸਾਡੇ ਰਾਜਾ ਸਾਹਿਬ ਸਿੱਖਾਂ ਦੇ ਸਹਾਇਕ ਹਨ। ਇਸ ਲਈ ਨਾਹਨ ਆ ਕੇ ਉਹ ਮੁਗ਼ਲ ਬਾਦਸ਼ਾਹ ਨੂੰ ਸਖ਼ਤੀ ਕਰਨ ਦਾ ਬਹਾਨਾ ਨਹੀਂ ਦੇਣਾ ਚਾਹੁੰਦੇ। ਉਨਾਂ ਦਾ ਡੇਰਾ ਰਿਆਸਤ ਦੇ ਪਹਾੜੀ ਜੰਗਲ ਵਿਚ ਭੀ ਇਕ ਦੋ ਦਿਨਾਂ ਲਈ ਹੀ ਹੈ। ਫੇਰ ਉਹ ਦੂਜੀਆਂ ਰਿਆਸਤਾਂ ਵਲ ਨਿਕਲ ਜਾਣਗੇ ਤੇ ਦੇਸ ਪੰਜਾਬੀ ਦੀ ਆਜ਼ਾਦੀ ਦੇ ਯੁੱਧ ਨੂੰ ਹੋਰ ਤਿੱਖਾ ਕਰਨ ਲਈ ਤਿਆਰੀ ਕਰਨਗੇ। ਵਜ਼ੀਰ ਦੱਸਦਾ ਚੱਲਿਆ ਗਿਆ।

'ਪਰ ਹੋਰ ਰਿਆਸਤਾਂ ਦੇ ਰਾਜੇ ਉਨਾਂ ਨੂੰ ਆਪਣੇ ਇਲਾਕਿਆਂ ਵਿਚ ਵੜਨ ਦੇਣਗੇ ?' ਤਾਰਾ ਚੰਦ ਨੇ ਪੁੱਛਿਆ।

ਪੰਡਤ ਰਾਮ ਦਿਆਲ ਉਨਾਂ ਦੀ ਇਹ ਗਲ ਸੁਣਕੇ ਹੱਸ ਪਿਆ ਉਸ ਨੇ ਕਿਹਾ-'ਅੱਜ ਭੀ ਗੁਰੂ ਦਾ ਉਹ ਸ਼ੇਰ ਇਤਨਾ ਬਲਵਾਨ ਹੈ ਕਿ ਇਹ ਸਾਰੀਆਂ ਰਿਆਸਤਾਂ ਮਿਲ ਕੇ ਭੀ ਉਸਦਾ ਟਾਕਰਾ ਨਹੀਂ ਕਰ ਸਕਦੀਆਂ ਅੱਜ ਭੀ ਉਸਦਾ ਸ਼ਾਹੀ ਠਾਠ ਹੈ ਕੋਈ ਭੀ ਉਸਦੇ ਰੋਹਬ ਦਾਬ ਦੀ ਝਾਲ ਝੱਲ ਨਹੀਂ ਸਕਦਾ। ਉਸਦੀ ਫੌਜੀ ਤਾਕਤ ਵਿਚ ਫੇਰ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।'

'ਫੇਰ ਉਨਾਂ ਦੇ ਦਰਸ਼ਨ ਕਿਸ ਤਰਾਂ ਨਸੀਬ ਹੋਣਗੇ, ਮੈਂ ਤਾਂ ਇਹਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ।' ਤਾਰਾ ਚੰਦ ਨੇ ਕਿਹਾ ਉਸ ਦੇ ਲਹਿਜ਼ੇ ਵਿਚ ਨਿਰਾਸਤਾ ਜਿਹੀ ਉੱਛਲ ਰਹੀ ਸੀ।

'ਰਾਜਾ ਸਾਹਿਬ ਚਾਹੁਣ ਤਾਂ ਉਹ ਦਰਸ਼ਨ ਕਰਵਾ ਸਕਦੇ ਹਨ, ਮੈਂ ਭੀ ਉਨਾਂ ਨੂੰ ਇਹ ਬੇਨਤੀ ਕਰ ਦਿਆਂਗਾ। ਮੈਂ ਰਾਜ ਦਰਬਾਰ ਵਿਚ ਕੁਝ ਜ਼ਰੂਰੀ ਕੰਮ ਨਜਿੱਠਣੇ ਹਨ। ਤੁਹਾਨੂੰ ਅਮਰ ਨਾਥ ਮਹੱਲ ਪੁਚਾ ਦੇਣਗੇ।' ਵਜ਼ੀਰ ਨੇ ਕਿਹਾ ਤੇ ਉੱਠ ਕੇ ਚੱਲਿਆ ਗਿਆ। ਹਾਲਾਂ ਪਹਿਰ ਦਿਨ ਨਹੀਂ ਸੀ ਗਿਆ ਕਿ ਇਸ ਛੋਟੇ ਜਿਹੇ ਪਰਵਾਰ ਨੂੰ ਰਾਜ ਮਹੱਲ ਪੁਚਾ ਦਿੱਤਾ ਗਿਆ। ਰਾਜਾ ਹਾਲਾਂ ਪੁੱਜਿਆ ਨਹੀਂ ਸੀ, ਪਰੰਤੂ ਰਾਣੀ ਰਾਸ ਵੰਸ਼ ਦੇਵੀ ਤਾਂ ਤਾਰਾ ਚੰਦ ਦੇ ਕੀਤੇ ਉਪਕਾਰ ਤੋਂ ਪੂਰੀ ਤਰਾਂ ਜਾਣੂ ਸੀ। ਉਸਨੇ ਤਾਰਾ ਚੰਦ, ਤਾਰਾ ਤੇ ਕਰਤਾਰ ਸਿੰਘ ਦਾ ਬੜਾ ਆਦਰ ਮਾਣ ਕੀਤਾ। ਰਾਜਕੁਮਾਰੀ ਰਾਜਵੰਤ ਤਾਰਾ ਦੇ ਹਾਣ ਦੀ ਸੀ। ਉਹ ਉਸ ਦੇ ਪੁੱਜਣ ਸਾਰ ਹੀ ਉਸ ਦੀ ਸਹੇਲੀ ਬਣ ਗਈ।

ਰਾਜਾ ਭੂਪ ਪ੍ਰਕਾਸ਼ ਆ ਗਏ। ਉਹ ਬਾਬਾ ਬੰਦਾ ਸਿੰਘ ਬਹਾਦਰ ਦਾ ਆਪਣੀ ਰਿਆਸਤ ਦੀਆਂ ਸਰਹੱਦੀ ਪਹਾੜੀਆਂ ਵਿਚ ਡੇਰਾ ਲਗਵਾ ਕੇ ਆਏ ਸਨ। ਉਹ ਤਾਰਾ ਚੰਦ ਨੂੰ ਘੁੱਟ ਕੇ ਜੱਫੀ ਪਾਕੇ ਮਿਲੇ ਤੇ ਉਸ ਦੇ ਆਉਣ ਤੇ ਬੇਹੱਦ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਉਨਾਂ ਕਿਹਾ-'ਤੁਸੀਂ ਜਿਹੜਾ ਉਪਕਾਰ ਨਾਹਨ ਦੇ ਰਾਜ ਘਰਾਣੇ ਤੇ ਕੀਤਾ ਹੈ ਉਸਦਾ ਬਦਲਾ ਤਾਂ ਅਸਾਡੀਆਂ ਸਤ ਪੁਸ਼ਤਾਂ ਭੀ ਨਹੀਂ ਚੁਕਾ ਸਕਦੇ। ਸੇਵਾ ਦਾ ਕੁਝ ਥੋੜਾ ਜਿਹਾ ਸੁਭਾਗ ਤਾਂ ਮਿਲਿਆ ਹੈ।'

'ਮਹਾਰਾਜ ਅਸੀਂ ਦੇਸ਼ ਨੂੰ ਇਹਨਾਂ ਮਲੇਛਾਂ ਤੋਂ ਸਾਫ਼ ਹੋਇਆ ਦੇਖਣਾ ਚਾਹੁੰਦੇ ਹਾਂ। ਇਸ ਲਈ ਜਿਸ ਕਿਸੇ




ਦੀ ਭੀ ਦੇਸ਼ ਦੀ ਆਜ਼ਾਦੀ ਦੀ ਇਸ ਲਹਿਰ ਨਾਲ, ਜਿਸ ਦੀ ਅਗਵਾਈ ਸਿੱਖ ਕਰ ਰਹੇ ਹਨ, ਹਮਦਰਦੀ ਹੈ, ਉਸ ਦੀ ਹਰ ਪ੍ਰਕਾਰ ਦੀ ਸਹਾਇਤਾ ਤੇ ਸੇਵਾ ਕਰਨੀ ਮੈਂ ਆਪਣਾ ਧਰਮ ਸਮਝਦਾ ਹਾਂ।' ਤਾਰਾ ਚੰਦ ਆਪਣੇ ਵਿਚਾਰ ਦਸ ਰਿਹਾ ਸੀ।

'ਸ੍ਰੀਮਾਨ ਜੀ, ਹਿੰਦੂ ਤੇ ਸਿੱਖ ਦੋ ਨਹੀਂ ਹਨ। ਕਲਗੀਆਂ ਵਾਲੇ ਨੇ ਸਿੱਖ ਰੂਪ ਵਿਚ ਹਿੰਦੂਆਂ ਦੀ ਇਕ ਫੌਜ ਖੜੀ ਕੀਤੀ ਹੈ ਜੋ ਧਰਮ ਦੀ ਰੱਖਿਆ ਤੇ ਦੇਸ਼ ਦੀ ਆਜ਼ਾਦੀ ਲਈ ਲੜ ਰਹੀ ਹੈ। ਮੈਂ ਤਾਂ ਬਾਬਾ ਜੀ ਨੂੰ ਕਹਿ ਆਇਆ ਹਾਂ ਕਿ ਨਾਹਨ ਦੇ ਸਾਰੇ ਵਸੀਲੇ ਤੁਹਾਡੇ ਹਵਾਲੇ ਹਨ। ਇਹਨਾਂ ਨੂੰ ਜਿੱਥੇ ਤੇ ਜਿਸ ਤਰਾਂ ਭੀ ਚਾਹੋ ਵਰਤ ਲਓ।' ਰਾਜਾ ਭੂਪ ਪ੍ਰਕਾਸ਼ ਨੇ ਦੱਸਿਆ।

'ਮੈਨੂੰ ਬਾਬਾ ਜੀ ਦੇ ਦਰਸ਼ਨਾਂ ਦਾ ਸੁਭਾਗ ਮਿਲ ਸਕਦਾ ਹੈ।' ਤਾਰਾ ਚੰਦ ਨੇ ਪੁੱਛਿਆ।

'ਕਿਉਂ ਨਹੀਂ, ਉਨਾਂ ਨੇ ਕਰਤਾਰ ਸਿੰਘ ਤੇ ਤਾਰਾ ਧੀ ਨੂੰ ਸੱਦਿਆ ਹੈ ਤੁਸੀਂ ਭੀ ਨਾਲ ਚਲੋ, ਮੈਂ ਤੁਹਾਥੋਂ ਪਹਿਲਾਂ ਹੀ ਉੱਥੇ ਪੁੱਜ ਜਾਵਾਂਗਾ।' ਰਾਜਾ ਭੂਪ ਪ੍ਰਕਾਸ਼ ਦਾ ਉੱਤਰ ਉਤਸ਼ਾਹ ਵਧਾਉਣ ਵਾਲਾ ਸੀ।

ਦੁਪਹਿਰ ਦੀ ਰੋਟੀ ਖਾ ਕੇ ਇਹ ਪਾਰਟੀ ਘੋੜਿਆਂ ਤੇ ਸਵਾਰ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਦਰਸ਼ਨਾਂ ਲਈ ਤੁਰ ਪਈ। ਤਾਰਾ ਚੰਦ, ਕਰਤਾਰ ਸਿੰਘ ਤੇ ਤਾਰਾ ਤੋਂ ਬਿਨਾਂ ਰਾਜ-ਕੁਮਾਰੀ ਰਾਜਵੰਤ ਭੀ ਨਾਲ ਸੀ। ਕੋਈ ਪੰਦਰਾਂ ਮੀਲਾਂ ਤੇ ਸੰਘਣੇ ਪਹਾੜੀ ਜੰਗਲ ਵਿਚ ਉਨਾਂ ਦਾ ਡੇਰਾ ਸੀ। ਡੇਰੇ ਦੇ ਬਾਹਰ ਸਿੰਘ ਸੂਰਮੇ ਹੱਥ ਵਿਚ ਨੰਗੀਆਂ ਤਲਵਾਰਾਂ ਲਈ ਪਹਿਰਾ ਦੇ ਰਹੇ ਸਨ। ਡੇਰਾ ਕੀ ਸੀ, ਇਕ ਤਕੜੀ ਫੌਜੀ ਛਾਉਣੀ ਸੀ। ਤੰਬੂਆਂ ਦੀਆਂ ਵੱਡੀਆਂ ਕਤਾਰਾਂ ਦੇ ਵਿਚਕਾਰ ਬਾਬਾ ਬੰਦਾ ਸਿੰਘ ਬਹਾਦਰ ਦਾ ਵੱਡਾ ਸ਼ਾਹੀ ਤੰਬੂ ਸੀ। ਇਸ ਪਾਰਟੀ ਨੂੰ ਉਸ ਤੰਬੂ ਵਿਚ ਪੁਚਾਇਆ ਗਿਆ ਤਾਂ ਉਨਾਂ ਸਾਰਿਆਂ ਨੂੰ ਇਹ ਵੇਖਦੇ ਖ਼ੁਸ਼ੀ ਭਰੀ ਹੈਰਾਨੀ ਹੋਈ ਕਿ ਰਾਜਾ ਭੂਪ ਪ੍ਰਕਾਸ਼, ਬਾਬਾ ਜੀ ਦੇ ਪਾਸ ਬੈਠੇ ਉਨਾਂ ਨਾਲ ਗੱਲਾਂ ਕਰਨ ਵਿਚ ਰੁੱਝੇ ਹੋਏ ਸਨ।

ਰਾਜਾ ਭੂਪ ਪ੍ਰਕਾਸ਼ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਤਾਰਾ ਚੰਦ ਸਬੰਧੀ ਸਭ ਕੁਝ ਦਸ ਦਿੱਤਾ ਸੀ। ਬਾਬਾ ਜੀ ਆਪ ਭੀ ਇਸ ਸਬੰਧ ਵਿਚ ਕੁਝ ਘਟ ਨਹੀਂ ਸਨ ਜਾਣਦੇ। ਆਪਣੇ ਆਪ ਨੂੰ ਖ਼ਤਰੇ ਵਿਚ ਪਾਕੇ ਸਰਕਾਰੀ ਭੇਦ ਸਿੰਘਾਂ ਨੂੰ ਪੁਚਾਉਣ ਦੀ ਜੋ ਨਿਸ਼ਕਾਮ ਸੇਵਾ ਸਿੱਖ ਪੰਥ ਦੀ ਉਨਾਂ ਕੀਤੀ ਸੀ ਉਹ ਉਸ ਤੋਂ ਪੂਰੀ ਤਰਾਂ ਜਾਣੂ ਸਨ। ਰਾਜਾ ਭੂਪ ਪ੍ਰਕਾਸ਼ ਵੱਲੋਂ ਜੋ ਦੋ ਨਵੀਆਂ ਗੱਲਾਂ ਬਾਬਾ ਜੀ ਨੂੰ ਦਸੀਆਂ ਗਈਆਂ ਉਹ ਉਨਾਂ ਨਾਲ ਬੜੇ ਹੀ ਪ੍ਰਭਾਵਿਤ ਹੋਏ। ਇਕ ਸੀ ਇਹ ਕਿ ਤਾਰਾ ਚੰਦ ਨੇ ਉਸ ਸਮੇਂ ਰਾਜਾ ਭੂਪ ਪ੍ਰਕਾਸ਼ ਨੂੰ ਸਿੱਖਾਂ ਦੀ ਹਮਾਇਤ ਕਾਰਨ ਗ੍ਰਿਫ਼ਤਾਰ ਹੋਣ ਤੋਂ ਬਚਾਇਆ ਜਦ ਕਿ ਔਰੰਗਜ਼ੇਬ ਵੱਲੋਂ ਉਸਦੀ ਗ੍ਰਿਫ਼ਤਾਰੀ ਲਈ ਫ਼ਰਮਾਨ ਜਾਰੀ ਹੋ ਚੁੱਕਿਆ ਸੀ ਅਤੇ ਦੂਜੀ ਇਹ ਸੀ ਕਿ ਤਾਰਾ ਚੰਦ ਨੂੰ ਪੰਥਕ ਸੇਵਾ ਦੇ ਸਿਲਸਿਲੇ ਵਿਚ ਦਿੱਲੀ ਦਰਬਾਰ ਦੀ ਵੱਡੀ ਨੌਕਰੀ ਛੱਡਣੀ ਪਈ ਤੇ ਘਰ ਘਾਟ ਤਿਆਗ ਕੇ ਭੱਜਣਾ ਪਿਆ। ਬਾਬਾ ਜੀ ਕਰਤਾਰ ਸਿੰਘ ਤੇ ਤਾਰਾ ਵੱਲੋਂ ਕੀਤੇ ਜਾ ਰਹੇ ਕੰਮ ਤੇ ਭੀ ਬਹੁਤ ਖ਼ੁਸ਼ ਸਨ ਅਤੇ ਉਹ ਉਨਾਂ ਦੀ ਬੜੀ ਕਦਰ ਕਰਦੇ ਸਨ। ਅੱਜ ਉਨਾਂ ਨੂੰ ਇਸ ਗੱਲ ਦਾ ਪਹਿਲੀ ਵਾਰ ਪਤਾ ਲਗਾ ਕਿ ਤਾਰਾ ਇਸ ਤਾਰਾ ਚੰਦ ਦੀ ਹੀ ਪੁੱਤਰੀ ਹੈ ਅਤੇ ਕਰਤਾਰ ਸਿੰਘ ਨੂੰ ਉਹ ਆਪਣਾ ਜਵਾਈ ਬਣਾਉਣ ਦਾ ਭੀ ਫ਼ੈਸਲਾ ਕਰ ਚੁੱਕੇ ਹਨ।

ਇਹਨਾਂ ਗੱਲਾਂ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਤਾਰਾ ਚੰਦ ਦੇ ਤੰਬੂ ਵਿਚ ਪੁੱਜਣ 'ਤੇ ਉਸਦਾ ਉੱਠ ਕੇ ਸਵਾਗਤ ਕੀਤਾ ਤੇ ਉਸਨੂੰ ਗਲਵਕੜੀ ਵਿਚ ਲੈ ਕੇ ਆਪਣੇ ਪਾਸ ਬਿਠਾਇਆ।

'ਤੁਹਾਡੀ ਕੀ ਸੇਵਾ ਕਰੀਏ ? ਕੀ ਖਾਓਗੇ ?' ਬੜੇ ਹੀ ਮਿੱਠੇ ਲਹਿਜ਼ੇ ਵਿਚ ਬਾਬਾ ਜੀ ਨੇ ਪੁੱਛਿਆ।

'ਸਭ ਕੁਝ ਖਾ ਪੀ ਕੇ ਆਏ ਹਾਂ, ਤੁਹਾਡੇ ਦਰਸ਼ਨਾਂ ਦੀ ਤਾਂਘ ਸੀ, ਰਾਜਾ ਜੀ ਦੀ ਕਿਰਪਾ ਨਾਲ ਦਰਸ਼ਨ ਹੋ ਗਏ ਜੀਵਨ ਸਫਲ ਹੋ ਗਿਆ !' ਤਾਰਾ ਚੰਦ ਨੇ ਦੋਵੇਂ ਹੱਥ ਜੋੜਦੇ ਹੋਏ ਕਿਹਾ, ਇਸ ਸਮੇਂ ਉਹ ਨਿਮਰਤਾ ਦੀ ਮੂਰਤੀ ਬਣਿਆ ਹੋਇਆ ਸੀ।

'ਤੁਹਾਡੇ ਦਰਸ਼ਨ ਕਰਕੇ ਤਾਂ ਅਸਾਡਾ ਜੀਵਨ ਸਫਲ ਹੋ ਗਿਆ ਹੈ, ਤੁਹਾਡੇ ਵਾਂਗ ਨਿਸ਼ਕਾਮ ਸੇਵਾ ਕੌਣ ਕਰਦਾ ਹੈ ? ਕਿਸੇ ਲਈ ਕੌਣ ਆਪਣੇ ਜਾਨ ਮਾਲ ਨੂੰ ਖ਼ਤਰੇ ਵਿਚ ਪਾਉਂਦਾ ਹੈ।' ਬਾਬਾ ਜੀ ਦਾ ਲਹਿਜ਼ਾ ਉਸ ਨਾਲੋਂ ਵੀ ਵਧੇਰੇ ਨਿਮਰਤਾ ਪੂਰਵਕ ਸੀ।

'ਇਸ ਜੰਗ ਵਿਚ ਅਸੀਂ ਕੀ ਖੱਟਿਆ ਤੇ ਕੀ ਗਵਾਇਆ ਹੈ ? ਮੈਂ ਸੁਣਿਆ ਹੈ ਕਿ ਅਸਾਡਾ ਨੁਕਸਾਨ ਵਧੇਰੇ ਹੋਇਆ ਹੈ।' ਤਾਰਾ ਚੰਦ ਨੇ ਕਿਹਾ।

'ਇਹ ਕੋਈ ਲੁਕਾਉਣ ਵਾਲੀ ਗਲ ਹੈ ! ਟਾਕਰਾ ਸਾਰੇ ਦੇਸ਼ ਦੀ ਸਰਕਾਰ ਨਾਲ ਹੈ ਲੱਖਾਂ ਦੀ ਗਿਣਤੀ ਵਿਚ ਫ਼ੌਜ ਅੜੇ ਤੇ ਟੁੱਟ ਕੇ ਪੈ ਗਈ। ਫੇਰ ਵੀ ਜੇਕਰ ਅਸਾਡੇ ਤਿੰਨ ਹਜ਼ਾਰ ਸਿੰਘ ਸ਼ਹੀਦ ਹੋਏ ਹਨ ਤਾਂ ਮੁਗ਼ਲ ਫ਼ੌਜ ਦੇ ਪੰਦਰਾਂ ਹਜ਼ਾਰ ਤੋਂ ਘਟ ਨਹੀਂ ਮਰੇ, ਕਿਉਂਕਿ ਅਸੀਂ ਥੜੇ ਹਾਂ, ਇਸ ਲਈ ਸਾਨੂੰ ਆਪਣਾ ਨੁਕਸਾਨ ਵਧੇਰੇ ਲਗਦਾ ਹੈ, ਪ੍ਰੰਤੂ ਅਸੀਂ ਦਿਲ ਨਹੀਂ ਛੱਡਿਆ, ਅਸੀਂ ਫੇਰ ਲੜਾਂਗੇ ਤੇ ਗਿਣ ਗਿਣ ਕੇ ਬਦਲੇ ਲੈ ਲਵਾਂਗੇ।' ਬਾਬਾ ਬੰਦਾ ਸਿੰਘ ਬਹਾਦਰ ਦੇ ਬੋਲ ਦੀਆਂ ਕਲਾਂ ਵਾਲੇ ਸਨ।

'ਧੰਨ ਹੋ ਮਹਾਰਾਜ-ਧੰਨ ਹੋ। ਤਾਰਾ ਚੰਦ ਨੇ ਕਿਹਾ, ਜਿਸ ਕੌਮ ਦਾ ਜਰਨੈਲ ਤੁਹਾਡੇ ਜਿਹਾ ਸੂਰਬੀਰ ਹੈ, ਉਸਦੀ ਕੋਈ ਵੀ ਹਾਰ ਸਦੀਵੀ ਨਹੀਂ ਬਣ ਸਕਦੀ। ਉਹ ਬਹੁਤ ਛੇਤੀ ਆਪਣੀ ਹਾਰ ਨੂੰ ਜਿੱਤ ਵਿਚ ਬਦਲ ਲੈਂਦੀ ਹੈ। ਮੈਨੂੰ ਨਿਸ਼ਚਾ ਹੈ ਕਿ ਇਹ ਹਾਰ ਵੀ ਆਰਜ਼ੀ ਹੈ ਤੇ ਛੇਤੀ ਹੀ ਮੁੜ ਜਿੱਤਾਂ ਦਾ ਦੌਰ ਸ਼ੁਰੂ ਹੋਣ ਵਾਲਾ ਹੈ।' ਤਾਰਾ ਚੰਦ ਨੇ ਕਿਹਾ।

'ਕਲਗ਼ੀਆਂ ਵਾਲੇ ਦੀਆਂ ਮੇਹਰਾਂ ਦਾ ਸਦਕਾ ਅਵੱਸ਼ ਅਜੇਹਾ ਹੀ ਹੋਵੇਗਾ।' ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਤੇ ਇਸਦੇ ਨਾਲ ਹੀ ਉਨਾਂ ਦੇ ਮੂੰਹੋਂ ਨਿਕਲਿਆ ? ਧੰਨ ਕਲਗ਼ੀਆਂ ਵਾਲੇ ਸਤਿਗੁਰ, ਧੰਨ ਬਾਜ਼ਾਂ ਵਾਲੇ ਦਸਮੇਸ਼ ਪਿਤਾ।

'ਮਹਾਰਾਜ ਮੈਂ ਕੁਝ ਜੋਤਿਸ਼ ਵਿੱਦਿਆ ਪੜੀ ਹੈ ਪਿਛਲੇ ਕੁਝ ਦਿਨਾਂ ਤੋਂ ਇਸ ਵਿੱਦਿਆ ਦੇ ਹਿਸਾਬ ਦਾ ਜੋੜ ਤੋੜ ਕਰਕੇ ਇਹ ਜਾਣਨ ਦਾ ਯਤਨ ਕਰ ਰਿਹਾ ਹਾਂ ਕਿ ਨੇੜੇ ਭਵਿੱਖਤ ਵਿਚ ਕੀ ਹੋਣ ਵਾਲਾ ਹੈ।' ਤਾਰਾ ਚੰਦ ਨੇ ਦੱਸਿਆ।

'ਫੇਰ ਕੀ ਕਹਿੰਦਾ ਹੈ ਤੁਹਾਡਾ ਇਹ ਜੋਤਿਸ਼ ?' ਬਾਬਾ ਜੀ ਨੇ ਮੁਸਕਰਾਉਂਦੇ ਹੋਏ ਪੁੱਛਿਆ।

'ਮੈਂ ਬਹਾਦਰ ਸ਼ਾਹ ਦਾ ਹੱਥ ਭੀ ਵੇਖਿਆ ਹੈ, ਉਸਦਾ ਰਾਸ਼ੀ ਫਲ ਵੀ ਪੜਤਾਲਿਆ ਹੈ ਅਤੇ ਉਸਦੇ ਸਤਾਰੇ ਗਰਦਸ਼ ਵਿਚ ਹਨ।' ਤਾਰਾ ਚੰਦ ਨੇ ਦੱਸਿਆ।

'ਸੁਣਿਆ ਹੈ ਉਸਦੀ ਨੀਂਦ ਹਰਾਮ ਹੋਈ ਹੈ।' ਬਾਬਾ ਜੀ ਨੇ ਆਪਣੀ ਤਸੱਲੀ ਕਰਨ ਲਈ ਕਿਹਾ।

'ਕਲਗ਼ੀਆਂ ਵਾਲੇ ਦੇ ਬੀਰ ਸਪੂਤਾਂ ਨਾਲ ਟੱਕਰ ਲੈ ਕੇ ਕੋਈ ਵੀ ਸੁੱਖ ਦੀ ਨੀਂਦੇ ਨਹੀਂ ਸਕਦਾ।' ਤਾਰਾ ਚੰਦ ਦਾ ਕਹਿਣਾ ਸੀ।

(ਚਲਦਾ...)

# ਗੁਰੂ ਰਾਮਦਾਸ ਜੀ ਦਾ ਜੀਵਨ ਤੇ ਇਤਿਹਾਸ

**ਜੀਵਨ ਵੇਰਵਾ**

ਜਨਮ :-ਚੂਨਾ ਮੰਡੀ (ਲਹੌਰ)-24 ਸਤੰਬਰ 1534, ਪਿਤਾ ਹਰਿ ਦਾਸ ਜੀ ਅਤੇ ਮਾਤਾ ਦਇਆ ਜੀ।

**ਗੁਰਗੱਦੀ ਅਤੇ ਜੋਤੀ ਜੋਤ** :- 1 ਸਤੰਬਰ 1574 ਅਤੇ 1 ਸਤੰਬਰ 1581 / ਉਮਰ 47 ਸਾਲ ਅਤੇ ਗੁਰਗੱਦੀ ਕੁਲ 7 ਸਾਲ।

**ਪਰਵਿਾਰ** :-ਵਿਆਹ ਫਰਵਰੀ 1553, ਮਹਿਲ- ਮਾਤਾ ਭਾਨੀ ਜੀ (ਛੋਟੀ ਸਪੁੱਤਰੀ ਸ੍ਰੀ ਗੁਰੂ ਅਮਰਦਾਸ ਜੀ)

ਤਿੰਨ ਸਾਹਿਬਜ਼ਾਦੇ- ਪ੍ਰਿਥੀ ਚੰਦ-1558, ਮਹਾਂਦੇਵ-1560 ਅਤੇ ਅਰਜਨ ਦੇਵ ਜੀ-1563

ਕਾਰਜ-ਪਿੰਡ ਤੁੰਗ ਦੇ ਜ਼ਿਮੀਂਦਾਰਾ ਤੋਂ 700 ਅਕਬਰੀ ਰੁਪਏ ਦੇ ਕੇ 500 ਬਿੱਘੇ ਜ਼ਮੀਨ ਖ਼ਰੀਦੀ ਸੀ। ਗੁਰੂ ਕਾ ਚੱਕ (ਅੰਮ੍ਰਿਤਸਰ ਸਾਹਿਬ) ਦੀ ਨੀਂਹ ਰੱਖੀ-1574 ਤੇ ਸਰੋਵਰ ਦੀ ਆਰੰਭਤਾ-1577

ਸ੍ਰੀ ਗੁਰੂ ਰਾਮਦਾਸ ਜੀ ਦਾ ਪਹਿਲਾ ਨਾਮ 'ਜੇਠਾ' ਸੀ ਅਤੇ 7 ਸਾਲ ਦੀ ਉਮਰ ਹੋਣ ਤੱਕ ਆਪ ਜੀ ਦੇ ਸਿਰ 'ਤੇ ਮਾਤਾ ਦਾ ਸਾਇਆ ਨਾ ਰਿਹਾ ਤੇ ਛੇਤੀ ਹੀ ਪਿਤਾ ਜੀ ਵੀ ਚੜਾਈ ਕਰ ਗਏ। ਸੰਬੰਧੀਆਂ ਨੇ ਮੂੰਹ ਫੇਰ ਲਿਆ ਅਤੇ ਲਹੌਰ ਵਿੱਚੋਂ ਕਿਸੇ ਨੇ ਵੀ ਆਪ ਜੀ ਦੀ ਮਦਦ ਨਾ ਕੀਤੀ ਪਰ ਆਪ ਜੀ ਦੀ ਨਾਨੀ ਆਪ ਜੀ ਨੂੰ ਬਾਸਰਕੇ ਲੈ ਆਈ। ਨਾਨੀ ਆਰਥਿਕ ਪੱਖੋਂ ਗ਼ਰੀਬ ਸੀ ਜਿਸ ਕਰਕੇ ਆਪ ਜੀ ਦੇ ਸਿਰ 'ਤੇ ਆਪਣੇ ਛੋਟੇ ਭਰਾ ਅਤੇ ਭੈਣ ਦੇ ਪਾਲਣ- ਪੋਸ਼ਣ ਦਾ ਭਾਰ ਵੀ ਪੈ ਗਿਆ। ਆਪ ਜੀ ਨੇ ਹੌਸਲਾ ਨਾ ਹਾਰਿਆ ਸਗੋਂ ਘੁੰਗਣੀਆਂ ਵੇਚਣ ਦੀ ਕਿਰਤ ਕਰਨ ਲੱਗ ਪਏ ।

1541 ਵਿੱਚ ਜੇਠਾ ਜੀ ਬਾਸਰਕੇ ਆਏ ਸਨ ਅਤੇ ਕੋਈ 1546 ਵਿੱਚ ਗੁਰੂ ਅਮਰਦਾਸ ਜੀ ਨੇ ਆਪ ਜੀ ਨੂੰ ਗੋਇੰਦਵਾਲ ਹੀ ਰਹਿਣ ਦੀ ਪ੍ਰੇਰਨਾ ਦਿੱਤੀ। ਇੱਥੇ ਗੁਰੂ ਅਮਰਦਾਸ ਜੀ ਦੇ ਪਿਆਰ ਤੇ ਹਮਦਰਦੀ ਨੇ ਜੇਠਾ ਜੀ ਨੂੰ ਗੁਰਮਤਿ ਨਾਲ ਜੋੜਨ ਵਿੱਚ ਡੂੰਘਾ ਪ੍ਰਭਾਵ ਪਾਇਆ। ਕੋਈ 40 ਕੁ ਸਾਲ ਦੀ ਉਮਰ ਤੱਕ ਪੂਰੀ ਨਿਸ਼ਠਾ ਨਾਲ ਗੁਰੂ ਘਰ ਦੀ ਸੇਵਾ ਕੀਤੀ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ 'ਤੇ ਚੌਥੇ ਗੁਰੂ ਰੂਪ ਵਿਚ ਬਿਰਾਜਮਾਨ ਹੋਏ। ਇਤਿਹਾਸ ਐਸਾ ਦੱਸਦਾ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਘਰ ਵਿਚ ਆਪਣੀ ਲੜਕੀ ਬੀਬੀ ਭਾਨੀ ਦੇ ਰਿਸ਼ਤੇ ਬਾਰੇ ਵਿਚਾਰ ਕਰ ਰਹੇ ਸਨ ਤਾਂ ਅਚਾਨਕ ਹੀ 'ਜੇਠਾ' ਜੀ ਜੋ ਉਸ ਵੇਲੇ ਮਿੱਟੀ-ਇੱਟਾਂ ਆਦਿ ਚੁੱਕਣ ਦੀ ਸੇਵਾ ਵਿੱਚ ਲੱਗੇ ਹੋਏ ਸਨ ਨੂੰ ਵੇਖ ਕੇ ਮਾਤਾ ਜੀ ਨੇ ਸਹਿਜ ਸੁਭਾ ਹੀ ਆਖ ਦਿੱਤਾ ਕਿ ਭਾਨੀ ਲਈ ਐਡਾ ਅਤੇ ਐਸਾ ਵਰ ਹੋਣਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਨੇ ਆਖਿਆ ਕਿ ਐਸਾ ਤਾਂ ਫਿਰ ਇਹੋ ਹੀ ਹੈ ਅਤੇ ਆਪਣੀ ਪੁੱਤਰੀ ਭਾਨੀ ਜੀ ਦੀ ਸਗਾਈ ਆਪ ਜੀ ਨਾਲ ਕਰ ਦਿੱਤੀ। ਇਨਾਂ ਦਿਨਾਂ ਵਿੱਚ ਗੋਇੰਦਵਾਲ ਵਿੱਚ ਬਾਉਲੀ ਦੀ ਕਾਰ-ਸੇਵਾ ਹੋ ਰਹੀ ਸੀ ਜਿਸ ਵਿਚ ਇਹਨਾਂ ਨੇ ਵਧ ਚੜ ਕੇ ਹਿੱਸਾ ਲਿਆ।

**ਸੁਭਾਅ ਅਤੇ ਪ੍ਰੀਖਿਆ**

ਆਪ ਜੀ ਨਿਮਰਤਾ, ਦਇਆ, ਪ੍ਰੇਮ ਅਤੇ ਉਦਾਰਤਾ ਦੇ ਗੁਣਾਂ ਨਾਲ ਭਰਪੂਰ ਸਨ ਜਿਸ ਦਾ ਪ੍ਰਤੱਖ ਸਬੂਤ ਗੁਰੂ ਅਮਰਦਾਸ ਜੀ ਵੱਲੋਂ ਲਈ ਪ੍ਰੀਖਿਆ ਵੇਲੇ ਮਿਲਦਾ ਹੈ। ਬਾਉਲੀ ਦੀ ਉਸਾਰੀ ਦੇਖਣ ਲਈ ਇਕ ਥੜਾ ਬਣਾਉਣ ਵਾਸਤੇ ਆਖਿਆ। ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਜਵਾਈ ਰਾਮਾ ਜੀ ਅਤੇ ਛੋਟੇ ਜੇਠਾ ਜੀ ਨੂੰ ਥੜੇ ਬਣਾਉਣ ਵਾਸਤੇ ਆਖਿਆ। ਰਾਮਾ ਜੀ ਨੇ ਤਾਂ ਗੁਰੂ ਜੀ ਵੱਲੋਂ ਬਾਰ-ਬਾਰ ਥੜਾ ਢਾਉਣ 'ਤੇ ਗ਼ੁੱਸਾ ਮਨਾਇਆ ਪਰ ਜੇਠਾ ਜੀ ਨੇ ਦੋ ਵਾਰ ਥੜਾ ਢਾਏ ਜਾਣ 'ਤੇ ਵੀ ਬੜੀ ਨਿਮਰਤਾ ਨਾਲ ਆਖਿਆ "ਮੈਂ ਤਾਂ ਭੁੱਲਣਹਾਰ ਹਾਂ ਪਰ ਤੁਸੀਂ ਤਾਂ ਕਿਰਪਾਲੂ ਹੋ। ਬਾਰ ਬਾਰ ਭੁੱਲਾਂ ਬਖ਼ਸ਼ਦੇ ਹੋ।" ਇਹ ਮੇਰੀ ਅਗਿਆਨਤਾ ਹੈ ਕਿ ਆਪ ਜੀ ਜੋ ਮੈਨੂੰ ਸਮਝਾਉਂਦੇ ਹੋ, ਮੈਂ ਆਪ ਜੀ ਦਾ ਕਿਹਾ ਚੰਗੀ ਤਰਾਂ ਸਮਝ ਨਹੀਂ ਸਕਦਾ।

ਗੁਰੂ ਅਮਰ ਦਾਸ ਜੀ ਦੇ ਜਵਾਈ ਹੁੰਦਿਆਂ ਹੋਇਆਂ ਵੀ ਜੇਠਾ ਜੀ ਨੇ ਸਿਰ 'ਤੇ ਗਾਰੇ ਦੀ ਟੋਕਰੀ ਚੁੱਕਣ ਵਾਲੀ ਸੇਵਾ ਕਰਦੇ ਰਹੇ ਅਤੇ ਗੁਰੂ ਅਮਰਦਾਸ ਜੀ ਨੇ ਵੀ ਆਖ ਦਿੱਤਾ ਕਿ ਇਹ ਗਾਰੇ ਦੀ ਟੋਕਰੀ ਨਹੀਂ ਸਗੋਂ ਰਾਜ-ਜੋਗ ਦਾ ਛਤਰ ਹੈ। ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਵੱਲੋਂ ਵਧੀਕੀਆਂ ਕਰਨ 'ਤੇ ਵੀ ਉਨਾਂ ਨੂੰ ਬੁਰਾ ਭਲਾ ਨਹੀਂ ਕਿਹਾ ਸਗੋਂ ਘਰੋਗੀ ਜੀਵਨ ਨੂੰ ਸਦਾ ਖ਼ੁਸ਼ਗਵਾਰ ਰੱਖਿਆ। ਆਪ ਜੀ ਦੇ ਜੀਵਨ ਦਾ ਰਾਜ ਨਿਮਰਤਾ, ਹਲੇਮੀ ਅਤੇ ਪਿਆਰ ਹੈ ਜੋ ਗੁਰੂ ਨਾਨਕ ਦੇ ਰਾਜ ਜੋਗ ਤਖ਼ਤ ਦੇ ਵਾਲੀ ਦੇ ਖ਼ਾਸ ਸੀਂਗਾਰੀ ਗਹਿਣੇ ਸਨ। ਸ੍ਰੀ ਗੁਰੂ ਅਮਰਦਾਸ ਜੀ ਲਈ ਅਥਾਹ ਸਤਿਕਾਰ ਅਤੇ ਪੂਰਨ ਸ਼ਰਧਾ ਸੀ।

ਗੁਰੂ ਰਾਮਦਾਸ ਜੀ ਦ੍ਰਿੜਤਾ ਦੇ ਪੁੰਜ ਸਨ। ਗੁਰਗੱਦੀ 'ਤੇ ਬੈਠਣ ਤੋਂ ਪਹਿਲਾਂ ਆਪ ਜੀ ਨੂੰ ਗੁਰੂ ਅਮਰਦਾਸ ਜੀ ਨੇ ਗੁਰਮਤਿ ਦਾ ਪੱਖ ਪੇਸ਼ ਕਰਨ ਲਈ ਅਕਬਰ ਦੇ ਦਰਬਾਰ ਵਿੱਚ ਭੇਜਿਆ ਸੀ, ਕਿਉਂਕਿ ਜਾਤ ਅਭਿਮਾਨੀਆਂ, ਕਰਮਕਾਂਡੀਆਂ ਅਤੇ ਗੁਰਮਤਿ ਵਿਚਾਰਧਾਰਾ ਦੇ ਵਿਰੋਧੀਆਂ ਨੇ ਗੁਰੂ ਅਮਰਦਾਸ ਜੀ 'ਤੇ ਉਨਾਂ ਵੱਲੋਂ ਕੀਤੇ ਜਾ ਰਹੇ ਸਿੱਖ ਧਰਮ ਦੇ ਪ੍ਰਚਾਰ ਵਿਰੁੱਧ, ਰਾਜ ਦਰਬਾਰ ਵਿੱਚ ਇਕ ਲੰਮੀ ਚੌੜੀ ਸ਼ਿਕਾਇਤ ਦਰਜ ਕਰਵਾਈ ਸੀ। (ਗੁਰੂ) ਰਾਮਦਾਸ ਜੀ ਨੇ ਸਾਰੇ ਇਤਰਾਜ਼ਾਂ ਦਾ ਬੜੇ ਵਿਸਥਾਰ, ਧੀਰਜ ਤੇ ਨਿਡਰਤਾ ਨਾਲ ਉੱਤਰ ਦਿੱਤਾ। ਇਸ ਤਰਾਂ ਵਿਰੋਧੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਇਆ ਅਤੇ ਅਕਬਰ ਦੇ ਦਿਲ ਵਿੱਚ ਸਿੱਖ ਸਤਿਗੁਰਾਂ ਅਤੇ ਗੁਰਮਤਿ ਸਿਧਾਂਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਪੈਦਾ ਹੋਇਆ।

ਇਸੇ ਦ੍ਰਿੜਤਾ ਤੇ ਸੇਵਾ ਕਰਕੇ ਆਪ 'ਧੰਨ ਗੁਰੂ ਰਾਮਦਾਸ' ਬਣੇ ਪਰ ਜੀਵਨ ਵਿਚ ਹਉਮੈ ਨੂੰ ਲਾਗੇ ਨਹੀਂ ਆਉਣ ਦਿੱਤਾ ਸਗੋਂ ਨਿਸ਼ਕਾਮ ਹੋ ਕੇ ਸੇਵਾ ਕਰਨ ਦੀ ਪ੍ਰੇਰਨਾ ਕੀਤੀ :

**"ਵਿਚਿ ਹਉਮੈ, ਸੇਵਾ ਥਾਇ ਨ ਪਾਏ ॥ ਜਨਮਿ ਮਰੈ, ਫਿਰਿ ਆਵੈ ਜਾਏ ॥" (ਮ : 4/1071)**

ਪਹਿਲੇ ਗੁਰੂ ਸਾਹਿਬਾਨ ਵਾਂਗ ਆਪ ਨੇ ਵੀ ਗ੍ਰਹਿਸਤੀ ਧਰਮ ਧਾਰਨ ਕਰਨ ਲਈ ਕਿਹਾ ਪਰ ਮੋਹ ਮਾਇਆ ਤੋਂ ਅਲੋਪ ਰਹਿਣ ਦਾ ਜੀਵਨ ਸਿਧਾਂਤ ਇਸ ਤਰਾਂ ਦੱਸਿਆ : "ਵਿਚੇ ਗ੍ਰਿਹ, ਸਦਾ ਰਹੈ ਉਦਾਸੀ; ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥" (ਮ : 4/1070) ਭਾਵ ਨਾਮ ਤੋਂ ਬਿਨਾ ਜੀਵਨ ਮਨੋਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ ਦ੍ਰਿੜ ਕਰਵਾਇਆ ਪਰ ਜੀਵਨ ਦੀਆਂ ਬੁਨਿਆਦੀ ਲੋੜਾਂ ਪ੍ਰਤੀ ਅਣਗਹਿਲੀ ਨਾ ਕਰਨ ਦਾ ਉਪਦੇਸ਼ ਵੀ ਦਿੱਤਾ।

ਧੰਨ ਦੌਲਤ ਨਾਲ ਕੋਈ ਮੋਹ ਨਹੀਂ ਸੀ ਸਗੋਂ ਗ਼ਰੀਬਾਂ ਦੀ ਸਹਾਇਤਾ ਪੁੱਜ ਕੇ ਕਰਦੇ ਸਨ। ਇਤਿਹਾਸ ਇਹ ਦੱਸਦਾ ਹੈ ਕਿ ਸੇਠ ਜਗਤ ਰਾਮ ਨੇ ਕੈਂਠਾ ਦਿੱਤਾ, ਆਪ ਨੇ ਲੋੜਵੰਦ ਨੂੰ ਉਸੇ ਵੇਲੇ ਦੇ ਦਿੱਤਾ। ਇਕ ਮਾਈ ਨੇ ਚਾਅ ਨਾਲ ਮੋਤੀਆਂ ਦੀ ਮਾਲਾ ਦਿੱਤੀ ਪਰ ਆਪ ਨੇ ਰਾਹ ਵਿੱਚ ਬੈਠੇ ਮਲੰਗ ਨੂੰ ਦੇ ਦਿੱਤੀ। ਅਕਬਰ ਨੇ ਮੋਹਰਾਂ ਭੇਟਾ ਕੀਤੀਆਂ ਤਾਂ ਆਪ ਜੀ ਨੇ ਉਸੇ ਵੇਲੇ ਵੰਡਵਾਂ ਦਿੱਤੀਆਂ। ਰਸਦਾ ਆਈਆਂ ਲੋਕਾਂ ਵਿੱਚ ਵਰਤਾ ਦਿੱਤੀਆਂ। ਗੁਰੂ ਜੀ ਨੇ ਕਿਸੇ ਰਜਵਾੜੇ ਦੀ ਮਿੱਤਰਤਾ ਹਾਸਲ ਕਰਨ ਦਾ ਕਦੀ ਯਤਨ ਨਹੀਂ ਕੀਤਾ, ਨਾ ਹੀ ਕਿਸੇ ਬਾਦਸ਼ਾਹ ਦੀ ਸਰਪ੍ਰਸਤੀ ਵੱਲ ਧਿਆਨ ਗਿਆ।

**ਸਾਹਿਤਕਾਰ ਤੇ ਸੰਗੀਤ ਦੇ ਪ੍ਰੇਮੀ :-**

ਆਪ ਸੇਵਾ ਦੇ ਨਾਲ ਨਾਲ ਗੁਰੂ ਦਰਬਾਰ ਦੀ ਹਾਜ਼ਰੀ ਭਰਦੇ ਅਤੇ ਸੰਗੀਤ ਕਲਾ ਨੂੰ ਮਨ ਲਾ ਕੇ ਸਿੱਖਦੇ ਅਤੇ ਸਾਹਿਤ ਦੀ ਖੋਜ ਵੀ ਕਰਦੇ। ਆਪ ਜੀ ਦੀ ਬਾਣੀ ਵਿੱਚ ਇੱਕ ਮਹਾਨ ਸਾਹਿਤਕਾਰ, ਸੰਗੀਤ ਪ੍ਰੇਮੀ ਤੇ ਰਾਗ ਕਲਾ ਦੀਆਂ ਬਰੀਕੀਆਂ ਪ੍ਰਗਟ ਹੁੰਦੀਆਂ ਹਨ। ਜਿਸ ਦਾ ਗੁਰਬਾਣੀ ਦੇ ਵਿੱਚ ਇੱਕ ਉਮਾਹ ਅਤੇ ਨਵੇਂ ਨਵੇਂ ਸ਼ਬਦਾਂ ਦੀ ਘਾੜਤ ਤੋਂ ਪਤਾ ਲੱਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 22 ਵਾਰਾਂ ਵਿੱਚੋਂ 8 ਵਾਰਾਂ ਮੂਲ ਰੂਪ ਵਿੱਚ ਆਪ ਜੀ ਦੀਆਂ ਹਨ। ਇਹਨਾਂ ਵਾਰਾਂ ਵਿੱਚ ਗੁਰੂ ਸੂਰਮੇ ਦੀ ਜਿੱਤ ਅਤੇ ਨਿੰਦਕਾਂ, ਦੋਖੀਆਂ, ਦੁਸ਼ਟਾਂ ਅਤੇ ਚੁਗ਼ਲਖ਼ੋਰਾਂ ਦੀ ਹਾਰ ਵਿਖਾਈ ਹੈ। ਗੁਰੂ ਸਾਹਿਬ ਸ਼ਬਦ ਘੜਨ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਸਨ ਅਤੇ ਇੱਕ ਸੁਜਾਨ ਜੌਹਰੀ ਦੀ ਤਰਾਂ ਸ਼ਬਦਾਂ ਨੂੰ ਨਗਾਂ ਦੀ ਤਰਾਂ ਯੋਗ ਥਾਂ 'ਤੇ ਜੜ ਦਿੰਦੇ ਸਨ। ਕਈ ਨਵੇਂ ਸ਼ਬਦਾਂ ਦੀ ਘਾੜਤ ਉਨਾਂ ਦੀ ਬਾਣੀ ਦੀ ਵਿਸ਼ੇਸ਼ਤਾ ਹੈ। ਗੁਰਬਾਣੀ ਵਿਚ ਸ਼ਬਦਾਂ ਨੂੰ ਮੋਤੀਆਂ ਵਾਂਗ ਪਰੋਇਆ ਜਿਵੇਂ ਕੋਈ ਸੁਆਣੀ ਆਪਣੇ ਗਲੇ ਦਾ ਹਾਰ ਪਰੋਂਦੀ ਹੈ। ਆਪ ਜੀ ਰਾਗਾਂ ਦੇ ਇਤਨੇ ਮਾਹਿਰ ਹੋ ਨਿੱਬੜੇ ਕਿ ਆਪ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਕੁਲ 31 ਰਾਗਾਂ ਵਿੱਚੋਂ 30 ਰਾਗਾਂ ਵਿੱਚ ਮਿਲਦੀ ਹੈ ਅਤੇ ਆਪ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 638 ਸ਼ਬਦ ਹਨ।

ਸੂਹੀ ਰਾਗ ਵਿਚ ਲਾਵਾਂ ਦੀ ਬਾਣੀ ਉਚਾਰੀ ਤਾਂ ਕਿ ਸਿੱਖ ਭਵਿੱਖ ਵਿੱਚ ਬ੍ਰਾਹਮਣ ਦੀ ਮੁਥਾਜੀ ਤੋਂ ਬਚ ਜਾਣ। ਇਸ ਵਿਚ ਗ੍ਰਹਿਸਤ ਦੀ ਮਹਾਨਤਾ, ਪਤੀ-ਪਤਨੀ ਦੀ ਬਰਾਬਰੀ, ਇਕ ਦੂਜੇ ਦਾ ਸਤਿਕਾਰ ਅਤੇ ਕੁਰਬਾਨੀ ਕਰਨ ਦਾ ਆਦਰਸ਼ ਪੇਸ਼ ਕੀਤਾ ਹੈ ਅਤੇ ਇਸੇ ਤੋਂ ਹੀ ਸਿੱਖਾਂ ਨੂੰ ਕਰਤੇ ਨੂੰ ਮਿਲਣ ਦੇ ਚਾਓ ਅਤੇ ਪੜਾਵਾਂ ਨੂੰ ਵੀ ਦਰਸਾ ਦਿੱਤਾ ਹੈ।

**ਕੌਮੀ ਉਸਰੱਈਏ :-**

1570 ਵਿੱਚ ਗੁਰੂ ਅਮਰਦਾਸ ਜੀ ਨੇ ਆਪਣੇ ਜਿਊਂਦੀਆਂ 'ਗੁਰੂ ਕੇ ਚੱਕ' ਦੀ ਨਵੀਂ ਬਸਤੀ ਵਸਾਉਣੀ ਸ਼ੁਰੂ ਕਰ ਦਿੱਤੀ ਸੀ। ਇਹੀ 'ਗੁਰੂ ਕਾ ਚੱਕ' ਬਾਅਦ ਵਿਚ 'ਰਾਮਦਾਸਪੁਰ' ਅਤੇ 'ਅੰਮ੍ਰਿਤਸਰ' ਕਹਿਲਾਇਆ। 'ਅੰਮ੍ਰਿਤਸਰ' ਅਤੇ 'ਸੰਤੋਖਸਰ ਸਰੋਵਰ' ਦੀ ਖੁਦਵਾਈ ਕਰਵਾਈ। ਵੱਖ ਵੱਖ ਬਜ਼ਾਰ ਅਤੇ ਸ਼ਹਿਰ ਦੀ ਉਸਾਰੀ ਆਪਣੀ ਨਿਗਰਾਨੀ ਵਿੱਚ ਕਰਵਾਈ। ਗ਼ਰੀਬ ਅਤੇ ਕਿਰਤੀ ਲੋਕ ਇੱਥੇ ਆਣ ਵਸੇ। ਇਸ ਤਰਾਂ ਥੋੜੇ ਸਮੇਂ ਵਿੱਚ ਹੀ ਜੰਗਲ ਵਿਚ ਮੰਗਲ ਲੱਗ ਗਿਆ। 52 ਅਲੱਗ-ਅਲੱਗ ਕਿੱਤਿਆਂ ਦੇ ਲੋਕਾਂ ਨੂੰ ਇੱਥੇ ਵਸਾਇਆ ਗਿਆ, ਜਿਨਾਂ ਦੇ ਨਾਮ ਅੱਜ ਤੱਕ ਪ੍ਰਚਲਿਤ ਹਨ। ਆਪ ਜੀ ਦੇ ਉੱਦਮ ਸਦਕਾ ਕੌਮ ਨੂੰ ਭਵਿੱਖ ਵਾਸਤੇ ਇੱਕ ਕੇਂਦਰੀ ਸਥਾਨ ਮਿਲ ਗਿਆ। ਸਾਂਝੇ ਕੌਮੀ ਖ਼ਜ਼ਾਨੇ ਦੀ ਲੋੜ ਨੂੰ ਦੇਖਦਿਆਂ ਹੋਇਆਂ 'ਮਸੰਦ ਪ੍ਰਥਾ' ਨੂੰ ਹੋਰ ਮਜ਼ਬੂਤ ਕੀਤਾ ਅਤੇ ਸਿੱਖੀ ਪ੍ਰਚਾਰ ਨੂੰ ਦਿਨ-ਬ-ਦਿਨ ਵਧਾਇਆ। ਆਪ ਦੀ ਪਿਆਰ ਭਿੰਨੀ ਸ਼ਖ਼ਸੀਅਤ ਨੇ ਹਰ ਦਿਲ ਨੂੰ ਆਪਣੇ ਵਲ ਖਿੱਚ ਲਿਆ। ਆਪਣੇ ਛੋਟੇ ਪੁੱਤਰ (ਗੁਰੂ) ਅਰਜਨ ਦੇਵ ਨੂੰ ਸਾਹਿਤ, ਸੰਗੀਤ ਤੇ ਸਭਿਆਚਾਰ ਵਿੱਚ ਵਿਸ਼ੇਸ਼ ਸਿਆਣਾ ਬਣਾਇਆ। ਆਪ ਦੇ ਸਮੇਂ ਦੇ ਪ੍ਰਸਿੱਧ ਸਿੱਖ ਭਾਈ ਭਿਖਾਰੀ, ਮਹਾਂ ਨੰਦ, ਸਾਹਲੋ, ਚੰਦਰ ਭਾਨ, ਮਾਣਕ ਚੰਦ, ਗੁਰਮੁਖ, ਸੰਮਨ, ਆਦਮ, ਸੋਮਾ ਸਾਹ ਅਤੇ ਰੂਪਰਾ ਆਦਿ ਸਨ, ਜਿਨਾਂ ਵੱਖ ਵੱਖ ਇਲਾਕਿਆਂ ਵਿੱਚ ਸਿੱਖੀ ਮਹਿਕ ਨੂੰ ਖਿਲਾਰਿਆ। ਗੁਰੂ ਰਾਮਦਾਸ ਜੀ ਦਾ ਜੀਵਨ, ਸਮਾਜਿਕ ਅਤੇ ਕ੍ਰਾਂਤੀਕਾਰੀ ਸੀ ।

**ਗੁਰੂ ਰਾਮਦਾਸ ਜੀ ਦੀ ਵਡਿਆਈ ਅਕੱਥ ਹੈ।**

ਆਪ ਜੀ ਨੇ ਗੁਰ ਗੱਦੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਸੌਂਪੀ ਅਤੇ ਸਤੰਬਰ 1581 ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ ਪਰ ਆਪ ਜੀ ਦੀ ਵਡਿਆਈ ਦਾ ਨਾਦ ਅੱਜ ਤੱਕ ਸੁਣਾਈ ਦੇਂਦਾ ਹੈ :

**"ਧੰਨੁ ਧੰਨੁ ਰਾਮਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ ॥ ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ॥ ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ ॥ ਅਟਲੁ ਅਥਾਹੁ ਅਤੋਲੁ ਤੂ, ਤੇਰਾ ਅੰਤੁ ਨ ਪਾਰਾਵਾਰਿਆ ॥ ਜਿਨੀ ਤੂੰ ਸੇਵਿਆ ਭਾਉ ਕਰਿ, ਸੇ ਤੁਧੁ ਪਾਰਿ ਉਤਾਰਿਆ ॥" (ਬਲਵੰਡ ਸਤਾ/968)**

# ਖ਼ਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਮਹਾਨ ਜਰਨੈਲ ਅਤੇ ਸਫਲ ਜਥੇਬੰਦਕ ਆਗੂ ਸ਼ਹੀਦ ਭਾਈ ਗੁਰਜੀਤ ਸਿੰਘ ਜੀ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ

## (ਸ਼ਹਾਦਤ -2.11.91)

**- ਲਵਸ਼ਿੰਦਰ ਸਿੰਘ ਡੱਲੇਵਾਲ**

**07825813301**

**'ਕਮਲ ਹੇਠ ਦਰੱਖਤ ਦੇ ਫੁੱਲ ਬੈਠਾ ਸੱਚੇ ਰਾਮ ਦਾ ਨਾਮ ਧਿਆਂਵਦਾ ਏ'- (ਭਾਈ ਗੁਰਜੀਤ ਸਿੰਘ)**

**'ਤਲਵਾਰ ਮੈਂ ਕਲਗੀਰ ਹਾਂ ਮੈਂ ਨਹੀਂ ਕਿਸੇ ਤੋਂ ਡਰਦੀ ਹਾਂ' (ਸਿੱਖ ਸਟੂਡੈਂਟਸ ਫੈਡਰੇਸ਼ਨ ਗੁਰਜੀਤ ਸਿੰਘ)**

ਉਪਰੋਕਤ ਟਿੱਪਣੀਆਂ ਜਲੰਧਰ ਤੋਂ ਛਪਦੇ ਪੰਜਾਬੀ ਦੇ ਮਾਸਕ ਰਸਾਲੇ ਨੇ ਸਾਲ 1987 ਦੇ ਨਵੰਬਰ/ਦਸੰਬਰ ਮਹੀਨੇ ਆਪਣੇ ਅੰਕ ਵਿੱਚ ਕੀਤੀਆਂ ਸਨ, ਜੋ ਕਿ ਭਾਈ ਗੁਰਜੀਤ ਸਿੰਘ ਦੀ ਸਖਸ਼ੀਅਤ ਅਤੇ ਖ਼ਾਲਿਸਤਾਨ ਲਈ ਜੂਝ ਰਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਭਾਈ ਸਾਹਿਬ ਵੱਲੋਂ ਦਿੱਤੀ ਜਾ ਰਹੀ ਸੁਚੱਜੀ ਅਗਵਾਈ ਨੂੰ ਰੂਪਮਾਨ ਕਰਦੀਆਂ ਹਨ ।

ਇਸ ਮਹਾਨ ਯੋਧੇ ਸੂਰਬੀਰ ਆਗੂ ਭਾਈ ਗੁਰਜੀਤ ਸਿੰਘ ਦਾ ਜਨਮ ਪਿੰਡ ਹਰੀਹਰ ਝੋਕ ਜ਼ਿਲਾ ਫ਼ਿਰੋਜਪੁਰ ਵਿਖੇ ਸਰਦਾਰ ਅਵਤਾਰ ਸਿੰਘ ਦੇ ਘਰੇ ਮਾਤਾ ਜਰਨੈਲ ਕੌਰ ਦੀ ਕੁੱਖੋਂ ਹੋਇਆ ਸੀ । ਕਿੱਤੇ ਦੇ ਤੌਰ ਤੇ ਸਰਦਾਰ ਅਵਤਾਰ ਸਿੰਘ ਅਤੇ ਮਾਤਾ ਜਰਨੈਲ ਕੌਰ ਦਾ ਪਰਿਵਾਰ ਖੇਤੀ ਬਾੜੀ ਕਰਿਆ ਕਰਦਾ ਸੀ ਅਤੇ ਇਹ ਕਾਰੋਬਾਰ ਵੱਡੀ ਪੱਧਰ ਤੇ ਕੀਤਾ ਜਾ ਰਿਹਾ ਸੀ ।ਕਿਉਂਕਿ ਆਪ ਦੇ ਕੋਲ ਦੋ ਸੌ ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਸੀ । ਅਕਾਲ ਪੁਰਖ ਵਾਹਿਗੁਰੂ ਨੇ ਸਰਦਾਰ ਅਵਤਾਰ ਸਿੰਘ ਅਤੇ ਮਾਤਾ ਜਰਨੈਲ ਕੌਰ ਜੀ ਨੂੰ ਚਾਰ ਪੁੱਤਰਾਂ ਦੀ ਦਾਤ ਬਖ਼ਸ਼ੀਸ਼ ਕੀਤੀ ਹੋਈ ਸੀ । ਜਿਨਾਂ ਵਿੱਚ ਭਾਈ ਮਲਕੀਤ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਸੁਰਜੀਤ ਸਿੰਘ ਅਤੇ ਅਮਰ ਸ਼ਹੀਦ ਭਾਈ ਗੁਰਜੀਤ ਸਿੰਘ ਸਨ । ਭਾਈ ਗੁਰਜੀਤ ਸਿੰਘ ਨੇ ਮੁੱਢਲੀ ਪੜਾਈ ਪਿੰਡ ਦੇ ਸਕੂਲ ਤੋਂ ਅਰੰਭ ਕੀਤੀ ਅਤੇ ਦਸਵੀਂ ਪਾਸ ਕਰਨ ਮਗਰੋਂ ਕਾਲਜ ਵਿੱਚ ਦਾਖਲਾ ਲਿਆ । ਇੱਥੇ ਭਾਈ ਗੁਰਜੀਤ ਸਿੰਘ ਦੀ ਸਾਂਝ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਬਣੀ । ਫੈਡਰੇਸ਼ਨ ਦੀ ਮੈਂਬਰਸ਼ਿਪ ਲਈ ਅਤੇ ਜਲਦੀ ਹੀ ਭਾਈ ਸਾਹਿਬ ਨੂੰ ਜ਼ਿਲਾ ਪ੍ਰਧਾਨ ਬਣਾ ਦਿੱਤਾ ਗਿਆ । ਭਾਈ ਗੁਰਜੀਤ ਸਿੰਘ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਦਿਆਂ ਹੀ ਫੈਡਰੇਸ਼ਨ ਨੂੰ ਵੱਖ ਵੱਖ ਕਾਲਜਾਂ ਵਿੱਚ ਜਥੇਬੰਦ ਕੀਤਾ ਅਤੇ ਨਾਲ ਹੀ ਖਾੜਕੂ ਕਾਰਵਾਈਆਂ ਅਰੰਭ ਕਰ ਦਿੱਤੀਆਂ । ਜਦੋਂ ਪੁਲਿਸ ਨੂੰ ਭਾਈ ਗੁਰਜੀਤ ਸਿੰਘ ਦੀਆਂ ਕਾਰਵਾਈਆਂ ਦੀ ਕੰਨਸੋਅ ਮਿਲ ਗਈ ਤਾਂ ਪੁਲਿਸ ਨੇ ਭਾਈ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ



ਕਰਨ ਲਈ ਛਾਪੇ ਮਾਰਨੇ ਅਰੰਭ ਕਰ ਦਿੱਤੇ । ਪਰ ਭਾਈ ਗੁਰਜੀਤ ਸਿੰਘ ਸੱਚਖੰਡ ਸ੍ਰੀ ਦਰਬਾਰ ਸਾਹਿਬ ਚਲੇ ਗਏ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਬਤੌਰ ਗੰਨਮੈਨ ਸੇਵਾ ਨਿਭਾਉਣੀ ਅਰੰਭ ਕਰ ਦਿੱਤੀ । ਭਾਈ ਗੁਰਜੀਤ ਸਿੰਘ ਦੇ ਸਤਿਕਾਰਯੋਗ ਪਿਤਾ ਸਰਦਾਰ ਅਵਤਾਰ ਸਿੰਘ ਦਾ ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਅਤੇ ਬਾਬਾ ਜੋਗਿੰਦਰ ਸਿੰਘ ਜੀ ਰੋਡੇ ( ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ) ਨਾਲ ਬਹੁਤ ਪਿਆਰ ਸੀ । ਸੰਤ ਜੀ ਅਕਸਰ ਹੀ ਜਦੋਂ ਮਾਲਵੇ ਵਿੱਚ ਸਿੱਖੀ ਦੇ ਪ੍ਰਚਾਰ ਲਈ ਆਉਂਦੇ ਤਾਂ ਸਰਦਾਰ ਅਵਤਾਰ ਸਿੰਘ ਵੱਲੋਂ ਉਨਾਂ ਦਾ ਡਟ ਕੇ ਸਾਥ ਦਿੱਤਾ ਜਾਂਦਾ ਸੀ । ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੱਚਖੰਡ ਗਮਨ ਤੋਂ ਬਾਅਦ ਵਿੱਚ ਇਹੀ ਪਿਆਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਬਣਿਆ ਰਿਹਾ । ਅਖੀਰ ਇਹ ਪਿਆਰ ਅਤੇ ਸਤਿਕਾਰ ਭਰੀ ਸਾਂਝ ਇੱਕ ਰਿਸ਼ਤੇਦਾਰੀ ਵਿੱਚ ਬਦਲ ਗਈ ਜਦੋਂ ਭਾਈ ਗੁਰਜੀਤ ਸਿੰਘ ਦਾ ਅਨੰਦ ਕਾਰਜ ਭਾਈ ਵੀਰ ਸਿੰਘ ਦੀ ਸਪੁੱਤਰੀ, ਬਾਬਾ ਜੋਗਿੰਦਰ ਸਿੰਘ ਦੀ ਪੋਤਰੀ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਭਤੀਜੀ ਬੀਬੀ ਰਛਪਾਲ ਕੌਰ ਨਾਲ ਹੋ ਗਿਆ। ਅਕਾਲ ਪੁਰਖ ਵਾਹਿਗੁਰੂ ਨੇ ਭਾਈ ਗੁਰਜੀਤ ਸਿੰਘ ਅਤੇ ਬੀਬੀ ਰਛਪਾਲ ਕੌਰ ਨੂੰ ਸਮੇਂ ਸਮੇਂ ਤੇ ਦੋ ਧੀਆਂ ਦੀ ਦਾਤ ਬਖ਼ਸ਼ੀਸ਼ ਕੀਤੀ ਸੀ । ਭਾਈ ਗੁਰਜੀਤ ਸਿੰਘ ਨੇ ਰਾਹੇ ਬਗਾਹੇ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਜਾ ਕੇ ਖਾੜਕੂ ਗਤੀਵਿਧੀਆਂ ਨੂੰ ਜਾਰੀ ਰੱਖਿਆ।

ਬਾਕੀ ਸਫ਼ਾ 26 'ਤੇ

# ਦਲਿਤ ਬੀਬੀਆਂ ਨਾਲ ਬਲਾਤਕਾਰ ਬਣਿਆ ਕੌਮਾਂਤਰੀ ਮੁੱਦਾ

**ਦਲਿਤ ਔਰਤਾਂ ਉੱਤੇ ਹੋ ਰਹੇ ਜਾਤੀਵਾਦੀ ਅੱਤਿਆਚਾਰਾਂ ਵਿਰੁੱਧ ਕੌਮਾਂਤਰੀ ਭਾਈਚਾਰੇ ਵਿੱਚ ਰੋਸ ਲਹਿਰ ✪ ਯੂ ਐੱਸ ਏ, ਕੈਨੇਡਾ, ਯੂਰਪ, ਬਰਤਾਨੀਆ, ਦੱਖਣੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਸਿੱਖਿਆ ਸ਼ਾਸਤਰੀਆਂ, ਕਾਰੋਬਾਰੀਆਂ ਤੇ ਬੁੱਧੀਜੀਵੀਆਂ ਵੱਲੋਂ ਭਾਰਤ ਦੇ ਜਨ ਅੰਦੋਲਨਾਂ ਦੀ ਹਮਾਇਤ ✪ ਪਟੀਸ਼ਨ ਉੱਤੇ 1800 ਹਸਤੀਆਂ ਨੇ ਕੀਤੇ ਦਸਤਖ਼ਤ**

**- ਪ੍ਰਗਟ ਸਿੰਘ ਜੰਡਿਆਲਾ ਗੁਰੂ**

ਉਤਰ ਪ੍ਰਦੇਸ਼ ਦੇ ਹਾਥਰਸ ਕਾਂਡ ਦੀ ਅੱਗ ਬੇਸ਼ੱਕ ਭਾਰਤ ਵਿੱਚ ਠੰਢੀ ਹੋ ਚੁੱਕੀ ਹੈ, ਪਰ ਇਸ ਕਰੂਰਤਾ ਭਰੇ ਬਲਾਤਕਾਰ ਤੇ ਹੱਤਿਆ ਕਾਂਡ ਨਾਲ ਭਾਰਤ ਵਿੱਚ ਦਲਿਤ ਔਰਤਾਂ ਉੱਤੇ ਹੋ ਰਹੇ ਜਾਤੀਵਾਦੀ ਅੱਤਿਆਚਾਰਾਂ ਵਿਰੁੱਧ ਕੌਮਾਂਤਰੀ ਭਾਈਚਾਰੇ ਵਿੱਚ ਰੋਸ ਦੀ ਲਹਿਰ ਉੱਠ ਖੜੀ ਹੋਈ ਹੈ। ਠਾਕੁਰ ਜਾਤੀ ਦੇ 4 ਗੁੰਡਿਆਂ ਵੱਲੋਂ 19 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਤੋਂ ਬਾਅਦ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਸ਼ਾਸਨ ਦੀ ਸ਼ਹਿ ਉੱਤੇ ਪੁਲਸ ਤੰਤਰ ਵੱਲੋਂ ਜਿਸ ਤਰਾਂ ਉੱਚ ਜਾਤੀ ਦੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ੀ ਕੋਸ਼ਿਸ਼ ਕੀਤੀ ਗਈ, ਉਸ ਨਾਲ ਦਲਿਤ ਭਾਈਚਾਰੇ ਵਿਚ ਰੋਸ ਲਹਿਰ ਵਧੀ ਹੈ। ਇਸ ਘ੍ਰਿਣਤ ਵਿਰੁੱਧ ਉੱਠੇ ਵਿਦਰੋਹ ਦੇ ਬਾਵਜੂਦ ਉਤਰ ਪ੍ਰਦੇਸ਼ ਵਿੱਚ ਦਲਿਤ ਔਰਤਾਂ ਵਿਰੁੱਧ ਜਿਨਸੀ ਅਪਰਾਧਾਂ ਨੂੰ ਠਲ ਨਹੀਂ ਪਈ। ਪਿਛਲੇ ਇੱਕ ਮਹੀਨੇ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਦਲਿਤ ਔਰਤਾਂ ਨਾਲ ਬਲਾਤਕਾਰ ਤੇ ਹੱਤਿਆਵਾਂ ਦੀਆਂ ਘਟਨਾਵਾਂ ਨੇ ਕੌਮਾਂਤਰੀ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਫਾਸੀਵਾਦੀ ਹਾਕਮਾਂ ਦੀ ਸ਼ਹਿ ਪ੍ਰਾਪਤ ਦਰਿੰਦਿਆਂ ਵੱਲੋਂ ਦਲਿਤ ਔਰਤਾਂ ਵਿਰੁੱਧ ਹੋ ਰਹੇ ਅਣਕਿਆਸੇ ਅਪਰਾਧਾਂ ਵਿਰੁੱਧ ਯੂ ਐੱਸ ਏ, ਕਨੇਡਾ, ਯੂਰਪ, ਬਰਤਾਨੀਆ, ਦੱਖਣੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਸਿੱਖਿਆ ਸ਼ਾਸਤਰੀਆਂ, ਕਾਰੋਬਾਰੀਆਂ ਤੇ ਬੁੱਧੀਜੀਵੀਆਂ ਨੇ ਭਾਰਤ ਦੇ ਜਨ ਅੰਦੋਲਨਾਂ ਦੀ ਹਮਾਇਤ ਕਰਦਿਆਂ ਆਪਣੀ ਅਵਾਜ਼ ਬੁਲੰਦ ਕੀਤੀ ਹੈ। ਇੱਕ ਕੌਮਾਂਤਰੀ ਪਟੀਸ਼ਨ ਜਾਰੀ ਕਰਦਿਆਂ ਇਨਾਂ ਹਸਤੀਆਂ ਵੱਲੋਂ ਔਰਤਾਂ ਵਿਰੁੱਧ ਹੋ ਰਹੀਆਂ ਬਰਾਬਰਤਾ ਭਰੀਆਂ ਕਾਰਵਾਈਆਂ ਦੀ ਨਿੰਦਾ ਕਰਦਿਆਂ ਦੋਸ਼ੀਆਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੀ ਸਮਾਜਿਕ ਕਾਰਕੁਨਾਂ ਤੇ ਪੱਤਰਕਾਰਾਂ ਵਿਰੁੱਧ ਹੋ ਰਹੇ ਹਮਲਿਆਂ ਤੇ ਅੰਦੋਲਨਾਂ ਨੂੰ ਕੁਚਲਨ ਲਈ ਹੋ ਰਹੀਆਂ ਕਾਰਵਾਈਆਂ ਨੂੰ ਤੁਰੰਤ ਰੋਕਣ ਲਈ ਕਿਹਾ ਗਿਆ ਹੈ।

ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ, 'ਮੌਜੂਦਾ ਸੱਤਾਧਾਰੀਆਂ ਤੋਂ ਇਨਸਾਫ਼ ਦੀ ਆਸ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਹ ਖ਼ੁਦ ਜ਼ੋਰਾਵਰਾਂ ਦੇ ਹਿੱਤਾਂ ਦੀ ਪੂਰਤੀ ਲਈ ਕੰਮ ਕਰ ਰਹੇ ਹਨ। ਜੇਕਰ ਅਸੀਂ ਸਹੀ ਅਰਥਾਂ ਵਿੱਚ ਦਲਿਤਾਂ, ਮੁਸਲਮਾਨਾਂ, ਆਦਿਵਾਸੀਆਂ ਤੇ ਕਸ਼ਮੀਰੀਆਂ ਲਈ ਨਿਆਂ ਚਾਹੁੰਦੇ ਹਾਂ ਤਾਂ ਸਾਨੂੰ ਭਾਰਤ ਵਿੱਚ ਜਾਤੀ ਪ੍ਰਥਾ ਦੀ ਬਰਾਬਰਤਾ ਅਤੇ ਹਮਲਾਵਰ ਪੂੰਜੀਵਾਦ ਦੇ ਖ਼ਾਤਮੇ ਲਈ ਸੰਘਰਸ਼ ਕਰਨਾ ਪਵੇਗਾ।'

ਇਸ ਪਟੀਸ਼ਨ ਉੱਤੇ 1800 ਹਸਤੀਆਂ ਨੇ ਦਸਤਖ਼ਤ ਕੀਤੇ ਹਨ, ਜਿਨਾਂ ਵਿੱਚ ਸਿਆਸੀ ਕਾਰਕੁਨ, ਔਰਤ ਜਥੇਬੰਦੀਆਂ, ਪ੍ਰਸਿੱਧ ਦਲਿਤ ਤੇ ਬਲੈਕ ਬੁੱਧੀਜੀਵੀ ਸ਼ਾਮਲ ਹਨ। ਇਸ ਦੇ ਨਾਲ ਬਹੁਤ ਸਾਰੀਆਂ ਕੌਮਾਂਤਰੀ ਸੰਸਥਾਵਾਂ, ਦਲਿਤ ਸਾਲਿਡੈਰਿਟੀ ਫੋਰਮ ਯੂ ਐੱਸ ਏ, ਨੈਸ਼ਨਲ ਵੀਮੈਨਜ਼ ਸਟੱਡੀਜ਼ ਐਸੋਸੀਏਸ਼ਨ ਤੇ ਵੀਮੈਨਜ਼ ਲੀਗਲ ਐਂਡ ਹਿਊਮਨ ਰਾਈਟਸ ਬਿਊਰੋ ਕਿਊਜ਼ੋਨ ਸਿਟੀ ਨੇ ਵੀ ਇਸ ਪਟੀਸ਼ਨ ਦੀ ਹਮਾਇਤ ਕੀਤੀ ਹੈ। ਕਈ ਨਾਮੀ ਪੱਤਰਕਾਵਾਂ ਤੇ ਸਿੱਖਿਆ ਨਾਲ ਸੰਬੰਧਤ ਰਸਾਲਿਆਂ ਜਿਵੇਂ, ਐਂਟੀਮੌਡ ਫੈਮਿਨਿਸਟ ਸਟੱਡੀਜ਼ ਅਤੇ ਐਜੀਟੇਟ ਵੀ ਇਸ ਮੁਹਿੰਮ ਦੇ ਹੱਕ ਵਿੱਚ ਖੜੇ ਹੋਏ ਹਨ। ਯੂਨੀਵਰਸਿਟੀ ਆਫ਼ ਮਿਨੀਸੋਟਾ, ਓਹੀਓ ਸਟੇਟ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ਼ ਮੈਸਾਚੁਸੇਟਸ ਬੋਸਟਨ ਦੇ ਸੈਕਸੂਲਿਟੀ ਸਟੱਡੀਜ਼ ਵਿਭਾਗਾਂ ਦੇ ਮੁਖੀਆਂ ਨੇ ਵੀ ਇਸ ਪਟੀਸ਼ਨ ਉੱਤੇ ਦਸਤਖ਼ਤ ਕੀਤੇ ਹਨ।

ਮੌਜੂਦਾ ਸਮੇਂ ਵਿੱਚ ਜਦੋਂ ਯੂ ਐੱਸ ਏ ਵਿੱਚ ਇੱਕ ਸਿਆਹ ਨਾਗਰਿਕ ਜਾਰਜ ਫਲਾਇਡ ਦੀ ਇੱਕ ਪੁਲਸ ਅਧਿਕਾਰੀ ਨੇ ਹੱਤਿਆ ਕਰ ਦਿੱਤੀ ਸੀ ਤਾਂ 'ਬਲੈਕ ਲਾਈਵਜ਼ ਮੈਟਰ' ਅੰਦੋਲਨ ਨੇ ਅਮਰੀਕੀ ਪ੍ਰਸ਼ਾਸਨ ਨੂੰ ਹਿਲਾ ਕੇ ਰੱਖ ਦਿੱਤਾ ਸੀ, ਹੁਣ ਭਾਰਤ ਵਿੱਚ ਦਲਿਤ ਔਰਤਾਂ ਉੱਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਸੰਸਾਰ ਭਰ ਵਿੱਚ ਲੱਖਾਂ ਲੋਕ ਉੱਠ ਖੜੇ ਹੋਏ ਹਨ। ਭਾਰਤ ਵਿੱਚ ਹਿੰਸਕ ਭਗਵੀਆਂ ਤਾਕਤਾਂ ਵੱਲੋਂ ਕਾਇਮ ਕੀਤੇ ਗਏ ਪੁਲਸ ਰਾਜ ਅਤੇ ਉਸ ਦੇ ਅਣਮਨੁੱਖੀ ਕਾਰਿਆਂ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਅੱਜ ਦੁਨੀਆ ਭਰ ਵਿੱਚੋਂ ਜ਼ੋਰਦਾਰ ਅਵਾਜ਼ ਉੱਠਣੀ ਸ਼ੁਰੂ ਹੋ ਗਈ ਹੈ। ਇਸ ਪਟੀਸ਼ਨ ਨੇ ਸੰਸਾਰ ਭਰ ਦੇ ਪੀੜਤ ਵਰਗਾਂ ਨੂੰ ਇੱਕਜੁੱਟਤਾ ਦੇ ਸੂਤਰ ਵਿੱਚ ਬੰਨਣ ਲਈ ਇੱਕ ਨਵੀਂ ਦਿਸ਼ਾ ਦਿੱਤੀ ਹੈ। ਇਸ ਸਮੇਂ 'ਬਲੈਕ ਲਾਈਵਜ਼ ਮੈਟਰ' ਦੇ ਨਾਲ-ਨਾਲ 'ਦਲਿਤ ਲਾਈਵਜ਼ ਮੈਟਰ' 'ਤੇ 'ਮੁਸਲਿਮ ਲਾਈਵਜ਼ ਮੈਟਰ' ਦੇ ਨਾਅਰੇ ਵੀ ਗੂੰਜਣ ਲੱਗੇ ਹਨ। ਪ੍ਰਮੁੱਖ ਬਲੈਕ ਦਾਰਸ਼ਨਿਕ ਅੰਜੇਲਾ ਵਾਈ ਨੇ ਬਲੈਕ ਅਮਰੀਕੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਭਾਰਤ ਵਿੱਚ ਦਲਿਤ ਔਰਤਾਂ ਉੱਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਅਵਾਜ਼ ਬੁਲੰਦ ਕਰਨ।




ਪਟੀਸ਼ਨ 'ਤੇ ਦਸਤਖ਼ਤ ਕਰਨ ਵਾਲਿਆਂ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਦਲਿਤ ਔਰਤਾਂ ਦੇ ਬਲਾਤਕਾਰ ਤੇ ਹੱਤਿਆਵਾਂ ਇੱਕ ਤਾਨਾਸ਼ਾਹੀ ਸ਼ਾਸਨ ਦੇ ਲੱਛਣ ਹਨ, ਜੋ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ ਤੇ ਨਾਗਰਿਕ ਅਜ਼ਾਦੀ ਲਈ ਸਰਗਰਮ ਵਕੀਲਾਂ ਤੇ ਕਾਰਕੁਨਾਂ ਨੂੰ ਜੇਲਾਂ ਵਿੱਚ ਸੁੱਟ ਰਿਹਾ ਹੈ। ਨਾਗਰਿਕ ਸੋਧ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਮੁਸਲਮਾਨਾਂ ਦਾ ਲਗਾਤਾਰ ਪਿੱਛਾ ਕੀਤਾ ਜਾ ਰਿਹਾ ਹੈ। ਕੱਟੜ ਹਕੂਮਤੀ ਤੰਤਰ ਦਾ ਜ਼ੁਲਮ ਇਸ ਭਿਆਨਕ ਸੱਚ ਦੀ ਪੁਸ਼ਟੀ ਕਰਦਾ ਹੈ ਕਿ ਭਾਰਤੀ ਸਟੇਟ ਇੱਕ ਹਿੰਸਕ ਹਿੰਦੂਤਵੀ ਤੇ ਜਾਤੀਵਾਦੀ ਵਿਵਸਥਾ ਨੂੰ ਅੱਗੇ ਵਧਾ ਰਹੀ ਹੈ।

### ਸੰਘੀ ਫਾਸੀਵਾਦ ਦਾ ਉੱਤਰ ਪ੍ਰਦੇਸ਼ ਮਾਡਲ

1925 ਵਿੱਚ ਆਪਣੀ ਸਥਾਪਨਾ ਤੋਂ ਹੀ ਰਾਸ਼ਟਰੀ ਸਵੈ ਸੇਵਕ ਸੰਘ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦਾ ਸੁਫ਼ਨਾ ਵੇਖਦਾ ਆਇਆ ਹੈ। ਇਸ ਦਾ 'ਹਿੰਦੂ ਰਾਸ਼ਟਰ' ਕਿਸ ਤਰਾਂ ਦਾ ਹੋਵੇਗਾ। ਇਸਦੇ ਦਰਸ਼ਨ ਇਸਦੀਆਂ ਲਿਖਤਾਂ, ਇਸਦੀਆਂ ਸਰਗਰਮੀਆਂ ਵਿੱਚ ਬਾਖ਼ੂਬੀ ਹੁੰਦੇ ਰਹੇ ਹਨ। ਰਾਸ਼ਟਰੀ ਸਵੈ ਸੇਵਕ ਸੰਘ ਅਤੇ ਇਸਦੀਆਂ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਏ.ਬੀ. ਵੀ.ਪੀ., ਵਰਗੀਆਂ ਜਾਣੀਆਂ-ਅਣਜਾਣੀਆਂ ਦਰਜਨਾਂ ਉਪ-ਜਥੇਬੰਦੀਆਂ ਗੈਰ-ਹਿੰਦੂਆਂ ਖ਼ਿਲਾਫ਼ ਅਣਥੱਕ ਤੌਰ 'ਤੇ ਨਫ਼ਰਤ ਫੈਲਾਉਣ ਦਾ ਕੰਮ ਕਰਦੀਆਂ ਰਹੀਆਂ ਹਨ, ਮਜ਼ਦੂਰਾਂ, ਕਿਰਤੀਆਂ, ਘੱਟ ਗਿਣਤੀਆਂ, ਔਰਤਾਂ, ਦਲਿਤਾਂ ਦੇ ਜਮਹੂਰੀ ਹੱਕਾਂ ਦੇ ਵਿਰੁੱਧ ਖੜਦੇ ਰਹੇ ਹਨ। ਇਸ ਸੰਘ ਪਰਿਵਾਰ ਨੇ ਮੁਸਲਮਾਨਾਂ, ਈਸਾਈਆਂ, ਸਿੱਖਾਂ, ਦਲਿਤਾਂ, ਔਰਤਾਂ ਖ਼ਿਲਾਫ਼ ਅਣਗਿਣਤ ਹਿੰਸਕ ਕਾਰਵਾਈਆਂ ਨੂੰ ਅੰਜਾਮ ਦਿੱਤਾ ਹੈ ਜਿਨਾਂ ਵਿੱਚ ਨਸਲਕੁਸ਼ੀਆਂ ਵੀ ਸ਼ਾਮਲ ਹਨ। ਸੰਨ ਚੁਰਾਸੀ ਵਿੱਚ ਦਿੱਲੀ ਵਿੱਚ ਬੇਗੁਨਾਹ ਸਿੱਖਾਂ ਦੇ ਹੋਏ ਕਤਲੇਆਮ ਵਿੱਚ ਇਸ ਦੀ ਕਾਂਗਰਸੀ ਗੁੰਡਿਆਂ ਨਾਲ ਮਿਲ ਕੇ ਨਿਭਾਈ ਭੂਮਿਕਾ ਕੌਣ ਭੁੱਲਾ ਸਕਦਾ ਹੈ? ਸੰਨ 2002 ਵਿੱਚ ਗੁਜਰਾਤ ਵਿੱਚ, 2013 ਵਿੱਚ ਮੁਜ਼ੱਫ਼ਰਨਗਰ ਵਿੱਚ ਮੁਸਲਮਾਨਾਂ ਦਾ ਕਤਲੇਆਮ, 2008 ਵਿੱਚ ਉੜੀਸਾ 'ਚ ਈਸਾਈਆਂ ਦਾ ਕਤਲੇਆਮ, ਸੰਘ ਪਰਿਵਾਰ ਦੀਆਂ ਅਣਮਨੁੱਖੀ ਕਰਤੂਤਾਂ ਦੀ ਸੂਚੀ ਬਹੁਤ ਲੰਮੀ ਹੈ।

ਹੋਰ ਸੂਬਿਆਂ ਤੋਂ ਇਲਾਵਾ ਉੱਤਰ ਪ੍ਰਦੇਸ਼ ਵਿੱਚ ਅੱਜ-ਕੱਲ ਇਸ ਦੀ ਪੂਰੀ ਚੜਤ ਹੈ। ਪਹਿਲਾਂ ਗੁਜਰਾਤ ਸੰਘੀ ਫਾਸੀਵਾਦ ਦਾ ਮਾਡਲ ਰਿਹਾ ਹੈ। ਅੱਜ-ਕੱਲ ਇਹ ਭੂਮਿਕਾ ਯੋਗੀ ਅਦਿਤਯਨਾਥ ਦੀ ਅਗਵਾਈ ਵਿੱਚ ਉੱਤਰ ਪ੍ਰਦੇਸ਼ ਨਿਭਾਅ ਰਿਹਾ ਹੈ। ਤਾਜ਼ਾ ਹਾਥਰਸ ਘਟਨਾਕ੍ਰਮ ਦੌਰਾਨ ਸੰਘੀ ਫਾਸੀਵਾਦ ਬੇਹੱਦ ਘ੍ਰਿਣਿਤ ਤੇ ਖ਼ਤਰਨਾਕ ਰੂਪ ਵਿੱਚ ਸਾਹਮਣੇ ਆਇਆ ਹੈ।

ਯੋਗੀ ਅਦਿਤਯਨਾਥ ਗੋਰਖ ਮਠ ਦਾ ਮੁਖੀ ਰਿਹਾ ਹੈ। ਇਸਦੀ ਸੋਚ ਤੇ ਸਰਗਰਮੀ ਵਿੱਚ ਉਹ ਸਭ ਕੁੱਝ ਸ਼ਾਮਲ ਰਿਹਾ ਹੈ ਜਿਸ ਦੀ ਸੰਘ ਨੂੰ ਜ਼ਰੂਰਤ ਹੈ। ਸੰਨ 1998 ਤੋਂ ਉਹ ਭਾਜਪਾ ਦੀ ਟਿਕਟ ਉੱਤੇ ਸੰਸਦ ਮੈਂਬਰ ਚੁਣਿਆ ਜਾਂਦਾ ਰਿਹਾ ਹੈ। ਉਸਨੇ ਇੱਕ ਵਾਰ ਭਾਸ਼ਣ ਵਿੱਚ ਕਿਹਾ ਸੀ ਕਿ ਇੱਕ ਮੁਸਲਮਾਨ ਮੁੰਡੇ ਵੱਲੋਂ ਇੱਕ ਹਿੰਦੂ ਕੁੜੀ ਵਿਆਹੇ ਜਾਣ ਪਿੱਛੋਂ ਹਿੰਦੂਆਂ ਨੂੰ 100 ਮੁਸਲਿਮ ਕੁੜੀਆਂ ਨੂੰ ਜ਼ਬਰਦਸਤੀ ਹਿੰਦੂ ਬਣਾਉਣਾ ਪਵੇਗਾ। ਇੱਕ ਰੈਲੀ ਵਿੱਚ ਯੋਗੀ ਦੀ ਨਿੱਜੀ ਨੌਜਵਾਨ ਗੁੰਡਾ ਜਥੇਬੰਦੀ 'ਹਿੰਦੂ ਯੁਵਾ ਵਾਹਿਨੀ' ਦੇ ਇੱਕ ਆਗੂ ਨੇ ਉਸਦੀ ਹਾਜ਼ਰੀ ਵਿੱਚ ਕਿਹਾ ਸੀ ਕਿ ਮੁਰਦਾ ਮੁਸਲਿਮ ਲੜਕੀਆਂ ਦੀਆਂ ਲਾਸ਼ਾਂ ਨੂੰ ਕਬਰਾਂ ਵਿੱਚੋਂ ਕੱਢ ਕੇ ਬਲਾਤਕਾਰ ਕੀਤਾ ਜਾਣਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਦੇ ਦਾਦਰੀ ਜ਼ਿਲੇ ਵਿੱਚ ਗਊ ਹੱਤਿਆ ਦਾ ਝੂਠਾ ਦੋਸ਼ ਲਗਾ ਕੇ ਕੀਤੀ ਹੱਤਿਆ ਤੋਂ ਬਾਅਦ ਜਦ ਲੋਕ ਦੋਸ਼ੀਆਂ ਨੂੰ ਸਜ਼ਾਵਾਂ ਕਰਾਉਣ ਦੀ ਮੰਗ ਕਰ ਰਹੇ ਸਨ ਤਾਂ ਯੋਗੀ ਅਦਿੱਤਯਨਾਥ ਨੇ ਦਾਦਰੀ ਦੇ ਲੋਕਾਂ ਵਿੱਚ ਹਥਿਆਰ ਵੰਡਣ ਦਾ ਐਲਾਨ ਕੀਤਾ ਸੀ। ਇੱਕ ਵਾਰ ਉਸਨੇ ਕਿਹਾ ਸੀ ਕਿ ਇੱਕ ਹਿੰਦੂ ਦੀ ਹੱਤਿਆ ਦੇ ਜਵਾਬ ਵਿੱਚ 10 ਮੁਸਲਮਾਨਾਂ ਨੂੰ ਮਾਰਿਆ ਜਾਣਾ ਚਾਹੀਦਾ ਹੈ। ਅਜਿਹਾ ਹੈ ਸੰਘੀ ਫਾਸੀਵਾਦ ਦੇ ਮੌਜੂਦਾ ਮਾਡਲ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ।

ਘੱਟ ਗਿਣਤੀਆਂ ਖ਼ਿਲਾਫ਼ ਉਸਦੀ ਜ਼ੋਰਦਾਰ ਸਰਗਰਮੀ ਦੀ ਬਦੌਲਤ ਇਸ ਨੂੰ ਸੰਨ 2014 ਦੀਆਂ ਸੰਸਦੀ ਚੋਣਾਂ ਅਤੇ 2017 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਬ੍ਰਾਂਡ ਪ੍ਰਚਾਰਕ ਬਣਾਇਆ ਗਿਆ। ਇਸ ਵੱਲੋਂ ਕੀਤੇ ਫ਼ਿਰਕੂ ਪ੍ਰਚਾਰ ਦੀ ਬਦੌਲਤ ਨਾ ਸਿਰਫ਼ ਉਸਨੇ ਖ਼ੁਦ ਵਿਧਾਇਕ ਦੀ ਚੋਣ ਜਿੱਤੀ, ਸਗੋਂ ਭਾਜਪਾ ਨੂੰ ਵੀ ਬਹੁਮਤ ਦਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਮੁੱਖ ਮੰਤਰੀ ਯੋਗੀ ਦੀ ਅਗਵਾਈ ਵਿੱਚ ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਸੰਘੀ ਫਾਸੀਵਾਦ ਨੂੰ ਵੱਡੇ ਪੱਧਰ ਉੱਤੇ ਲਾਗੂ ਕੀਤਾ ਹੈ ਤੇ ਇਸ ਮਾਮਲੇ ਵਿੱਚ ਇਸ ਸੂਬੇ ਨੂੰ ਮੋਹਰੀ ਭੂਮਿਕਾ ਵਿੱਚ ਲਿਆਂਦਾ ਹੈ। ਇੱਥੇ ਮਜ਼ਦੂਰਾਂ, ਕਿਰਤੀਆਂ, ਘੱਟਗਿਣਤੀਆਂ, ਔਰਤਾਂ, ਦਲਿਤਾਂ, ਬੁੱਧੀਜੀਵੀਆਂ, ਪੱਤਰਕਾਰਾਂ, ਕਲਾਕਾਰਾਂ ਦੇ ਜਮਹੂਰੀ ਹੱਕਾਂ ਦੇ ਘਾਣ ਦੇ ਸਾਰੇ ਰਿਕਾਰਡ ਤੋੜ ਦਿੱਤੇ ਗਏ ਹਨ।

ਤਾਜ਼ਾ ਹਾਥਰਸ ਕਾਂਡ ਵਿੱਚ ਉੱਤਰ ਪ੍ਰਦੇਸ਼ ਦਾ ਸੰਘੀ ਫਾਸੀਵਾਦੀ ਮਾਡਲ ਆਪਣੇ ਬੇਹੱਦ ਘਿਣਾਉਣੇ ਰੂਪ ਵਿੱਚ ਸਾਹਮਣੇ ਆਇਆ ਹੈ। ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲੇ ਦੇ ਭੂਲਗੜੀ ਪਿੰਡ ਵਿੱਚ ਪਿਛਲੀ 14 ਸਤੰਬਰ ਨੂੰ 19 ਸਾਲਾ ਮਨੀਸ਼ਾ ਵਾਲਮਿਕੀ ਨਾਲ ਪਿੰਡ ਦੇ ਉੱਚ ਜਾਤ ਨਾਲ ਸਬੰਧਤ ਮੁੰਡਿਆਂ ਨੇ ਸਮੂਹਿਕ ਬਲਾਤਕਾਰ ਕੀਤਾ। ਮਨੁੱਖਾਂ ਦੇ ਭੇਖ ਵਿੱਚ ਇਹਨਾਂ ਬਘਿਆੜਾਂ ਨੇ ਪੀੜਤ ਕੁੜੀ ਦੀ ਰੀੜ ਦੀ ਹੱਡੀ ਤੱਕ ਤੋੜ ਸੁੱਟੀ ਅਤੇ ਜੀਭ ਵੀ ਕੱਟ ਦਿੱਤੀ। ਉਂਝ ਤਾਂ ਹਰ ਜਾਤ ਨਾਲ ਸਬੰਧਤ ਔਰਤਾਂ ਨੂੰ ਔਰਤ ਵਿਰੋਧੀ ਅਪਰਾਧਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਦਲਿਤ ਔਰਤਾਂ ਨੂੰ ਵਿਸ਼ੇਸ਼ ਤੌਰ ਉੱਤੇ ਇਹਨਾਂ ਭਿਆਨਕ ਹਾਲਤਾਂ ਦਾ ਵਧੇਰੇ ਸਾਹਮਣਾ ਕਰਨਾ ਪੈਂਦਾ ਹੈ। ਮਨੀਸ਼ਾ ਵਾਲਮਕਿ ਨਾਲ ਵੀ ਇਹੋ ਹੋਇਆ। ਉਸਦਾ ਗੁਨਾਹ ਸੀ ਕਿ ਉਹ ਇੱਕ ਦਲਿਤ ਪਰਿਵਾਰ ਤੋਂ ਸੀ! ਉਸਦਾ ਗੁਨਾਹ ਸੀ ਕਿ ਉਹ ਉੱਤਰ ਪ੍ਰਦੇਸ਼ ਵਿੱਚ ਪੈਦਾ ਹੋਈ ਜੋ ਉਸਦੀ ਜਵਾਨੀ ਵਿੱਚ ਸੰਘੀ ਫਾਸੀਵਾਦ ਦਾ ਮਾਡਲ ਬਣਨਾ ਸੀ, ਜਿੱਥੇ ਔਰਤਾਂ ਵਿਰੋਧੀ ਜੁਰਮਾਂ ਨੂੰ ਹਕੂਮਤ ਵੱਲੋਂ ਖੁੱਲ੍ਹਾ ਹੱਥ ਦਿੱਤਾ ਜਾਣਾ ਸੀ। ਅਜਿਹੇ ਅਪਰਾਧੀਆਂ ਲਈ ਕਿਸੇ ਵੀ ਤਰਾਂ ਦੀ ਨਰਮੀ ਦੀ ਕੋਈ ਗੁੰਜਾਇਸ਼ ਨਹੀਂ ਹੋ ਸਕਦੀ। ਸਮਾਜ ਵਿੱਚ ਨਾ ਰਹਿਣਯੋਗ ਅਜਿਹੇ ਵਿਅਕਤੀਆਂ ਨੂੰ ਜਲਦ ਤੋਂ ਜਲਦ ਫਾਹੇ ਲਾਉਣਾ ਸਮਾਜ ਅਤੇ ਇਨਸਾਫ਼ ਲਈ ਜ਼ਰੂਰੀ ਹੈ। ਪਰ ਯੋਗੀ ਸਰਕਾਰ ਨੇ ਇਸ ਮਾਮਲੇ ਵਿੱਚ ਜੋ ਭੂਮਿਕਾ ਨਿਭਾਈ ਹੈ, ਉਹ ਕੋਈ ਆਮ ਜਾਬਰ ਸਰਕਾਰ ਵੀ ਨਹੀਂ ਨਿਭਾ ਸਕਦੀ। ਭਾਜਪਾ ਨਾਲ ਸਬੰਧਤ ਦੋਸ਼ੀਆਂ ਨੂੰ ਬਚਾਉਣ ਲਈ ਯੋਗੀ ਸਰਕਾਰ ਨੇ ਅੱਡੀ-ਚੋਟੀ ਦਾ ਜ਼ੋਰ ਲਾ ਦਿੱਤਾ ਹੈ। ਪੀੜਤ ਪਰਿਵਾਰ ਨੂੰ ਐਫ.ਆਈ.ਆਰ. ਦਰਜ ਕਰਾਉਣ ਲਈ ਹਫ਼ਤਾ ਭਰ ਦਰ ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਪੋਸਟ ਮਾਰਟਮ ਦੀ ਰਿਪੋਰਟ ਵਿੱਚ ਗੜਬੜ ਕਰਵਾਈ ਗਈ। ਲਾਸ਼ ਮਾਂ ਬਾਪ ਨੂੰ ਨਾ ਸੌਂਪੀ ਗਈ। ਮਾਤਾ-ਪਿਤਾ ਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਘਰ ਵਿੱਚ ਕੈਦ ਕਰ ਦਿੱਤਾ ਗਿਆ। ਪੁਲਿਸ ਦਾ ਸਖ਼ਤ ਪਹਿਰਾ ਬਿਠਾ ਦਿੱਤਾ ਗਿਆ। ਕਿਸੇ ਨੂੰ ਵੀ ਪੀੜਤ ਪਰਿਵਾਰ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਪਰਿਵਾਰ ਦੀ ਮਰਜ਼ੀ ਮੁਤਾਬਿਕ ਬੱਚੀ ਦਾ ਆਦਰ ਸਹਿਤ ਤੇ ਧਾਰਮਿਕ ਰਸਮਾਂ-ਰਿਵਾਜਾਂ ਮੁਤਾਬਿਕ ਅੰਤਿਮ ਸਸਕਾਰ ਤੱਕ ਨਹੀਂ ਕਰਨ ਦਿੱਤਾ ਗਿਆ।

ਰਾਤ ਦੇ ਢਾਈ ਵਜੇ ਲਾਸ਼ ਨੂੰ ਪੁਲਿਸ ਨੇ ਸਾੜ ਦਿੱਤਾ ਤਾਂ ਕਿ ਅਪਰਾਧ ਦੇ ਸਬੂਤ ਮਿਟ ਜਾਣ। ਮੁਸਲਿਮ ਧਰਮ ਨਾਲ ਸਬੰਧਤ ਚਾਰ ਪੱਤਰਕਾਰਾਂ ਉੱਤੇ ਦੰਗੇ ਭੜਕਾਉਣ ਦੇ ਦੋਸ਼ ਲਾ ਕੇ ਜੇਲ ਵਿੱਚ ਡੱਕ ਦਿੱਤਾ ਗਿਆ ਹੈ। ਦੇਸ਼ ਧ੍ਰੋਹ ਅਤੇ ਦੰਗੇ ਭੜਕਾਉਣ ਜਿਹੀਆਂ ਧਾਰਾਵਾਂ ਤਹਿਤ ਉੱਤਰ ਪ੍ਰਦੇਸ਼ ਵਿੱਚ ਕਰੀਬ ਦੋ ਦਰਜਨ ਮਾਮਲੇ ਦਰਜ ਕੀਤੇ ਗਏ ਹਨ। ਪੀੜਤ ਪਰਿਵਾਰ ਨੂੰ ਪੁਲਿਸ ਵੱਲੋਂ ਧਮਕਾਇਆ ਗਿਆ। ਭਾਜਪਾ ਲੀਡਰ ਕਹਿ ਰਹੇ ਹਨ ਕਿ ਔਰਤਾਂ ਭਾਰਤੀ ਸਭਿਆਚਾਰ ਦੀ ਉਲੰਘਣਾ ਕਰ ਰਹੀਆਂ ਹਨ। ਇਸ ਲਈ ਉਨਾਂ ਨਾਲ ਅਜਿਹਾ ਕੁੱਝ ਵਾਪਰਦਾ ਹੈ, ਭਾਵ ਔਰਤਾਂ ਹੀ ਦੋਸ਼ੀ ਹਨ।

ਆਰ.ਐਸ.ਐਸ. ਹਮੇਸ਼ਾ ਤੋਂ ਹੀ ਔਰਤਾਂ ਤੇ ਦਲਿਤਾਂ ਦੇ ਜਮਹੂਰੀ ਹੱਕਾਂ ਦੀ ਵਿਰੋਧੀ ਰਹੀ ਹੈ। ਇਹ ਜੋ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ ਉਸ ਵਿੱਚ ਕਨੂੰਨੀ ਔਰਤਾਂ ਨੂੰ ਮਰਦਾਂ ਤੇ ਦਲਿਤਾਂ ਨੂੰ ਉੱਚ-ਜਾਤਾਂ ਦੇ ਗੁਲਾਮ ਬਣ ਕੇ ਰਹਿਣਾ ਪਵੇਗਾ। ਹਾਥਰਸ ਕਾਂਡ ਵਿੱਚ ਭਾਜਪਾ ਦੀ ਯੋਗੀ ਸਰਕਾਰ ਨੇ ਜੋ ਔਰਤ ਵਿਰੋਧੀ, ਦਲਿਤ ਵਿਰੋਧੀ ਅਪਰਾਧਿਕ ਭੂਮਿਕਾ ਨੰਗੇ-ਚਿੱਟੇ ਰੂਪ ਵਿੱਚ ਨਿਭਾਈ ਹੈ ਉਹ ਸੰਘ ਦੀ ਇਸੇ ਫਾਸੀਵਾਦੀ ਸੋਚ ਦੇ ਅਨੁਸਾਰੀ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਭਾਜਪਾ ਰਾਜ ਵਿੱਚ ਪੂਰੇ ਦੇਸ਼ ਵਿੱਚ ਔਰਤਾਂ ਤੇ ਦਲਿਤਾਂ ਵਿਰੁੱਧ ਜੁਰਮ ਪਹਿਲਾਂ ਨਾਲੋਂ ਵਧ ਚੁੱਕੇ ਹਨ।

### ਯੋਗੀ ਦੇ ਕਾਲੇ ਕਨੂੰਨ

ਸਤੰਬਰ ਵਿੱਚ ਯੋਗੀ ਸਰਕਾਰ ਨੇ ਇੱਕ ਨਵੇਂ ਕਾਲੇ ਕਨੂੰਨ ਰਾਹੀਂ 'ਉੱਤਰ ਪ੍ਰਦੇਸ਼ ਵਿਸ਼ੇਸ਼ ਸੁਰੱਖਿਆ ਬਲ' ਨਾਂ ਦੀ ਇੱਕ ਨਵੀਂ ਹਥਿਆਰਬੰਦ ਤਾਕਤ ਦਾ ਗਠਨ ਕੀਤਾ ਹੈ। ਇਹ ਨਵੇਂ ਤਰਾਂ ਦੀ ਪੁਲਿਸ ਹੋਵੇਗੀ ਜੋ ਬਿਨਾਂ ਕਿਸੇ ਇਜਾਜ਼ਤ ਤੋਂ ਤਲਾਸ਼ੀ ਲੈ ਸਕਦੀ ਹੈ। ਕਦੇ ਵੀ ਕਿਸੇ ਦੀ ਗ੍ਰਿਫ਼ਤਾਰੀ ਕਰ ਸਕਦੀ ਹੈ। ਇਸ ਨਵੀਂ ਪੁਲਿਸ ਦੇ ਕਿਸੇ ਅਫ਼ਸਰ ਜਾਂ ਮੈਂਬਰ ਉੱਤੇ ਕੋਈ ਮੁਕੱਦਮਾ ਨਹੀਂ ਦਰਜ ਕੀਤਾ ਜਾ ਸਕਦਾ ਅਤੇ ਅਦਾਲਤ ਵੀ ਆਪਣੇ ਆਪ ਸਰਕਾਰ ਦੀ ਆਗਿਆ ਤੋਂ ਬਿਨਾਂ ਮੁਕੱਦਮਾ ਨਹੀਂ ਚਲਾ ਸਕੇਗੀ।

ਹਿਟਲਰ ਨੇ ਵੀ ਅਜਿਹੀ ਹੀ 'ਗੇਸਟੇਪੋ' ਨਾਂ ਦੀ ਇੱਕ ਹਥਿਆਰਬੰਦ ਤਾਕਤ ਖੜੀ ਕੀਤੀ ਸੀ। ਸੰਘੀ ਫਾਸੀਵਾਦ ਦੇ ਉੱਤਰ ਪ੍ਰਦੇਸ਼ ਮਾਡਲ ਦੀ ਇਹ ਇੱਕ ਹੋਰ ਉਘੜਵੀਂ ਉਦਾਹਰਨ ਹੈ। ਸੰਘੀ ਫਾਸੀਵਾਦ ਦਾ 'ਹਿੰਦੂ ਰਾਸ਼ਟਰ' ਕਿਸ ਤਰਾਂ ਹੋਵੇਗਾ ਗੁਜਰਾਤ ਤੋਂ ਬਾਅਦ ਹੁਣ ਉੱਤਰ ਪ੍ਰਦੇਸ਼ ਦੇ ਇਸਦੇ ਮਾਡਲ ਤੋਂ ਪੂਰੀ ਤਰਾਂ ਸਪਸ਼ਟ ਹੈ।

# ਦਲਿਤ ਬਚੀ ਦਾ ਫੁਲਵਾੜੀ ਵਿਚੋਂ ਫੁੱਲ ਤੋੜਨਾ ਸਵਰਨ ਜਾਤੀ ਲਈ ਧਰਮ ਸੰਕਟ ਬਣਿਆ

## ✪ ਭਾਰਤ ਵਿਚ ਕਈ ਥਾਵਾਂ ਉੱਪਰ ਦਲਿਤਾਂ ਨੂੰ ਮੁੱਛਾਂ ਰੱਖਣ , ਮੰਦਰ ਵਿਚ ਦਾਖਲ ਹੋਣ, ਖੂਹਾਂ ਵਿਚੋਂ ਪਾਣੀ ਭਰਨ ਉੱਪਰ ਪਾਬੰਦੀ ✪ ਉੱਤਰ ਭਾਰਤ ਵਿਚ ਪਿੰਡਾਂ ਤੋਂ ਵੱਖਰੀਆਂ ਦਲਿਤ ਰੂਪੀ ਨਰਕ ਬਸਤੀਆਂ ਵਸਾ ਕੇ ਸਮਾਜ ਨੂੰ ਵੰਡਿਆ

**- ਪ੍ਰੋ. ਬਲਵਿੰਦਰਪਾਲ ਸਿੰਘ**



**ਕਵਰ ਸਟੋਰੀ**

ਮੂਲ ਨਿਵਾਸੀਆਂ ਦੀ ਗ਼ੁਲਾਮੀ ਬਹੁਤ ਲੰਬੀ ਹੈ। ਅਜ਼ਾਦੀ ਵਲ ਸਫ਼ਰ ਨੂੰ ਮੁਕਤ ਮਾਰਗ ਵਲ ਜਾਂਦਿਆਂ ਨੂੰ ਸਫ਼ਰ ਅਜੇ ਬਹੁਤ ਲੱਗੇਗਾ। ਮਨੂਵਾਦੀ ਹਨੇਰੀਆਂ, ਛਲੇਡਿਆਂ, ਸ਼ੈਤਾਨਾਂ ਦਾ ਜਕੜ ਜਾਲ ਭਾਰਤੀ ਸਮਾਜ ਤੇ ਸਿਆਸਤ ਉੱਪਰ ਡੂੰਘਾ ਪਿਆ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਫ਼ੁਰਮਾਉਣੇ ਹਨ ਜੇ ਤੁਹਾਡਾ ਮਨੋਬਲ ਉੱਚਾ ਹੈ ਤੁਸੀਂ ਬੰਧਨ ਤੋੜ ਲਵੋਂਗੇ।

**'ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥'**

ਪਰ ਇਸ ਲਈ ਸੰਗਤ ਦੀ ਰਚਨਾ ਕਰਨੀ , ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਕਿਸੇ 15 ਸਾਲ ਦੀ ਲੜਕੀ ਦਾ ਕਿਸੇ ਦੀ ਫੁਲਵਾੜੀ ਦੇ ਪੌਦੇ ਤੋਂ ਫੁੱਲ ਤੋੜਨਾ ਕੁਦਰਤੀ ਤੌਰ 'ਤੇ ਗ਼ਲਤ ਹੈ। ਇਸ ਬਾਰੇ ਲੜਕੀ ਨੂੰ ਸਮਝਾਇਆ ਜਾਣਾ ਚਾਹੀਦਾ ਹੈ ਕਿ ਫੁੱਲਾਂ ਨੂੰ ਤੋੜਨਾ ਗ਼ਲਤ ਹੈ। ਜੇ ਉਹ ਲੜਕੀ ਦਲਿਤ ਹੈ ਅਤੇ ਫੁਲਵਾੜੀ ਦੀ ਮਾਲਕਣ ਸਵਰਨ ਜਾਤੀ ਦੀ ਹੈ ਤਾਂ ਇਹ ਜਾਤੀਵਾਦੀ ਸਮਾਜ ਲਈ ਧਰਮ ਸੰਕਟ ਬਣ ਜਾਂਦਾ ਹੈ। ਹੁਣੇ ਜਿਹੇ ਉੜੀਸਾ ਦੇ ਕਨਾਲ ਜ਼ਿਲੇ ਦੇ ਕਾਂਤੀਓ ਕੇਟਨੀ ਪਿੰਡ ਦੇ ਉੱਚ ਜਾਤੀ ਦੇ ਪਰਿਵਾਰਾਂ ਦੁਆਰਾ ਇਕ ਦਲਿਤ ਬੱਚੀ ਦੇ ਫੁੱਲ ਤੋੜਨ ਕਾਰਣ ਦੋ ਹਫ਼ਤਿਆਂ ਲਈ ਲੜਕੀ ਦੇ ਪਰਿਵਾਰ ਤੇ ਪਿੰਡ ਦੀ ਦਲਿਤ ਬਸਤੀ ਦੇ 40 ਦਲਿਤ ਪਰਿਵਾਰਾਂ ਦਾ ਬਾਈਕਾਟ ਕਰ ਦਿੱਤਾ ਗਿਆ । ਪਿੰਡ ਦੀ ਕੋਈ ਉੱਚ ਜਾਤੀ ਉਨਾਂ ਨਾਲ ਗੱਲ ਨਹੀਂ ਕਰ ਰਹੀ।

ਭਾਰਤੀ ਸਮਾਜ ਜਾਤੀਵਾਦੀ ਸਮਾਜ ਹੈ। ਦਲਿਤਾਂ ਨਾਲ ਵਿਤਕਰੇ ਇਸ ਦੇ ਮਨੂਵਾਦੀ ਲੱਛਣ ਹਨ। ਦਲਿਤਾਂ ਨੂੰ ਮੁੱਛਾਂ ਰੱਖਣ , ਉਨਾਂ ਦੇ ਮੰਦਰ ਵਿਚ ਦਾਖਲ ਹੋਣ, ਉਨਾਂ ਦੇ ਖੂਹਾਂ ਵਿਚੋਂ ਪਾਣੀ ਭਰਨ ਉੱਪਰ ਪਾਬੰਦੀ ਹੈ। ਇੱਥੋਂ ਤਕ ਕਿ ਉਨਾਂ ਦੇ ਪਰਛਾਵਿਆਂ ਤੋਂ ਉੱਚ ਜਾਤੀਆਂ ਨੂੰ ਖ਼ਤਰਾ ਮਹਿਸੂਸ ਹੁੰਦਾ ਹੈ।

**ਪਿੰਡਾਂ ਦੇ ਬਾਹਰ ਦਲਿਤ ਕਲੋਨੀ**

ਉੱਤਰ ਭਾਰਤ ਵਿਚ ਪਿੰਡ ਵਸਾਉਣ ਵਾਲੇ ਉੱਚ ਜਾਤੀ ਦੇ ਲੋਕ ਹਨ, ਜਿਨਾਂ ਵੱਖਰੀਆਂ ਦਲਿਤ ਰੂਪੀ ਨਰਕ ਬਸਤੀਆਂ ਵਸਾ ਕੇ ਸਮਾਜ ਨੂੰ ਵੰਡਿਆ ਹੈ। ਇਹ ਬਸਤੀਆਂ ਤੁਹਾਨੂੰ ਪੰਜਾਬ ਵਿਚ ਵੀ ਦੇਖਣ ਨੂੰ ਮਿਲਣਗੀਆਂ ਤੇ ਸਿਵੇ ਵੀ। ਸਾਡਾ ਦੁਖਾਂਤ ਕਿ ਗੁਰੂ ਸਾਹਿਬਾਨਾਂ ਦੀ ਪਾਵਨ ਧਰਤੀ ਉੱਪਰ ਛਲੇਡਿਆਂ ਦਾ ਵਾਇਰਸ ਕਾਇਮ ਹੈ। ਇਸ ਨੂੰ ਅਸੀਂ ਸਹਿਣ ਕਰਕੇ ਗੁਰੂਆਂ ਦੀ ਧਰਤੀ ਉੱਪਰ ਮਨੂਵਾਦੀ ਪ੍ਰਦੂਸ਼ਣ ਜਾਰੀ ਰੱਖ ਰਹੇ ਹਾਂ। ਮਨੂਵਾਦੀ ਵਿਸ਼ਵਾਸ ਅਨੁਸਾਰ ਮੌਤ ਅਤੇ ਮਹਾਂਮਾਰੀ ਦੱਖਣ ਤੋਂ ਪਿੰਡ ਵਿਚ ਦਾਖਲ ਹੁੰਦੀ ਹੈ। ਨਤੀਜੇ ਵਜੋਂ ਦਲਿਤ ਦੱਖਣ ਵਿਚ ਅਤੇ ਪਿੰਡ ਦੇ ਵਿਚਕਾਰ ਹੀ ਵਸਾਏ ਗਏ ਤਾਂ ਜੋ ਮਨੂਵਾਦੀ ਵਿਸ਼ਵਾਸ ਅਨੁਸਾਰ ਬਿਮਾਰੀ ਤੇ ਮੌਤ ਦਲਿਤ ਸਮਾਜ ਨੂੰ ਚੰਬੜੇ ਤੇ ਸਵਰਨ ਜਾਤੀਆਂ ਇਹਨਾਂ ਬਿਮਾਰੀਆਂ ਤੇ ਮੌਤ ਤੋਂ ਮੁਕਤ ਰਹਿਣ। ਇਹ ਵਰਨ ਆਸ਼ਰਮ ਹੀ ਬਹੁਜਨ ਦੀ ਗ਼ੁਲਾਮੀ ਦਾ ਕਾਰਣ ਹੈ।

ਘੋਰ ਨਫ਼ਰਤ ਦਾ ਪ੍ਰਦਰਸ਼ਨ ਹੈ।

ਵਰਨ-ਵੰਡ ਦੇ ਪਹਿਲੇ ਪੜਾਅ ਉੱਪਰ ਮੂਲਨਿਵਾਸੀਆਂ ਨੂੰ ਦਲਿਤ ਤੇ ਗ਼ੁਲਾਮ ਬਣਾ ਦਿੱਤਾ। ਪੁਜਾਰੀਵਾਦ ਨੇ ਇਸ ਨੂੰ ਧਾਰਮਿਕ ਪਾਵਨ ਰੁਤਬਾ ਦਿੱਤਾ ਤੇ ਬ੍ਰਹਮਾ ਨਾਲ ਜੋੜ ਦਿੱਤਾ। ਇਸ ਪੱਖਪਾਤੀ, ਵਿਤਕਰੇ , ਜ਼ਾਲਮਾਨਾ ਕਲਚਰ ਦਾ ਵਿਰੋਧ ਕਰਨਾ ਧਰਮ ਦਾ ਵਿਰੋਧ ਬਣ ਗਿਆ।

**ਦਲਿਤਾਂ ਦੀ ਗ਼ੁਲਾਮੀ**

ਪਿਛਲੇ ਸਮੇਂ ਦੌਰਾਨ ਜਾਤੀਵਾਦ ਤਹਿਤ ਦਲਿਤ ਬੱਚੀਆਂ ਨਾਲ ਬਲਾਤਕਾਰ ਉੱਚ ਜਾਤੀਆਂ ਵੱਲੋਂ ਅਧਿਕਾਰ ਸਮਝਿਆ ਗਿਆ। ਪੁਲਿਸ ਵੱਲੋਂ ਪੀੜਤ ਬੱਚੀਆਂ ਦੀਆਂ ਜਬਰੀ ਲਾਸ਼ਾਂ ਫੂਕੀਆਂ ਤੇ ਮਨੁੱਖੀ ਅਧਿਕਾਰਾਂ ਦਾ ਅਪਮਾਨ ਕੀਤਾ। ਇਹ ਮਨੁੱਖਤਾ, ਜਮਹੂਰੀਅਤ , ਮਨੁੱਖੀ ਅਧਿਕਾਰਾਂ ਉੱਪਰ ਕਲੰਕ ਹੈ। ਦੋਸ਼ੀ ਠਾਕੁਰ ਬਚਾਉਣ ਦੇ ਸਰਕਾਰੀ ਸਿਸਟਮ ਵੱਲੋਂ ਯਤਨ ਹੋਏ। ਹਾਥਰਸ ਕਾਂਡ ਇਸ ਦੀ ਪ੍ਰਮੁੱਖ ਉਦਾਹਰਨ ਹੈ । ਭਾਰਤ ਵਿਚ ਦਲਿਤਾਂ ਦੇ ਅਧਿਕਾਰ ਤਾਂ ਪਸ਼ੂ ਦੇ ਨਿਆਈਂ ਵੀ ਨਹੀਂ ਹਨ । ਇਸ ਤੋਂ ਵੱਡੀ ਗ਼ੁਲਾਮੀ ਕੀ ਹੈ ਜਦ ਬਰਾਬਰੀ ਦੇ ਅਧਿਕਾਰ ਨਹੀਂ ਹਨ।

ਬਹੁਤ ਸਾਰੇ ਇਲਾਕਿਆਂ ਵਿੱਚ ਜਗੀਰਦਾਰਾਂ , ਠਾਕੁਰਾਂ ਵਲੋਂ ਖੇਤ ਮਜ਼ਦੂਰ ਦਲਿਤਾਂ ਦੇ ਇੱਕ ਹਿੱਸੇ ਨੂੰ ਉੱਚ ਜਾਤਾਂ ਵੱਲੋਂ ਮਿਹਨਤ ਬਦਲੇ ਅਨਾਜ ਦਿੱਤਾ ਜਾਂਦਾ ਸੀ। ਪਸ਼ੂਆਂ ਦੇ ਚਾਰਾ ਖਾਂਦੇ ਸਮੇਂ ਗੋਬਰ ਵਿੱਚ ਨਿਗਲ਼ਿਆ ਅਨਾਜ ਗੋਬਰ ਵਿਚ ਆ ਜਾਂਦਾ ਸੀ । ਦਲਿਤ ਚਰਵਾਹੇ ਜਾਂ ਮਜ਼ਦੂਰ ਗੋਬਰ ਨੂੰ ਧੋ ਕੇ ਸਾਫ਼ ਕਰਦੇ ਸਨ ਅਤੇ ਇਸ ਨੂੰ ਪੀਸ ਕੇ ਖਾ ਜਾਂਦੇ ਸਨ। ਅਕਰਮਾਸ਼ੀ ਨਾਵਲ ਵਿਚ ਇਹ ਬਿਰਤਾਂਤ ਬਹੁਤ ਹੀ ਦੁਖਾਂਤਕ ਸਿਰਜਿਆ ਹੋਇਆ ਹੈ। ਇਹ ਬਿਰਤਾਂਤ ਸਦੀਆਂ ਪੁਰਾਣਾ ਨਹੀਂ ਹੈ , ਬਲਕਿ ਸਿਰਫ਼ ਪੰਜਾਹ ਸਾਲ ਪੁਰਾਣਾ ਹੈ। ਦਲਿਤ ਰਾਜਨੀਤੀ, ਚੋਣਾਂ ਵਿੱਚ ਉਂਗਲਾਂ ਉੱਤੇ ਦਲਿਤਾਂ ਦੀਆਂ ਵੋਟਾਂ ਗਿਣ ਕੇ ਜਗੀਰੂ ਜਾਤੀਵਾਦੀ ਚੌਧਰੀਆਂ ਵੱਲੋਂ ਆਪਣੇ ਮਾਲਕੀ ਖਾਤੇ ਵਿਚ ਰੱਖੀਆਂ ਜਾਂਦੀਆਂ ਹਨ ਤੇ ਵਰਤੀਆਂ ਜਾਂਦੀਆਂ ਹਨ ਤਾਂ ਜੋ ਸੱਤਾਧਾਰੀ ਧਿਰ ਕੋਲੋਂ ਲਾਭ ਲਏ ਜਾ ਸਕਣ। ਦੂਜੇ ਪਾਸੇ ਦਲਿਤ ਨੇਤਾਵਾਂ ਨੇ ਉਨਾਂ ਨੂੰ ਆਪਣੀ ਸਤਾ ਤੇ ਪਹੁੰਚਣ ਵਾਲੀ ਪੌੜੀ ਬਣਾਇਆ ਹੈ ਪਰ ਉਹਨਾਂ ਦੀ ਮੁਕਤੀ ਬਾਰੇ ਕਦੇ ਨਹੀਂ ਸੋਚਿਆ। ਪਾਸਵਾਨ, ਸ਼ਰਦ ਯਾਦਵ ਇਸ ਦੀਆਂ ਉਦਾਹਰਨਾਂ ਹਨ। ਇਸ ਲਈ ਗ਼ੁਲਾਮ ਦਲਿਤ ਸਮਾਜ ਤਬਦੀਲੀ ਵਲ ਨਹੀਂ ਵਧ ਸਕਿਆ। ਜਾਤੀ ਪ੍ਰਣਾਲੀ ਨੂੰ ਤੋੜੋ ਬਿਨਾਂ ਸ਼ੁੱਧ ਦਲਿਤ ਹਿਤੂ ਜੇਤੂ ਰਾਜਨੀਤੀ ਸਿਰਜੇ ਬਿਨਾਂ ਮੁਕਤੀ ਸੰਭਵ ਨਹੀਂ ਹੈ। ਆਦਿਵਾਸੀਆਂ, ਪਛੜਿਆਂ, ਘੱਟਗਿਣਤੀਆਂ ਦਾ ਸਿਆਸੀ ਤੇ ਸੰਗਤੀ ਸਾਂਝ ਦਾ ਸਿਆਸੀ ਪੈਂਤੜਾ ਇਸ ਦਾ ਹੱਲ ਹੈ। ਇਹ ਸਮਝਣਾ ਹੋਵੇਗਾ ਕਿ ਜਿਸ ਦਿਨ ਗੈਰ-ਉੱਚ ਜਾਤੀਆਂ ਦਾ ਪ੍ਰਤੀਕਰਮ ਵਜੋਂ ਬਾਈਕਾਟ ਹੋਵੇਗਾ ਤਾਂ ਹੀ ਮਨੂਵਾਦੀ ਢਾਂਚੇ ਨੂੰ, ਇਸ ਨਫ਼ਰਤ ਨੂੰ ਠਲ ਪਵੇਗੀ। ਇਹ ਗਲ ਮੰਨਣਯੋਗ ਹੈ ਕਿ ਸੰਵਿਧਾਨ ਵੀ ਜਾਤੀ ਪਾਤੀ ਸਿਸਟਮ ਖ਼ਤਮ ਨਹੀਂ ਕਰ ਸਕਿਆ। ਸੰਵਿਧਾਨ ਨੂੰ ਵੀ ਮਨੂਵਾਦੀ ਰਾਜਨੀਤੀ ਵੱਲੋਂ ਤਰੋੜਿਆਂ ਮਰੋੜਿਆ ਗਿਆ ਹੈ । ਪਰ ਫਿਰ ਵੀ ਦਲਿਤਾਂ ਦੇ ਘਰ ਬਾਬਾ ਸਾਹਿਬ ਅੰਬੇਦਕਰ ਦੀ ਤਸਵੀਰ ਅਤੇ ਉਸ ਦੇ ਹੱਥ ਵਿਚ ਸੰਵਿਧਾਨ ਦੀ ਇਕ ਕਾਪੀ, ਕਾਂਸ਼ੀ ਰਾਮ ਜੀ ਦੀ ਪੈੱਨ ਵਾਲੀ ਫ਼ੋਟੋ ਬਹੁਜਨ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਦੀ ਹੈ। ਉਹ ਦਿਨ ਆਵੇਗਾ ਜਦੋਂ ਸਾਰੇ ਬਰਾਬਰ ਹੋਣਗੇ । ਸਤਾ ਮਨੂਵਾਦੀ ਸਿਸਟਮ ਵਿਚੋਂ ਬਾਹਰ ਨਿਕਲੇਗੀ। ਬਾਬੇ ਕਾਂਸ਼ੀ ਰਾਮ ਜੀ ਦਾ ਜਗਾਇਆ ਸਤਾ ਲਈ ਸੁਪਨਾ ਖ਼ਤਮ ਨਹੀਂ ਹੋਵੇਗਾ। ਲਗਾਤਾਰ ਸਫ਼ਰ ਜਾਰੀ ਹੈ। ਸਿਆਸਤ ਵਿਚ ਟੁੱਟ ਭੱਜ , ਨਿਘਾਰ ਜਾਰੀ ਰਹਿੰਦਾ ਹੈ। ਪਰ ਵੱਡੀ ਗਲ ਹੈ ਕਿ ਬਹੁਜਨ ਦੇ ਸਤਾ ਵਾਲੇ ਸੁਪਨੇ ਜੋ ਕਾਂਸ਼ੀ ਰਾਮ ਜੀ ਨੇ ਤੋਹਫ਼ੇ ਵਜੋਂ ਦਿੱਤੇ ਹਨ ਸੁਨਹਿਰੀ ਸੱਤਾ ਦੇ ਸੁਪਨੇ ਵੰਚਿਤ ਭਾਈਚਾਰੇ ਵਿਚ ਜਾਗਦੇ ਹਨ। ਜਾਗਣਾ ਹੀ ਇਨਕਲਾਬ ਹੈ। ਮੁਕਤੀ ਮਾਰਗ ਵਲ ਸਫ਼ਰ ਹੈ।

---

# ਬਦਲੀਏ ਔਰਤਾਂ ਪ੍ਰਤੀ ਨਜ਼ਰੀਆ

**- ਸੰਜੀਵ ਸਿੰਘ ਸੈਣੀ, ਮੋਹਾਲੀ**

ਪ੍ਰਾਚੀਨ ਸਮੇਂ ਤੋਂ ਹੀ ਸੰਤ,ਗੁਰੂਆਂ,ਪੀਰ ਪੈਗ਼ੰਬਰਾਂ ਨੇ ਔਰਤ ਨੂੰ ਪੂਰਾ ਮਾਣ ਸਨਮਾਨ ਦਿੱਤਾ ਹੈ। ਔਰਤ ਹੀ ਜੱਗ ਜਣਨੀ ਹੈ। ਅੱਜ ਔਰਤਾਂ,ਮਰਦਾਂ ਦੀ ਬਰਾਬਰੀ ਕਰ ਰਹੀਆਂ ਹਨ। 8 ਮਾਰਚ ਨੂੰ 'ਅੰਤਰਰਾਸ਼ਟਰੀ ਮਹਿਲਾ ਦਿਵਸ' ਦੇ ਤੌਰ ਤੇ ਮਨਾਇਆ ਜਾਂਦਾ ਹੈ। ਕੀ ਇਹ ਸਨਮਾਨ ਸਿਰਫ਼ ਇੱਕ ਦਿਨ ਲਈ ਹੀ ਹੈ ? ਇਹ ਬਹੁਤ ਸੋਚਣ ਵਾਲੀ ਗੱਲ ਹੈ। ਜਦੋਂ ਕੋਈ ਵੀ ਪ੍ਰੀਖਿਆਵਾਂ ਦਾ ਨਤੀਜਾ ਘੋਸ਼ਿਤ ਹੁੰਦਾ ਹੈ, ਤਾਂ ਟਾਪ ਪੁਜ਼ੀਸ਼ਨਾਂ ਤੇ ਕੁੜੀਆਂ ਹੀ ਬਾਜ਼ੀ ਮਾਰਦਿਆਂ ਹਨ। ਕਲਪਨਾ ਚਾਵਲਾ ਨੇ ਪੁਲਾੜ ਵਿੱਚ ਜਾ ਕੇ ਇਤਿਹਾਸ ਰਚਿਆ। ਧਰਤੀ ਤੋਂ ਲੈ ਕੇ ਚੰਨ ਤੱਕ ਔਰਤਾਂ ਨੇ ਬਾਜ਼ੀ ਮਾਰ ਲਈ ਹੈ। ਚਾਹੇ ਉਹ ਰਾਜਨੀਤੀ, ਪੁਲਾੜ, ਹਵਾਈ ਸੈਨਾ, ਪ੍ਰਸ਼ਾਸਨਿਕ ਸੇਵਾਵਾਂ ਜਾਂ ਹੋਰ ਕੋਈ ਖੇਤਰ। ਆਏ ਦਿਨ ਅਖ਼ਬਾਰਾਂ ਵਿਚ ਜਬਰ-ਜਨਾਹ ਦੀਆਂ ਘਟਨਾਵਾਂ ਪੜਨ ਨੂੰ ਮਿਲਦੀਆਂ ਹਨ। ਮੁੰਡਿਆਂ ਦੀ ਲਾਲਸਾ ਕਰਕੇ ਕਈ ਪਰਿਵਾਰ ਕੁੜੀਆਂ ਨੂੰ ਪੇਟ ਵਿਚ ਹੀ ਮਾਰ ਦਿੰਦੇ ਹਨ। ਪਰਿਵਾਰਾਂ ਦੇ ਦਿਮਾਗ਼ ਵਿਚ ਇਹ ਹੁੰਦਾ ਹੈ ਕਿ ਕੁੜੀਆਂ ਬੇਗਾਨਾ ਧੰਨ ਹੁੰਦੀਆਂ ਹਨ। ਕਿਸੇ ਨੇ ਸਹੀ ਕਿਹਾ ਹੈ, 'ਪੁੱਤ ਵੰਡਾਉਣ ਜ਼ਮੀਨਾਂ , ਧੀਆਂ ਦੁੱਖ ਵੰਡਾਉਂਦੀਆਂ ਹਨ।'

ਅੱਜ ਕੁੜੀਆਂ ਨੂੰ ਜਨਮ ਹੀ ਨਹੀਂ ਲੈਣ ਦਿੱਤਾ ਜਾਂਦਾ । ਤੇਲੰਗਾਨਾ ਵਿੱਚ ਜਾਨਵਰਾਂ ਦੀ ਡਾਕਟਰ ਨਾਲ ਬਲਾਤਕਾਰ ਕੀਤਾ ਗਿਆ। ਉਸ ਦੀ ਲਾਸ਼ ਨੂੰ ਜਲਾ ਦਿੱਤਾ ਗਿਆ। ਇਸ ਕਾਂਡ ਨਾਲ ਸਬੰਧਿਤ ਦੋਸ਼ੀ ਐਨਕਾਉਂਟਰ ਵਿੱਚ ਮਾਰੇ ਗਏ । ਉੱਥੋਂ ਦੇ ਪੁਲਿਸ ਕਮਿਸ਼ਨਰ ਦਾ ਸ਼ਲਾਘਾਯੋਗ ਕਦਮ ਸੀ। ਕੀ ਇਹ ਮਹਿਲਾਵਾਂ ਦਾ ਸਨਮਾਨ ਹੈ ? ਚਾਹੇ ਅਸੀਂ ਇੱਕੀਵੀਂ ਸਦੀ ਵਿੱਚੋਂ ਗੁੱਜਰ ਰਹੇ ਹਾਂ। ਫਿਰ ਅੱਜ ਮਹਿਲਾਵਾਂ ਸੁਰੱਖਿਅਤ ਕਿਉਂ ਨਹੀਂ ਹਨ ? ਨਿਰਭਿਆ ਕੇਸ ਨੂੰ ਸਾਰੇ ਹੀ ਚੰਗੀ ਤਰਾਂ ਜਾਣਦੇ ਹਨ। ਸੱਤ ਸਾਲ, ਤਿੰਨ ਮਹੀਨੇ, 8 ਦਿਨ ਬਾਅਦ ਆਖ਼ਿਰ ਨਿਰਭਿਆ ਦੇ ਮਾਤਾ-ਪਿਤਾ ਨੂੰ ਇਨਸਾਫ਼ ਮਿਲਿਆ ਸੀ । ਤੜਕੇ ਸਾਰ ਦੋਸ਼ੀਆਂ ਨੂੰ ਫਾਂਸੀ ਦੇ ਦਿੱਤੀ। ਤਿਹਾੜ ਜੇਲ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇਕ ਦੂਜੇ ਨੂੰ ਮਠਿਆਈ ਵੰਡ ਕੇ ਖ਼ੁਸ਼ੀ ਮਨਾਈ। ਦੋਸ਼ੀਆਂ ਰਾਹੀਂ ਬਾਰ-ਬਾਰ ਰਹਿਮ ਦੀ ਅਪੀਲ ਵੀ ਪਾਈ ਗਈ। ਜ਼ਰਾ ਵਿਚਾਰਨ ਵਾਲੀ ਗੱਲ ਹੈ ਆਖ਼ਿਰ ਸੱਤ ਸਾਲ ਕਿਉਂ ਲੱਗ ਗਏ ? ਜਦੋਂ ਇੱਕ ਵਾਰ ਸੁਪਰੀਮ ਕੋਰਟ ਦਾ ਫ਼ੈਸਲਾ ਆ ਚੁੱਕਿਆ ਸੀ ਕਿ ਫਾਂਸੀ ਹੋ ਜਾਏਗੀ। ਕਿਉਂ ਵਾਰ ਵਾਰ ਰਹਿਮ ਦੀ ਅਪੀਲ ਪਾ ਕੇ ਸੁਪਰੀਮ ਕੋਰਟ ਦਾ ਵੀ ਸਮਾਂ ਬਰਬਾਦ ਕੀਤਾ ਗਿਆ। ਬਲਾਤਕਾਰ, ਛੇੜਛਾੜ, ਜਬਰਜਨਾਹ, ਤੇਜ਼ਾਬੀ ਹਮਲਾ ਵਰਗੇ ਘੋਰ ਅਪਰਾਧ ਜਿਹੇ ਕੇਸ ਵਕੀਲਾਂ ਨੂੰ ਨਹੀਂ ਫੜਨੇ ਚਾਹੀਦੇ। ਜੋ ਵੀ ਕੋਈ ਵਕੀਲ ਅਜਿਹਾ ਕੇਸ ਫੜਦਾ ਹੈ ਤਾਂ ਬਾਰ ਕੌਂਸਲ ਉਸ ਦੀ ਰਜਿਸਟ੍ਰੇਸ਼ਨ ਤੁਰੰਤ ਕੈਂਸਲ ਕਰੇ। ਜਦੋਂ ਵੀ ਅਜਿਹਾ ਕੋਈ ਕੇਸ ਸਾਹਮਣੇ ਆਉਂਦਾ ਹੈ, ਤਾਂ ਪੁਲੀਸ ਪ੍ਰਸ਼ਾਸਨ ਨੂੰ ਵੀ ਔਰਤ ਦੀ ਸੁਣਨੀ ਚਾਹੀਦੀ ਹੈ। ਹਾਲਾਂਕਿ ਨਿਰਭਿਆ ਗੈਂਗਰੇਪ ਮਾਮਲੇ ਤੋਂ ਬਾਅਦ ਕਾਨੂੰਨਾਂ ਵਿਚ ਤਬਦੀਲੀ ਆਈ ਹੈ। ਨਵੇਂ ਕਾਨੂੰਨ ਬਣੇ ਹਨ। ਜੇਕਰ ਜੁਡੀਸ਼ੀਅਲ ਸਿਸਟਮ ਵਿਚ ਤਬਦੀਲੀਆਂ ਕਰ ਦਿੱਤੀਆਂ ਜਾਂਦੀਆਂ ਹਨ, ਤਾਂ ਦੋਸ਼ੀਆਂ ਨੂੰ ਜ਼ਿਆਦਾ ਸਮਾਂ ਬਖ਼ਸ਼ਿਆ ਨਹੀਂ ਜਾ ਸਕੇਗਾ ।

ਇਤਿਹਾਸ ਗਵਾਹ ਹੈ ਕਿ ਫੂਲਨ ਦੇਵੀ ਨੇ 22 ਬਲਾਤਕਾਰੀਆਂ ਨੂੰ ਕਤਾਰ ਵਿਚ ਖੜੇ ਕਰਕੇ ਆਪ ਹੀ ਗੋਲੀ ਮਾਰੀ ਸੀ। ਹਾਲ ਹੀ ਵਿਚ ਉੱਤਰ ਪ੍ਰਦੇਸ਼ ਦੇ ਹਾਥਰਸ ਵਿਚ ਦਲਿਤ ਕੁੜੀ ਨਾਲ ਜੋ ਘਟਨਾ ਵਾਪਰੀ, ਉਹ ਦੇਸ਼ ਦੀ ਕਾਨੂੰਨ ਵਿਵਸਥਾ ਤੇ ਸਵਾਲੀਆ ਚਿੰਨ ਲਾਉਂਦੀ ਹੈ। ਚਾਰ ਵਿਅਕਤੀਆਂ ਨੇ ਸਮੂਹਿਕ ਜਬਰ-ਜਨਾਹ ਕੀਤਾ। ਇਹ ਵਹਿਸ਼ੀ ਕਾਰਾ ਕਰਨ ਤੋਂ ਬਾਅਦ ਉਸ ਦੇ ਗੁਪਤ ਅੰਗਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਪੀੜਤਾਂ ਦੀ ਦਿੱਲੀ ਦੇ ਹਸਪਤਾਲ ਵਿੱਚ ਮੌਤ ਹੋ ਗਈ। ਪੁਲੀਸ ਪ੍ਰਸ਼ਾਸਨ ਨੇ ਚੁੱਪ ਚੁਪੀਤੇ ਰਾਤ ਨੂੰ ਹੀ ਕੁੜੀ ਦਾ ਸੰਸਕਾਰ ਕਰ ਦਿੱਤਾ। ਪੁਲਿਸ ਨੇ ਪੂਰੇ ਪਿੰਡ ਨੂੰ ਸੀਲ ਕਰ ਦਿੱਤਾ ਸੀ। ਪਰਿਵਾਰ ਦੇ ਫ਼ੋਨ ਤੱਕ ਖੋਹ ਲਏ ਸਨ। ਕਾਬਿਲੇਗੌਰ ਹੈ ਕਿ ਸਾਰੇ ਮੁਲਕ ਖ਼ਾਸ ਤੌਰ ਤੇ ਯੂ ਪੀ ਵਿੱਚ ਤਾਂ ਔਰਤਾਂ ਤੇ ਨਿਰੰਤਰ ਅੱਤਿਆਚਾਰ ਹੋ ਰਹੇ ਹਨ। ਮਹਿਲਾਵਾਂ ਬਲਾਤਕਾਰ ਤੇ ਹੋਰ ਹਿੰਸਾ ਦੀਆਂ ਸ਼ਿਕਾਰ ਹੋ ਰਹੀਆਂ ਹਨ । ਹਾਲਾਂਕਿ ਪਰਿਵਾਰ ਨੂੰ ਸਰਕਾਰੀ ਨੌਕਰੀ ਅਤੇ ਆਰਥਿਕ ਮਦਦ ਦਾ ਵੀ ਐਲਾਨ ਕੀਤਾ ਗਿਆ ਹੈ। ਕਾਂਗਰਸੀ ਨੇਤਾ ਰਾਹੁਲ ਗਾਂਧੀ ਨੂੰ ਉੱਤਰ ਪ੍ਰਦੇਸ਼ ਦੇ ਬਾਰਡਰ ਤੇ ਹੀ ਰੋਕ ਦਿੱਤਾ ਗਿਆ ਸੀ। ਵੈਸੇ ਤਾਂ ਸਰਕਾਰ 'ਬੇਟੀ ਬਚਾਓ, ਬੇਟੀ ਪੜਾਓ' ਦਾ ਰਾਗ ਅਲਾਪਦੀ ਰਹਿੰਦੀ ਹੈ, ਉਸ ਨੂੰ ਦੇਸ਼ 'ਚ ਮਹਿਲਾ ਸੁਰੱਖਿਆ ਦੇ ਮੁਹਾਜ਼ ਤੇ ਵੀ ਬੇਹੱਦ ਚੌਕਸੀ ਵਰਤਣੀ ਚਾਹੀਦੀ ਹੈ। ਦਰਿੰਦਿਆਂ ਨੂੰ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ, ਤਾਂ ਕਿ ਉਹ ਔਰਤਾਂ ਤੇ ਜ਼ੁਲਮ ਕਰਨ ਤੋਂ ਪਹਿਲਾਂ ਸੌ ਵਾਰ ਸੋਚਣ। ਅੱਜ ਨੌਜਵਾਨ ਪੀੜੀ ਨੂੰ ਔਰਤਾਂ ਪ੍ਰਤੀ ਆਪਣੀ ਸੋਚ ਨੂੰ ਬਦਲਣ ਦੀ ਲੋੜ ਹੈ। ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਚਾਹੇ ਅਸੀਂ ਕਿਸੇ ਵੀ ਅਦਾਰੇ ਵਿਚ ਅਫ਼ਸਰ ਹੋਈਏ, ਕਿਤੇ ਵੀ ਅਸੀਂ ਕੰਮ ਕਰੀਏ, ਮਹਿਲਾਵਾਂ ਨੂੰ ਹਰ ਦਿਨ ਸਨਮਾਨ ਦੇਈਏ।




## ਪਾਠਕਾਂ ਦਾ ਨਜ਼ਰੀਆ

### ਭਾਰਤੀ ਸਿਆਸਤ ਦਾ ਸ਼ੁਧੀਕਰਨ ਜ਼ਰੂਰੀ

ਜਿਹੜੇ ਭਵਿੱਖ ਦੇ ਸੁਨਹਿਰੀ ਸੁਪਨੇ ਲੈਂਦਿਆਂ ਦੇਸ਼ ਭਗਤਾਂ ਨੇ ਆਜ਼ਾਦ ਭਾਰਤ ਦੇ ਨਿਰਮਾਣ ਲਈ ਸੰਘਰਸ਼ ਕੀਤਾ, ਕੀ ਉਹ ਪੂਰਾ ਹੋਇਆ ਹੈ? ਕੀ ਲੋਕਾਂ ਨੂੰ ਹੱਕ ਅਤੇ ਇਨਸਾਫ਼ ਮਿਲ ਰਿਹਾ ਹੈ? ਕੀ ਲੋਕ ਜਮਹੂਰੀਅਤ ਦਾ ਅਨੰਦ ਮਾਣ ਰਹੇ ਹਨ? ਕੀ ਨੌਜਵਾਨਾਂ ਦੇ ਚਿਹਰਿਆਂ ਉੱਤੇ ਜ਼ਿੰਦਗੀ ਪ੍ਰਤੀ ਸੰਤੁਸ਼ਟਤਾ ਨਜ਼ਰ ਆਉਂਦੀ ਹੈ? ਕੀ ਲੋਕ ਮਹਿਸੂਸ ਕਰਦੇ ਹਨ ਕਿ ਉਨਾਂ ਦਾ ਵਰਤਮਾਨ ਤੇ ਭਵਿੱਖ ਸੁਰੱਖਿਅਤ ਹੈ ? ਕੀ ਲੋਕਾਂ ਨੂੰ ਬੋਲਣ ਦੀ ਆਜ਼ਾਦੀ ਹੈ ? ਅਜਿਹੇ ਗੰਭੀਰ ਪ੍ਰਸ਼ਨਾਂ ਦਾ ਉੱਤਰ ਲੱਭਦਿਆਂ ਨਿਰਾਸ਼ਤਾ ਹੀ ਪੱਲੇ ਪੈਂਦੀ ਹੈ। ਪੰਜਾਬ ਦੇ 117 ਵਿਧਾਨ ਸਭਾ ਦੇ ਮੈਂਬਰਾਂ ਨੂੰ ਲੋਕਾਂ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਲਈ ਲੋਕ ਹਰ ਪੰਜ ਸਾਲ ਬਾਅਦ ਚੁਣ ਕੇ ਭੇਜਦੇ ਹਨ ਅਤੇ 543 ਐੱਮ.ਪੀ. ਦੇਸ਼ ਦੀ ਲੋਕ ਸਭਾ ਵਿੱਚ ਆਪਣੇ ਆਪਣੇ ਪ੍ਰਾਂਤ ਦੇ ਹੱਕਾਂ ਦੀ ਪਹਿਰੇਦਾਰੀ ਲਈ ਚੁਣ ਕੇ ਭੇਜੇ ਜਾਂਦੇ ਹਨ। ਹੁਣ ਤਕ ਵਿਧਾਨ ਸਭਾ ਦੀਆਂ 15 ਅਤੇ ਲੋਕ ਸਭਾ ਦੀਆਂ 17 ਚੋਣਾਂ ਹੋ ਚੁੱਕੀਆਂ ਹਨ। ਵਰਤਮਾਨ ਰਾਜਨੀਤੀ ’ਤੇ ਨਜ਼ਰ ਮਾਰਦਿਆਂ ਦੇਸ਼ ਭਗਤਾਂ ਜਾਂ ਉਨਾਂ ਦੇ ਪਰਿਵਾਰਾਂ ਨਾਲ ਸਬੰਧਿਤ ਮੈਂਬਰ ਨਾ ਤਾਂ ਵਿਧਾਨ ਸਭਾ ਦੀਆਂ ਬਰੂਹਾਂ ਪਾਰ ਕਰਨ ਦੀ ਸਮਰੱਥਾ ਰੱਖਦੇ ਹਨ ਅਤੇ ਨਾ ਹੀ ਲੋਕ ਸਭਾ ਦੇ ਐੱਮ.ਪੀ. ਵਜੋਂ ਕੋਈ ਮਜ਼ਲੂਮਾਂ, ਗਰੀਬਾਂ ਅਤੇ ਲੋੜਵੰਦਾਂ ਦੇ ਹਮਦਰਦ ਵਜੋਂ ਸ਼ਹੀਦਾਂ ਜਾਂ ਦੇਸ਼ ਭਗਤਾਂ ਦੇ ਪਰਿਵਾਰ ਵਿੱਚੋਂ ਨਜ਼ਰ ਆਉਂਦਾ ਹੈ। ਦਰਅਸਲ ਦੇਸ਼ ਦੀ ਮਹਿੰਗੀ ਹੋਈ ਰਾਜਨੀਤੀ ਨੇ ਉਨਾਂ ਨੂੰ ਹਾਕਮਾਂ ਦੀ ਕਤਾਰ ਵਿੱਚ ਖੜਾ ਕੀਤਾ ਹੈ, ਜਿਹੜੇ ਜੋੜ-ਤੋੜ ਦੀ ਰਣਨੀਤੀ ਤੋਂ ਚੰਗੀ ਤਰਾਂ ਵਾਕਫ਼ ਹਨ, ਜਿਹੜੇ ਆਪ ਰੱਜਣ ਅਤੇ ਉੱਪਰਲਿਆਂ ਨੂੰ ਰਜਾਉਣ ਦੀ ਸਮਰੱਥਾ ਰੱਖਦੇ ਹਨ। ਜਿਹੜੇ ਲੋਕ-ਹਿਤਾਂ ਨੂੰ ਕੁਚਲ ਕੇ ਝੂਠੇ ਵਾਅਦਿਆਂ ਅਤੇ ਦਾਅਵਿਆਂ ਦੀ ਫ਼ਸਲ ਬੀਜਣ ਦੀ ਕੋਝੀ ਵਿਉਂਤਬੰਦੀ ਕਰਨ ਜਾਣਦੇ ਹਨ। ਭਾਵੇਂ ਭਾਰਤੀ ਚੋਣ ਕਮਿਸ਼ਨ ਨੇ ਹੁਣ ਤਕ ਐੱਮ.ਐੱਲ.ਏ. ਬਣਨ ਲਈ ਚੋਣ ਖਰਚ ਦੀ ਸੀਮਾ 30 ਲੱਖ ਅਤੇ ਐੱਮ.ਪੀ. ਲਈ 70 ਲੱਖ ਨਿਰਧਾਰਿਤ ਕੀਤੀ ਸੀ (ਚੋਣ ਕਮਿਸ਼ਨ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਹੁਣ ਐੱਮ.ਐੱਲ.ਏ. ਦੀ ਚੋਣ ਲਈ 30.80 ਲੱਖ ਅਤੇ ਐੱਮ.ਪੀ ਦੀ ਚੋਣ ਲਈ 77 ਲੱਖ ਖ਼ਰਚਾ ਨਿਰਧਾਰਿਤ ਕੀਤਾ ਗਿਆ ਹੈ) ਪਰ ਚੋਣਾਂ ਇਨਾਂ ਖਰਚਾ ਦੀ ਸੀਮਾ ਵਿੱਚ ਰਹਿ ਕੇ ਨਹੀਂ ਲੜੀਆਂ ਜਾਂਦੀਆਂ। ਰਾਜਸੀ ਪਾਰਟੀਆਂ ਟਿਕਟ ਲੈਣ ਵਾਲੇ ਉਮੀਦਵਾਰਾਂ ਸਬੰਧੀ ਲੋਕਾਂ ਦੀ ਭਰੋਸੇਯੋਗਤਾ, ਇਮਾਨਦਾਰੀ, ਸਮਾਜ, ਪ੍ਰਾਂਤ ਤੇ ਖ਼ਰਚਾ ਸੇਵਾ ਨੂੰ ਨਹੀਂ ਦੇਖਦੀਆਂ, ਸਗੋਂ ਇਸ ਗੱਲ ਨੂੰ ਤਰਜੀਹ ਦਿੰਦੀਆਂ ਹਨ ਕਿ ਉਹ ਪਾਰਟੀ ਲਈ ਕਰੋੜਾਂ ਵਿੱਚ ‘ਚੋਣ ਫ਼ੰਡ’ ਦੇਣ ਦੇ ਨਾਲ-ਨਾਲ ਚੋਣਾਂ ਵਿੱਚ ਪਾਣੀ ਵਾਂਗ ਪੈਸਾ ਵਹਾਉਣ ਦੀ ਸਮਰੱਥਾ ਰੱਖਦਾ ਹੋਵੇ। ਚੋਣ ਜਿੱਤਣ ਉਪਰੰਤ ਰਾਜਸੀ ਨੇਤਾ ਦੇ ਅਜਿਹੇ ਵਿਅਕਤੀ ਹੀ ਚਹੇਤੇ ਹੁੰਦੇ ਹਨ ਅਤੇ ਉਹ ਵੀ.ਆਈ.ਪੀ. ਕੈਟਾਗਰੀ ਵਿੱਚ ਸ਼ਾਮਲ ਹੋ ਕੇ ਲੁੱਟ-ਖਸੁੱਟ ਕਰਕੇ ਬਿਆਜ ਸਮੇਤ ਆਪਣਾ ਕੀਤਾ ਖਰਚ ਹੀ ਅਡਜਸਟ ਨਹੀਂ ਕਰਦੇ, ਸਗੋਂ ਅੰਨੀ ਕਮਾਈ ਕਰਕੇ ਆਪਣੀਆਂ ਤਿਜੌਰੀਆਂ ਭਰਦੇ ਹਨ। ਰਾਜਸੀ ਲੋਕਾਂ ਦਾ ਅਜਿਹੇ ਕਾਲੇ ਕਾਰਨਾਮੇ ਕਰਨ ਵਾਲਿਆਂ ਤੇ ‘ਮਿਹਰ ਭਰਿਆ ਹੱਥ’ ਹੁੰਦਾ ਹੈ। ਹੁਣ ਜ਼ਰਾ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ 2 ਰਾਜਸੀ ਪਾਰਟੀਆਂ ਦੇ ਚੋਣ ਖ਼ਰਚਿਆਂ ’ਤੇ ਨਜ਼ਰ ਮਾਰ ਲਈਏ:
ਭਾਜਪਾ ਨੇ 1264 ਕਰੋੜ ਖ਼ਰਚ ਕਰਕੇ 303 ਸੀਟਾਂ ਜਿੱਤੀਆਂ ਅਤੇ ਪ੍ਰਤੀ ਸੀਟ ’ਤੇ ਔਸਤ ਖ਼ਰਚਾ 4.17 ਕਰੋੜ ਹੋਇਆ। ਕਾਂਗਰਸ ਨੇ ਖ਼ਰਚੇ 820 ਕਰੋੜ, ਸੀਟਾਂ ਜਿੱਤੀਆਂ 52, ਹਰ ਸੀਟ ’ਤੇ ਔਸਤ ਖ਼ਰਚ 15.79 ਕਰੋੜ।

ਅਜਿਹੇ ਹੱਦੋਂ ਵੱਧ ਚੋਣ ਖ਼ਰਚਿਆਂ ਵਿੱਚ ‘ਕਾਰਪੋਰੇਟ ਘਰਾਨਿਆਂ’ ਨੇ ਵੀ ਬਣਦਾ ਯੋਗਦਾਨ ਪਾਇਆ ਹੈ ਅਤੇ ਉਸ ਦਾ ਪ੍ਰਤੀਕਰਮ ਹੀ ਹੈ ਕਿ ਕਾਰਪੋਰੇਟ ਘਰਾਨਿਆਂ ਦਾ ਕਾਰੋਬਾਰ ਅਮਰ ਵੇਲ ਦੀ ਤਰਾਂ ਵਧ-ਫੁੱਲ ਰਿਹਾ ਹੈ। ਅਜਿਹੀ ਸਥਿਤੀ ਵਿੱਚ ਵਰਤਮਾਨ ਸਿਆਸਤ ਨੇ ਵੱਡੇ ਵਰਗ ਕੋਲੋਂ ਰੁਜ਼ਗਾਰ, ਚੰਗੀ ਸਿਹਤ, ਬਰਾਬਰੀ ਦਾ ਅਧਿਕਾਰ, ਜਮਹੂਰੀਅਤ ਵਿੱਚ ਫ਼ੈਸਲਾਕੁਨ ਤਾਕਤ ਵਿੱਚ ਹਿੱਸੇਦਾਰੀ, ਸਭ ਕੁਝ ਹੀ ਖੋਹ ਲਿਆ ਹੈ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਜਿਹੜੇ ਨੁਮਾਇੰਦਿਆਂ ਨੂੰ ਚੁਣ ਕੇ ਲੋਕਤੰਤਰ ਅਤੇ ਦੇਸ਼ ਦੀ ਰੱਖਿਆ ਲਈ ਭੇਜਿਆ ਜਾਂਦਾ ਹੈ, ਉਨਾਂ ਵਿੱਚੋਂ ਬਹੁਤੇ ਸੰਗੀਨ ਜੁਰਮਾਂ ਨਾਲ ਜੁੜੇ ਹੋਏ, ਵਿਕਾਊ ਅਤੇ ਜ਼ਮੀਰ ਵਿਹੂਣੇ ਹੁੰਦੇ ਹਨ। ਇਸ ਵੇਲੇ 4442 ਮਾਮਲਿਆਂ ਵਿੱਚ ਨੇਤਾਵਾਂ ਵਿਰੁੱਧ ਮੁਕੱਦਮੇ ਦਰਜ ਹਨ ਅਤੇ 2556 ਸੰਸਦਾਂ ਅਤੇ ਵਿਧਾਇਕਾਂ ਉੱਤੇ ਜੁਰਮ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਹਨ। ਪਿਛਲੇ ਦਿਨੀਂ ਭਾਰਤ ਦੀ ਸੁਪਰੀਮ ਕੋਰਟ ਨੂੰ ਬੜੀ ਹੈਰਾਨੀ ਨਾਲ ਕਹਿਣਾ ਪਿਆ ਸੀ ਕਿ ਪੰਜਾਬ ਵਿੱਚ ਇੱਕ ਸਿਆਸੀ ਨੇਤਾ ’ਤੇ 36 ਸਾਲ ਪਹਿਲਾਂ ਹੱਤਿਆ ਦਾ ਦੋਸ਼ ਲੱਗਿਆ ਸੀ ਪਰ ਅੱਜ ਤਕ ਉਸ ਨੂੰ ਕੋਈ ਸਜ਼ਾ ਨਹੀਂ ਮਿਲੀ ਅਤੇ ਉਹ ਕਈ ਵਾਰ ‘ਮਹਿਬੂਬ ਨੇਤਾ’ ਵਜੋਂ ਵਿਧਾਇਕ ਚੁਣਿਆ ਗਿਆ ਹੈ। ਦਰਅਸਲ ਸਿਆਸੀ ਲੋਕਾਂ ਨੇ ਬਹੁਤ ਚਿਰ ਤੋਂ ਕਾਨੂੰਨ ਨੂੰ ਕੁਆਰੰਟਾਇਨ ਕੀਤਾ ਹੋਇਆ ਹੈ।

ਇੱਕ ਸਰਵੇਖਣ ਅਨੁਸਾਰ ਅੰਗਰੇਜ਼ਾਂ ਨੇ ਭਾਰਤ ਉੱਤੇ ਅੰਦਾਜ਼ਨ 200 ਸਾਲ ਰਾਜ ਕੀਤਾ ਅਤੇ ਇਸ ਸਮੇਂ ਲਗਭਗ 100 ਲੱਖ ਕਰੋੜ ਰੁਪਇਆ ਲੁੱਟਿਆ ਪਰ ਭਾਰਤੀ ਆਗੂਆਂ ਨੇ ਤਾਂ ਪਿਛਲੇ 74 ਸਾਲਾਂ ਵਿੱਚ ਸਵਿੱਸ ਬੈਂਕ ਦੇ ਖਾਤਿਆਂ ਵਿੱਚ ਜੋ ਕਾਲਾ ਧਨ ਜਮਾਂ ਕਰਵਾਇਆ ਹੈ, ਉਹ 280 ਲੱਖ ਕਰੋੜ ਹੈ ਅਤੇ ਇਸ 280 ਲੱਖ ਕਰੋੜ ਨਾਲ 30 ਸਾਲਾਂ ਲਈ ਦੇਸ਼ ਦਾ ਬਜਟ ਬਿਨਾਂ ਕਿਸੇ ਟੈਕਸ ਤੋਂ ਪੇਸ਼ ਕੀਤਾ ਜਾ ਸਕਦਾ ਹੈ। ਦਰਅਸਲ ਭਾਰਤ ਦੀ ਗ਼ਰੀਬੀ ਗ਼ਰੀਬਾਂ ਕਾਰਨ ਨਹੀਂ, ਇਨਾਂ ਲੋਟੂ ਟੋਲਿਆਂ ਕਰਕੇ ਹੈ। ਫਾਉਂਡੇਸ਼ਨ’ ਦੀ ਰਿਪੋਰਟ ਅਨੁਸਾਰ ਭਾਰਤ ਦੇ ਇੱਕ ਕਰੋੜ ਮਜ਼ਦੂਰ ਬੇਹੱਦ ਖ਼ਰਾਬ ਹਾਲਤ ਵਿੱਚ ਰਹਿ ਰਹੇ ਹਨ ਅਤੇ 19 ਕਰੋੜ ਲੋਕ ਰਾਤ ਨੂੰ ਭੁੱਖੇ ਪੇਟ ਸੌਣ ਲਈ ਮਜਬੂਰ ਹਨ। ਸਾਹਮਣੇ ਆਏ ਇੱਕ ਹੋਰ ਸਰਵੇਖਣ ਅਨੁਸਾਰ ਭੁੱਖਮਰੀ ਅਤੇ ਕੁ ਪੋਸ਼ਣ ਦੇ ਤੁਲਨਾਤਮਕ ਅਧਿਐਨ ਵਿੱਚ ਸੰਸਾਰ ਦੇ 107 ਦੇਸ਼ਾਂ ਵਿੱਚ ਭਾਰਤ 94 ਨੰਬਰ ’ਤੇ ਹੈ। 37.4 ਫ਼ੀਸਦੀ ਭਾਰਤੀ ਲੋਕਾਂ ਨੂੰ ਪੌਸ਼ਟਿਕ ਭੋਜਨ ਨਹੀਂ ਮਿਲ ਰਿਹਾ ਅਤੇ ਭਾਰਤ ਦੇ 14 ਫ਼ੀਸਦੀ ਬੱਚੇ ਕੁ ਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਸਰੀਰਕ ਤੌਰ ’ਤੇ ਵਧ-ਫੁੱਲ ਨਹੀਂ ਰਹੇ। ਭਾਰਤ ਵਿੱਚ ਸਿਆਸਤ ਦਾ ਸ਼ੁਧੀਕਰਨ ਬਹੁਤ ਜ਼ਰੂਰੀ ਹੈ ਅਤੇ ਇਹ ਸ਼ੁਧੀਕਰਨ ਲੋਕਾਂ ਦੇ ਏਕੇ ਨਾਲ ਹੀ ਸੰਭਵ ਹੋ ਸਕਦਾ ਹੈ।

**- ਮੋਹਨ ਸ਼ਰਮਾ**

### ਪੰਜਾਬੀਆਂ ਦੀਆਂ ਖ਼ੁਦਕੁਸ਼ੀਆਂ ਦਾ ਕਾਰਨ ਇਕੱਲਾ

ਖ਼ੁਦਕੁਸ਼ੀਆਂ ਦਾ ਰਾਹ ਪੰਜਾਬੀਆਂ ਅੰਦਰਲੀ ਨੀਰਸ ਹੋ ਚੁੱਕੀ ਵਿਸਫੋਟਕ ਸਥਿਤੀ ਨੂੰ ਬਿਆਨ ਕਰ ਰਿਹਾ ਹੈ। ਅਜਿਹੀਆਂ ਕਿਹੜੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ ਕਿ ਪੂਰਾ ਪਰਿਵਾਰ ਉਸ ਦਾ ਸਾਹਮਣਾ ਕਰਨ ਦੀ ਬਜਾਏ ਮੌਤ ਨੂੰ ਗਲੇ ਲਾ ਕੇ ਜ਼ਿੰਦਗੀ ਜਿਊਣ ਤੋਂ ਭੱਜ ਰਿਹਾ ਹੈ। ਬਿਨਾਂ ਸ਼ੱਕ ਅੱਜ ਵੱਡੇ ਪੱਧਰ ’ਤੇ ਲੋਕਾਂ ਦੇ ਰੁਜ਼ਗਾਰ ਖੁੱਸ ਗਏ ਹਨ ਤੇ ਵੱਡੇ ਪੱਧਰ ’ਤੇ ਲੋਕ ਆਪਣੇ ਪਰਿਵਾਰ ਦਾ ਪੇਟ ਪਾਲਣ ਤੋਂ ਲੈ ਕੇ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ ਪਰ ਫਿਰ ਵੀ ਖ਼ੁਦਕੁਸ਼ੀ ਅਜਿਹੇ ਹਾਲਾਤ ਤੋਂ ਛੁਟਕਾਰੇ ਦਾ ਰਾਹ ਨਹੀਂ ਹੋਣੀ ਚਾਹੀਦੀ।

ਖ਼ਾਸ ਕਰਕੇ ਪੰਜਾਬ ਵਰਗੇ ਸੂਬੇ ’ਚ ਜੇ ਅਜਿਹਾ ਵਾਪਰਦਾ ਹੈ ਤਾਂ ਇਹ ਉਸ ਤੋਂ ਮੰਦਭਾਗਾ ਹੈ ਕਿਉਂਕਿ ਜ਼ਿੰਦਗੀ ਤੋਂ ਨਿਰਾਸ਼ ਹੋਣਾ ਤਾਂ ਪੰਜਾਬੀਆਂ ਨੇ ਕਦੇ ਸਿੱਖਿਆ ਹੀ ਨਹੀਂ ਸੀ। ਪੰਜਾਬ ਅਜਿਹਾ ਸੂਬਾ ਹੈ , ਜੋ ਪਤਾ ਨਹੀਂ ਕਿੰਨੀ ਵਾਰ ਉੱਜੜਿਆ ਪਰ ਇੱਥੋਂ ਦੇ ਕਦੇ ਨਾ ਅੱਕਣ ਤੇ ਨਾ ਥੱਕਣ ਵਾਲੇ ਲੋਕਾਂ ਨੇ ਇਕ-ਦੂਜੇ ਨਾਲ ਸਿਰ ਜੋੜ ਕੇ ਇਸ ਨੂੰ ਫਿਰ ਤੋਂ ਪੈਰਾਂ ਸਿਰ ਖੜਾ ਕੀਤਾ ਹੈ। ਪਰ ਹੁਣ ਅਜਿਹੀਆਂ ਕਿਹੜੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ, ਜਿਨਾਂ ਨੇ ਪੰਜਾਬੀਆਂ ਦੀ ਜ਼ਿੰਦਗੀ ਨੂੰ ਜ਼ਿੰਦਾ-ਦਿਲ ਦੀ ਬਜਾਏ ਤੰਗ-ਦਿਲ ਬਣਾ ਕੇ ਰੱਖ ਦਿੱਤਾ ਹੈ। ਜਿਸ ਤਰਾਂ ਸਾਡੀ ਭਾਈਚਾਰਕ ਸਾਂਝ ਦਿਨੋਂ-ਦਿਨ ਸੁੰਗੜਦੀ ਜਾ ਰਹੀ ਹੈ, ਉਸੇ ਤਰਾਂ ਹੀ ਸਾਡੀ ਜ਼ਿੰਦਗੀ ਵਿਚ ਔਖੀ ਘੜੀ ਨਾਲ ਲੜਨ ਦੀ ਇੱਛਾ ਸ਼ਕਤੀ ਸੁੰਗੜਦੀ ਜਾ ਰਹੀ ਹੈ। ਪੰਜਾਬੀਆਂ ਦੇ ਮਨੋਬਲ ਦਾ ਸਭ ਤੋਂ ਵੱਡਾ ਸੋਮਾ ਹੀ ਭਾਈਚਾਰਕ ਸਾਂਝ ਸੀ ਪਰ ਅੱਜ ਹਰ ਪਰਿਵਾਰ ਆਪਣੇ ਆਪ ਵਿਚ ਹੀ ਸੀਮਤ ਹੋ ਗਿਆ ਹੈ, ਜਿਸ ਕਾਰਨ ਕਿਸੇ ਨਾਲ ਦੁੱਖ- ਸੁੱਖ ਸਾਂਝਾ ਕਰਨ ਦਾ ਸਭ ਤੋਂ ਵੱਡਾ ਪਲੇਟਫ਼ਾਰਮ ਅਸੀਂ ਗੁਆ ਲਿਆ ਹੈ ਤੇ ਅੱਜ ਅਸੀਂ ਪਰੇਸ਼ਾਨੀਆਂ ਦਾ ਟੋਕਰਾ ਆਪਣੇ ਸਿਰਾਂ ’ਤੇ ਲੱਦੀ ਫਿਰ ਰਹੇ ਹਾਂ।

ਪਹਿਲਾਂ ਇਹ ਪ੍ਰੇਸ਼ਾਨੀਆਂ ਸਾਂਝੇ ਪਰਿਵਾਰਾਂ, ਸ਼ਰੀਕੇ -ਕਬੀਲੇ, ਆਂਢ- ਗੁਆਂਢ ਨਾਲ ਸਾਂਝੀਆਂ ਕਰ ਕੇ ਇਨਾਂ ਦਾ ਭਾਰ ਸਿਰੋਂ ਲਾਹ ਲਿਆ ਜਾਂਦਾ ਸੀ ਤੇ ਇਨਾਂ ਦਾ ਹੱਲ ਵੀ ਰਲ-ਮਿਲ ਕੇ ਕੱਢ ਲਿਆ ਜਾਂਦਾ ਸੀ।। ਇਸ ਲਈ ਖ਼ੁਦਕੁਸ਼ੀ ਜਿਹਾ ਮਹਾਂਪਾਪ ਕਰਨਾ ਤਾਂ ਦੂਰ ਸੋਚਣ ਦੀ ਨੌਬਤ ਵੀ ਨਹੀਂ ਸੀ ਆਉਂਦੀ।

ਆਓ ਭਾਈਚਾਰਕ ਸਾਂਝ ਨੂੰ ਫਿਰ ਤੋਂ ਮਜ਼ਬੂਤ ਕਰੀਏ ਤੇ ਆਪਣੇ ਦੁੱਖਾਂ- ਸੁੱਖਾਂ ਨੂੰ ਪਰਿਵਾਰਾਂ, ਆਂਢ-ਗੁਆਂਢ ਤੇ ਸਕੇ ਸਬੰਧੀਆਂ ਨਾਲ ਵੰਡਾ ਕੇ ਪ੍ਰੇਸ਼ਾਨੀਆਂ ਦੇ ਟੋਕਰੇ ਨੂੰ ਸਿਰ ਤੋਂ ਲਾਹੀਏ ਤੇ ਲੁਹਾਈਏ।

**-ਗੁਰਤੇਜ ਸਿੰਘ ਬਰਾੜ**

### ਫੇਰੂਮਾਨ ਨੇ ਕਾਇਮ ਰੱਖੀ ਅਰਦਾਸ ਦੀ ਮਹਾਨਤਾ

ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਪੰਜਾਬੀ ਸੂਬੇ, ਪੰਜਾਬ ਦੀ ਰਾਜਧਾਨੀ ਚੰਡੀਗੜ, ਪੰਜਾਬ ਨੂੰ ਸੌਂਪੇ ਜਾਣ ਲਈ ਮਰਨ ਵਰਤ ਰੱਖਿਆ ਪਰ ਅਸੀਂ ਇਨਾਂ ਮੰਗਾਂ ਅਤੇ ‘ਬਾਪੂ ਜੀ’ ਦੀ ਕੁਰਬਾਨੀ ਤੋਂ ਉਸ ਸਮੇਂ ਮੂੰਹ ਮੋੜ ਲਿਆ ਜਦ ਇਹ ਲਗਪਗ ਪੂਰੀਆਂ ਹੋਣ ਵਾਲੀਆਂ ਸਨ। ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦਾ ਪੜਪੋਤਰਾ ਨਵਤੇਜ ਸਿੰਘ ਆਪਣੇ ਪੜਦਾਦਾ ਜੀ ਨੂੰ ‘ਬਾਪੂ ਜੀ’ ਕਹਿ ਕੇ ਸੰਬੋਧਨ ਕਰਦਾ ਹੈ। ਉਹ ਉਨਾਂ ਦੀ ਸ਼ਹਾਦਤ ’ਤੇ ਮਾਣਮੱਤਾ ਵੀ ਹੈ ਤੇ ਪੰਜਾਬ ਦੇ ਹਿੱਤਾਂ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਰਹਿਣ ਵਾਲਾ ਨੌਜਵਾਨ ਹੈ। ਸ਼ਹੀਦ ਫੇਰੂਮਾਨ ਦਾ ਜਨਮ 1 ਅਗਸਤ, 1886 ਨੂੰ ਸ. ਚੰਦਾ ਸਿੰਘ ਦੇ ਘਰ ਪਿੰਡ ਫੇਰੂਮਾਨ, ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ। ਸੰਨ 1912 ਵਿਚ ਉਹ ਫ਼ੌਜ ’ਚ ਸਿਪਾਹੀ ਭਰਤੀ ਹੋਏ ਤੇ ਦੋ ਸਾਲ ਬਾਅਦ 1914 ’ਚ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਨਵਤੇਜ ਸਿੰਘ ਦੇ ਦੱਸਣ ਅਨੁਸਾਰ ‘ਬਾਪੂ ਜੀ’ ਨੇ ਇਸ ਉਪਰੰਤ ਮਲਾਇਆ ਤੇ ਬਾਅਦ ਵਿਚ ਹਿਸਾਰ ’ਚ ਆਪਣਾ ਉਸਾਰੀ ਦਾ ਕਾਰੋਬਾਰ ਸ਼ੁਰੂ ਕੀਤਾ। ਉਨਾਂ ਨੇ ਜੈਤੋ ਦੇ ਮੋਰਚੇ ’ਚ ਛੇ ਮਹੀਨੇ ਜੇਲ ਕੱਟੀ। ਸੰਨ 1933 ਵਿਚ ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ ਤੇ ਦੋ ਵਾਰ ਜਨਰਲ ਸਕੱਤਰ ਰਹੇ। ਸੰਨ 1938 ਵਿਚ ਉਹ ਮਹਾਨ ਆਜ਼ਾਦੀ ਸੰਗਰਾਮੀ ਬਾਬਾ ਸੋਹਨ ਸਿੰਘ ਭਕਨਾ ਦੇ ਸੰਪਰਕ ’ਚ ਆਏ। ਜਿਸ ਸਮੇਂ ਬਾਬਾ ਬਕਾਲਾ ਸਥਿਤ ਗੁਰੂ ਤੇਗ਼ ਬਹਾਦਰ ਜੀ ਦੇ ਗੁਰਦੁਆਰਾ ਸਾਹਿਬ ਵਿਖੇ ‘ਭੋਰਾ ਸਾਹਿਬ’ ਦਾ ਨੀਂਹ ਪੱਥਰ ਰੱਖਿਆ ਗਿਆ ਤਾਂ ਫੇਰੂਮਾਨ ਉਸ ਸਮੇਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਨ ਤੇ ਭੋਰਾ ਸਾਹਿਬ ਦੀ ਉਸਾਰੀ ਦਾ ਕੰਮ ਉਨਾਂ ਦੀ ਦੇਖ-ਰੇਖ ਹੇਠ ਹੋਇਆ। ‘ਦਿ ਗ਼ਦਰ ਡਾਇਰੈਕਟਰੀ’ ਵਿਚ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਅਧੀਨ ਕੰਮ ਕਰਦੀ ਖ਼ੁਫ਼ੀਆ ਸੰਸਥਾ ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਵੱਲੋਂ 29 ਮਾਰਚ, 1934 ਨੂੰ ਗ੍ਰਹਿ ਵਿਭਾਗ ਨੂੰ ਦਿੱਤੀ ਗਈ ਖ਼ੁਫ਼ੀਆ ਰਿਪੋਰਟ ਵਿਚ ਉਨਾਂ ਬਾਰੇ ਵੇਰਵਾ ਦਿੱਤਾ ਗਿਆ ਹੈ, ‘ਦਰਸ਼ਨ ਸਿੰਘ ਪੁੱਤਰ ਚੰਦਾ ਸਿੰਘ, ਪਿੰਡ ਫੇਰੂਮਾਨ, ਥਾਣਾ ਬਿਆਸ, ਜ਼ਿਲਾ ਅੰਮ੍ਰਿਤਸਰ ਨੂੰ ਪਹਿਲੀ ਵਾਰ 1923 ਵਿਚ ਸ਼੍ਰੋਮਣੀ ਕਮੇਟੀ ਦੀਆਂ ਸਰਗਰਮੀਆਂ ’ਚ ਸ਼ਾਮਲ ਪਾਇਆ ਗਿਆ ਸੀ। ਉਹ ਜੈਤੋ ਵਾਲੇ ਸ਼ਹੀਦੀ ਜਥਿਆਂ ਵਿੱਚੋਂ ਇਕ ਜਥੇ ਦਾ ਜਥੇਦਾਰ ਬਣਿਆ ਤੇ ਉਸ ਨੂੰ ਛੇ ਮਹੀਨੇ ਸਖ਼ਤ ਕੈਦ ਤੇ 100 ਰੁਪਏ ਜੁਰਮਾਨੇ ਦੀ ਸਜ਼ਾ ਹੋਈ।’ ਨਵਤੇਜ ਸਿੰਘ ਨੇ ਦੱਸਿਆ ਕਿ ‘ਬਾਪੂ ਜੀ’ ਦਾ ਵਿਆਹ ਸਰਦਾਰਨੀ ਕਰਤਾਰ ਕੌਰ ਨਾਲ ਹੋਇਆ। ਉਨਾਂ ਦੇ ਤਿੰਨ ਬੱਚੇ, ਦੋ ਬੇਟੇ ਤੇ ਇਕ ਬੇਟੀ ਸਨ। ਸਭ ਤੋਂ ਵੱਡੇ ਬੇਟੇ ਦਾ ਨਾਂ ਸ. ਜਸਵੰਤ ਸਿੰਘ, ਦੂਸਰੇ ਦਾ ਨਾਂ ਬਖ਼ਤਾਵਰ ਸਿੰਘ ਤੇ ਬੇਟੀ ਦਾ ਨਾਂ ਸਰਦਾਰਨੀ ਸਤਵੰਤ ਕੌਰ ਸੀ। ਸ. ਜਸਵੰਤ ਸਿੰਘ ਦੇ ਬੇਟੇ ਤੇ ਦੋ ਬੇਟੀਆਂ ਹੋਈਆਂ ਜਿਨਾਂ ਵਿਚ ਵੱਡੇ ਬੇਟੇ ਦਾ ਨਾਂ ਬਲਵੰਤ ਸਿੰਘ, ਛੋਟੇ ਬੇਟੇ ਦਾ ਨਾਂ ਸੋਹਨ ਸਿੰਘ, ਵੱਡੀ ਬੇਟੀ ਦਾ ਨਾਂ ਨਰਿੰਦਰ ਕੌਰ ਤੇ ਛੋਟੀ ਬੇਟੀ ਦਾ ਨਾਂ ਹਰਜਿੰਦਰ ਕੌਰ ਹੈ।

ਬਾਪੂ ਜੀ ਦੇ ਪੋਤਰੇ ਬਲਵੰਤ ਸਿੰਘ ਦੇ ਦੋ ਬੇਟੇ ਨਵਤੇਜ ਸਿੰਘ ਤੇ ਗੁਰਜਿੰਦ ਸਿੰਘ ਹਨ, ਜਦਕਿ ਬਾਪੂ ਜੀ ਦੇ ਛੋਟੇ ਪੋਤਰੇ ਸੋਹਨ ਸਿੰਘ ਦੇ ਦੋ ਬੇਟੇ ਤੇ ਦੋ ਬੇਟੀਆਂ ਹਨ ਜਿਨਾਂ ਵਿਚ ਪ੍ਰਿਤਪਾਲ ਸਿੰਘ, ਅਮਨਦੀਪ ਸਿੰਘ, ਮੋਹਨਇੰਦਰ ਕੌਰ ਤੇ ਨਵਪ੍ਰੀਤ ਕੌਰ ਸ਼ਾਮਲ ਹਨ। ਪੰਜਾਬ ਦੀਆਂ ਮੰਗਾਂ ਲਈ ਸੰਨ 1960, 1961 ਤੇ 1965 ਵਿਚ ਕੁਝ ਅਕਾਲੀ ਆਗੂਆਂ ਵੱਲੋਂ ਮਰਨ ਵਰਤ ਰੱਖੇ ਗਏ ਪਰ ਬਾਅਦ ’ਚ ਇਹ ਮਰਨ ਵਰਤ ਤੋੜ ਦਿੱਤੇ। ਪੰਜਾਬ ਦੀਆਂ ਮੰਗਾਂ ਲਈ ਇਹ ਵਰਤ ਸੰਤ ਫ਼ਤਹਿ ਸਿੰਘ, ਮਾਸਟਰ ਤਾਰਾ ਸਿੰਘ, ਸੰਪੂਰਨ ਸਿੰਘ ਰਾਮਾ ਤੇ ਚੰਨਣ ਸਿੰਘ ਉਮਰਾਨੰਗਲ ਆਦਿ ਨੇ ਰੱਖੇ ਸਨ। ਸੰਨ 1969 ਵਿਚ ਸ. ਫੇਰੂਮਾਨ ਨੇ ਪੰਜਾਬ ਦੀਆਂ ਹੋਰ ਮੰਗਾਂ ਲਈ ਮਰਨ ਵਰਤ ਰੱਖਣ ਦਾ ਐਲਾਨ ਕੀਤਾ। ਤਤਕਾਲੀ ਅਕਾਲੀ ਸਰਕਾਰ ਨੇ 12 ਅਗਸਤ, 1969 ਨੂੰ ਉਨਾਂ ਨੂੰ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਜੇਲ ਭੇਜ ਦਿੱਤਾ। ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਵਿੱਦਿਅਕ ਟਰੱਸਟ ਦੇ ਅਹੁਦੇਦਾਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਯੂਥ ਵੈੱਲਫੇਅਰ ਦੇ ਸਾਬਕਾ ਡਾਇਰੈਕਟਰ ਬਲਜੀਤ ਸਿੰਘ ਸੇਖੋਂ ਅਨੁਸਾਰ ਫੇਰੂਮਾਨ ਨੇ 15 ਅਗਸਤ, 1969 ਨੂੰ ਜੇਲ ਵਿਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪੱਚੀ ਸਤੰਬਰ, 1969 ਨੂੰ ਜਦੋਂ ਮਰਨ ਵਰਤ 42ਵੇਂ ਦਿਨ ’ਚ ਸੀ ਤਾਂ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਨੇਤਾ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਮੀਟਿੰਗ ਹੋਈ ਜਿਸ ਵਿਚ ਚੰਡੀਗੜ ਦੀ ਪ੍ਰਾਪਤੀ ਦੀ ਮੰਗ ਉੱਠੀ।

28 ਸਤੰਬਰ ਨੂੰ ਸੱਤ ਪਾਰਟੀਆਂ ਦੇ 60 ਵਿਧਾਇਕਾਂ ਨੇ ਪਾਰਲੀਮੈਂਟ ਦੇ ਬਾਹਰ ਧਰਨਾ ਦਿੱਤਾ। ਸਮੁੱਚੀਆਂ ਪਾਰਟੀਆਂ ਵੱਲੋਂ ਗਿਆਨੀ ਭੁਪਿੰਦਰ ਸਿੰਘ ਨੂੰ ਫੇਰੂਮਾਨ ਨੂੰ ਮਰਨ ਵਰਤ ਛੱਡ ਦੇਣ ਦੀ ਅਪੀਲ ਲਈ ਭੇਜਿਆ ਗਿਆ। ਫੇਰੂਮਾਨ ਨੇ ਗਿਆਨੀ ਜੀ ਨੂੰ ਕਿਹਾ ਕਿ ‘ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਸੀਂ ਅਰਦਾਸ ਦੀ ਮਹਾਨਤਾ ਨੂੰ ਜਾਣਦੇ ਹੋ। ਮੈਂ ਅਰਦਾਸ ਕਰਨ ਉਪਰੰਤ ਮਰਨ ਵਰਤ ਸ਼ੁਰੂ ਕੀਤਾ ਸੀ ਤੇ ਮੈਂ ਅਰਦਾਸ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਇਸ ਤੋਂ ਪਿੱਛੇ ਨਹੀਂ ਹਟ ਸਕਦਾ। ਹੁਣ ਤਾਂ ਚੰਡੀਗੜ ਪੰਜਾਬ ਨੂੰ ਮਿਲਣ ’ਤੇ ਹੀ ਮੈਂ ਮਰਨ ਵਰਤ ਤੋੜਾਂਗਾ। ਇਸ ਉਪਰੰਤ ਉਨਾਂ ਨੂੰ ਵਰਤ ਛੱਡ ਦੇਣ ਲਈ ਅਨੇਕਾਂ ਅਪੀਲਾਂ ਕੀਤੀਆਂ ਗਈਆਂ ਪਰ ਉਨਾਂ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। ਗਿਆਰਾਂ ਅਕਤੂਬਰ, 1969 ਨੂੰ ਉਨਾਂ ਦੁਆਲਿਓਂ ਪੁਲਿਸ ਦਾ ਪਹਿਰਾ ਹਟਾ ਲਿਆ ਗਿਆ ਤੇ ਸਾਰੇ ਮੁਕੱਦਮੇ ਵਾਪਸ ਲੈ ਲਏ ਗਏ। ਮਰਨ ਵਰਤ ਦੇ 74ਵੇਂ ਦਿਨ 27 ਅਕਤੂਬਰ, 1969 ਨੂੰ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਸ਼ਹਾਦਤ ਪ੍ਰਾਪਤ ਕਰ ਗਏ। ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਯਾਦ ਨੂੰ ਕਾਇਮ ਰੱਖਣ ਲਈ ਉਨਾਂ ਦੀ ਯਾਦ ਵਿਚ ਉਨਾਂ ਦੇ ਨਾਂ ’ਤੇ ਰਈਆ ਵਿਖੇ ਲੜਕੀਆਂ ਲਈ ਕਾਲਜ ਉਸਾਰਿਆ ਗਿਆ ਹੈ। ਇਸ ਤੋਂ ਬਾਅਦ ਕਈ ਹੋਰ ਵਿੱਦਿਅਕ ਸੰਸਥਾਵਾਂ ਉਨਾਂ ਦੇ ਨਾਂ ’ਤੇ ਉਸਾਰੀਆਂ ਗਈਆਂ ਹਨ ਜੋ ਸਮਾਜ ਨੂੰ ਵਿੱਦਿਆ ਦਾ ਚਾਨਣ ਵੰਡ ਰਹੀਆਂ ਹਨ।

**- ਇਬਲੀਸ**

### ਛੇੜਛਾੜ ਤੋਂ ਬਲਾਤਕਾਰ ਤੱਕ

ਮੈਂ ਆਪਣੀ ਗਲੀ ਤੋਂ ਪਹਿਲਾਂ ਆਉਂਦੇ ਚੁਰਸਤੇ ’ਤੇ ਹਾਲੇ ਸਕੂਟਰੀ ਮੋੜਨ ਲਈ ਹੌਲੀ ਹੀ ਕੀਤੀ ਸੀ ਕਿ ਇੱਕ 19 ਕੁ ਵਰਿਆਂ ਦੀ ਕੁੜੀ ਮੇਰੇ ਵਿੱਚ ਆ ਵੱਜੀ। ਮੈਂ ਆਪਣੇ ਆਪ ਨੂੰ ਬੜੀ ਮੁਸ਼ਕਿਲ ਨਾਲ ਡਿਗਣੋਂ ਬਚਾਇਆ, ਪਰ ਉਹ ਕੁੜੀ ਡਿਗ ਪਈ ਸੀ। ਮੈਂ ਉਸ ਨੂੰ ਗ਼ੁੱਸੇ ਨਾਲ ਦੇਖਦੇ ਕਿਹਾ, ਓਏ ਤੇਰਾ ਧਿਆਨ ਕਿੱਥੇ ਹੈ।

ਉਸ ਕੁੜੀ ਨੇ ਖੜੀ ਹੋ ਕੇ ਆਪਣੇ ਕੱਪੜੇ ਝਾੜਦਿਆਂ ਕਿਹਾ, ਸੌਰੀ ਦੀਦੀ।

ਇਸ ਤੋਂ ਪਹਿਲਾਂ ਕਿ ਮੈਂ ਉਸ ਕੁੜੀ ਨੂੰ ਕੁਝ ਕਹਿੰਦੀ ਜਾਂ ਡਾਂਟਦੀ ਮੈਨੂੰ ਖੱਬੇ ਹੱਥ ਵਾਲੀ ਗਲੀ ਵਿੱਚੋਂ ਦੋ ਮੋਟਰਸਾਈਕਲ ਸਵਾਰ ਆਉਂਦੇ ਦਿਸੇ। ਉਨਾਂ ਨੂੰ ਦੇਖ ਕੇ ਉਸ ਕੁੜੀ ਨੇ ਮੇਰਾ ਘੁੱਟ ਕੇ ਹੱਥ ਫੜ ਲਿਆ ਤੇ ਉਸਦੇ ਮੱਥੇ ’ਤੇ ਚਿੰਤਾ ਦੀ ਲਕੀਰ ਹੋਰ ਵੀ ਗਹਿਰੀ ਹੋ ਗਈ। ਉਸਦੇ ਹੱਥ ਇਕਦਮ ਬਰਫ਼ ਵਾਂਗ ਠੰਢੇ ਸੀ। ਮੈਨੂੰ ਉਸ ਕੁੜੀ ਨਾਲ ਦੇਖ ਉਹ ਦੋਵੇਂ ਮੋਟਰਸਾਈਕਲ ਸਵਾਰ ਉੱਥੇ ਹੀ ਖੜ ਗਏ।

ਮੈਂ ਗੱਲ ਸਮਝ ਗਈ ਕਿ ਇਹ ਇਸ ਨੂੰ ਤੰਗ ਕਰ ਰਹੇ ਨੇ। ਮੇਰੀ ਜੋ ਸਮਝ ਵਿੱਚ ਆਇਆ, ਮੈਂ ਉਹੀ ਕੀਤਾ। ਮੈਂ ਉਸ ਕੁੜੀ ਨੂੰ ਉੱਚੀ ਦੇਣੀ ਬੋਲ ਕੇ ਕਿਹਾ, ਆਹ ਡੋਰ ਬੈੱਲ ਵਜਾ, ਇਹ ਘਰ ਮੇਰਾ। ਦੇਖਦੇ ਹਾਂ ਕੌਣ ਕੀ ਕਰਦਾ। ਇੰਨਾ ਸੁਣ ਕੇ ਉਸ ਮੋਟਰਸਾਈਕਲ ਵਾਲੇ ਨੇ ਮੋਟਰਸਾਈਕਲ ਦਾ ਮੂੰਹ ਘੁਮਾ ਲਿਆ ਪਰ ਖੜੇ ਉਹ ਉੱਥੇ ਹੀ ਰਹੇ।

ਮੈਂ ਸਕੂਟਰੀ ਸਟੈਂਡ ’ਤੇ ਲਗਾ ਕੇ ਕੁੜੀ ਦਾ ਹੱਥ ਫੜਿਆ ਤੇ ਮੋੜ ਦੇ ਪਹਿਲੇ ਘਰ ਦੀ ਡੋਰ ਬੈੱਲ ਵਜਾ ਦਿੱਤੀ। ਗਲੀ ਦੇ ਸਭ ਮੇਰੇ ਜਾਣੂ ਸਨ। ਜਦੋਂ ਆਂਟੀ ਨੇ ਦਰਵਾਜ਼ਾ ਖੋਲਿਆ ਤਾਂ ਮੈਂ ਉਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਕਿਹਾ, ਆਂਟੀ, ਮੇਰੀ ਸਕੂਟਰੀ ਬੰਦ ਹੋ ਗਈ, ਸਟਾਰਟ ਨਹੀਂ ਹੋ ਰਹੀ।

ਆਂਟੀ, ਨੇ ਅੰਕਲ ਨੂੰ ਆਵਾਜ਼ ਲਗਾਈ। ਇਸ ਸਮੇਂ ਮੇਰਾ ਧਿਆਨ ਮੋਟਰਸਾਈਕਲ ਸਵਾਰਾਂ ਵੱਲ ਸੀ। ਜਿਵੇਂ ਹੀ ਅੰਕਲ ਬਾਹਰ ਆਏ, ਦੋਵੇਂ ਮੋਟਰਸਾਈਕਲ ਸਵਾਰ ਉਨਾਂ ਨੂੰ ਦੇਖ ਕੇ ਭੱਜ ਗਏ। ਮੈਂ ਸੁੱਖ ਦਾ ਸਾਹ ਲਿਆ। ਅੰਕਲ ਨੇ ਸਕੂਟਰੀ ਕਿੱਕ ਨਾਲ ਸਟਾਰਟ ਕੀਤੀ ਤੇ ਮੈਂ ਉਨਾਂ ਦਾ ਧੰਨਵਾਦ ਕੀਤਾ। ਮੈਂ ਉਸ ਕੁੜੀ ਨੂੰ ਕਿਹਾ, ਪਿੱਛੇ ਬੈਠ ਬੀਬਾ, ਮੈਂ ਤੈਨੂੰ ਤੇਰੇ ਘਰ ਛੱਡ ਆਉਂਦੀ ਹਾਂ।

ਉਸ ਕੁੜੀ ਦਾ ਸਾਰਾ ਸਰੀਰ ਕੰਬ ਰਿਹਾ ਸੀ। ਉਹ ਝਿਜਕਦੇ ਮੇਰੇ ਪਿੱਛੇ ਬੈਠੀ ਤਾਂ ਮੈਂ ਪੁੱਛਿਆ, ਕਿੱਥੇ ਜਾਣਾ?

ਉਸ ਨੇ ਦੱਸਿਆ ਕਿ ਉਹਦੀ ਮਾਤਾ ਕਿਸੇ ਦੇ ਘਰ ਸਫ਼ਾਈ ਦਾ ਕੰਮ ਕਰਦੀ ਹੈ। ਸੋ ਅੱਜ ਉਹ ਨਹੀਂ ਆਈ ਤੇ ਮੈਂ ਆਈ ਸੀ। ਪਰ ਇਹ ਮੁੰਡੇ ਕਾਫ਼ੀ ਦੇਰ ਤੋਂ ਮੇਰਾ ਪਿੱਛਾ ਕਰ ਰਹੇ ਸੀ। ਇੰਨਾ ਕਹਿ ਉਹ ਰੋਣ ਲੱਗ ਗਈ। ਮੈਂ ਉਹਨੂੰ ਕਚਹਿਰੀ ਚੌਂਕ ਛੱਡਿਆ ਤੇ ਪੁਲਿਸ ਹੈਲਪ ਲਾਈਨ ਦਾ ਸੰਪਰਕ ਨੰਬਰ ਦਿੱਤਾ ਤੇ ਮੈਂ ਘਰ ਵਾਪਸ ਆ ਗਈ। ਪਰ ਮੇਰੇ ਦਿਮਾਗ਼ ਵਿੱਚ ਹਾਲੇ ਵੀ ਉਹ ਘਟਨਾ ਘੁੰਮ ਰਹੀ ਸੀ।

ਛੇੜਛਾੜ, ਇੱਕ ਮਹਿਜ਼ ਸ਼ਬਦ ਨਹੀਂ, ਇਹ ਪਹਿਲਾ ਕਦਮ ਹੈ ਜੋ ਬਲਾਤਕਾਰ ਵਰਗੇ ਵਹਿਸ਼ੀ ਅਪਰਾਧ ਨੂੰ ਜਨਮ ਦਿੰਦਾ ਹੈ। ਜਦ ਵੀ ਕੋਈ ਬੱਚੀ, ਕੁੜੀ ਜਾਂ ਔਰਤ ਇਸ ਛੇੜਛਾੜ ਬਾਰੇ ਗੱਲ ਕਰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਹੀ ਸਮਝਾਇਆ ਜਾਂਦਾ ਕਿ ਤੇਰੀ ਗ਼ਲਤਫ਼ਹਿਮੀ ਹੈ, ਨਜ਼ਰ ਅੰਦਾਜ਼ ਕਰ, ਰਸਤਾ ਬਦਲ। ਅਕਸਰ ਸਕੂਲ, ਕਾਲਜ ਤੇ ਨੌਕਰੀ ਤੋਂ ਹਟਾ ਲਿਆ ਜਾਂਦਾ ਹੈ।

ਬਚਪਨ ਤੋਂ ਹੀ ਮੁੰਡੇ-ਕੁੜੀ ਦਾ ਫ਼ਰਕ ਇਸ ਦੀ ਜੜ ਬਣ ਜਾਂਦਾ ਹੈ। ਮੇਰੇ ਕੋਲ ਕੌਂਸਲਿੰਗ ਦੌਰਾਨ ਜਦੋਂ ਨਾਬਾਲਗ ਤੇ ਬਾਲਗ ਕੁੜੀਆਂ ਗੱਲ ਕਰਦੀਆਂ ਹਨ ਤਾਂ 80 ਪ੍ਰਤੀਸ਼ਤ ਕੁੜੀਆਂ ਇਸ ‘ਛੇੜਛਾੜ’ ਕਾਰਨ ਮਾਨਸਿਕ

ਰੋਗੀ ਹੁੰਦੀਆਂ ਹਨ। ਜਦ ਉਨਾਂ ਦੇ ਮਾਤਾ-ਪਿਤਾ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉਹ ਪਹਿਲਾਂ ਤਾਂ ਸਾਫ਼-ਸ਼ਾਹ ਮੁੱਕਰ ਜਾਂਦੇ ਹਨ ਪਰ ਜਦ ਉਨਾਂ ਨੂੰ ਭਰੋਸਾ ਦਿਵਾਇਆ ਜਾਂਦਾ ਹੈ ਤਾਂ ਉਹ ਦੱਸਦੇ ਹਨ ਹਕੀਕਤ ਕੀ ਹੈ। ਇੱਕ ਮਾਪਿਆਂ ਨੇ ਇੱਥੋਂ ਤਕ ਵੀ ਦੱਸਿਆ ਕਿ ਸਕੂਲ ਵਿੱਚ ਇੱਕ ਲੜਕਾ ਉਨਾਂ ਦੀ ਬੇਟੀ ਨੂੰ ਤੰਗ ਕਰਦਾ ਸੀ ਤੇ ਜਦ ਉਨਾਂ ਸਕੂਲ ਦੇ ਅਧਿਆਪਕਾਂ ਨਾਲ ਗੱਲ ਕੀਤੀ ਤਾਂ ਸਕੂਲ ਅਥਾਰਿਟੀ ਨੇ ਆਪਣੀ ਸਮਾਜਿਕ ਪ੍ਰਤਿਸ਼ਠਾ ਨੂੰ ਬਚਾਉਣ ਲਈ ਲੜਕੀ ਦੇ ਮਾਪਿਆਂ ਨੂੰ ਚੁੱਪ ਕਰਨ ਦੀ ਸਲਾਹ ਦਿੱਤੀ। ਇਹ ਕੋਈ ਪਹਿਲੀ ਜਾਂ ਅਨੋਖੀ ਘਟਨਾ ਨਹੀਂ। ਹਰ ਸੰਸਥਾ, ਚਾਹੇ ਉਹ ਸਰਕਾਰੀ ਜਾਂ ਪ੍ਰਾਈਵੇਟ ਹੋਵੇ, ਆਪਣੀ ਸਮਾਜਿਕ ਪ੍ਰਤਿਸ਼ਠਾ ਨੂੰ ਬਚਾਉਣ ਲਈ ਪਹਿਲਾਂ ਤਾਂ ਕੁੜੀ ਜਾਂ ਔਰਤ ਨੂੰ ਟਾਲ-ਮਟੋਲ ਕਰਨ ਤੇ ਚੁੱਪ ਕਰਨ ਦੀ ਸਲਾਹ ਦਿੰਦੇ ਹਨ ਤੇ ਜੇ ਇਸ ਨਾਲ ਗੱਲ ਨਹੀਂ ਬਣਦੀ ਤਾਂ ਸੰਸਥਾ ਵਿੱਚੋਂ ਕੱਢਣ ਦੀ ਧਮਕੀ ਤੇ ਕਈ ਵਾਰ ਕੱਢ ਵੀ ਦਿੱਤਾ ਜਾਂਦਾ ਹੈ। ਪਰ ਉਸ ਛੇੜਛਾੜ ਵਾਲੇ ਨੂੰ ਮਾਮੂਲੀ ਫਿਟਕਾਰ, ਮੁਆਫ਼ੀ ਮੰਗਵਾ ਕੇ ਛੱਡ ਦਿੱਤਾ ਜਾਂਦਾ ਹੈ। ਇਸ ਨਾਲ ਉਸ ਦੀ ਹਿੰਮਤ ਹੋਰ ਵਧ ਜਾਂਦੀ ਹੈ। ਅਸ਼ਲੀਲ ਇਸ਼ਾਰਿਆਂ, ਟਿੱਪਣੀਆਂ ਆਦਿ ਰਾਹੀਂ ਸ਼ੁਰੂ ਹੋਈ ਛੇੜਛਾੜ ਵਧਦੀ-ਵਧਦੀ ਹਿੰਸਕ ਬਲਾਤਕਾਰ ਤਕ ਪਹੁੰਚ ਜਾਂਦੀ ਹੈ। ਬਲਾਤਕਾਰ ਦਾ ਜਨਮ ਇੱਕ ਦਮ ਨਹੀਂ ਹੁੰਦਾ ਬਲਕਿ ਇੱਕ ਬਿਮਾਰ ਮਾਨਸਿਕਤਾ ਵਾਲੇ ਮਰਦ ਨੂੰ ਬਚਪਨ ਤੋਂ ਹੀ ਵਾਰ-ਵਾਰ ਮੌਕਾ ਦੇ ਕੇ ਬਣਾਇਆ ਜਾਂਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਛੇੜਛਾੜ ਤੇ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਹੁਣ 10 ਤੋਂ 19 ਸਾਲ ਦੇ ਕਿਸ਼ੋਰ ਮੁੰਡੇ ਬਲਾਤਕਾਰੀ ਬਣ ਰਹੇ ਨੇ ਤੇ ਬਲਾਤਕਾਰ ਹੋ ਰਿਹਾ ਹੈ 2 ਤੋਂ 7 ਸਾਲ ਤਕ ਦੀਆਂ ਮਾਸੂਮ ਬਾਲੜੀਆਂ ਦਾ। ਕਾਰਨ ਬਹੁਤ ਸਪਸ਼ਟ ਹੈ। ਮਾਪੇ ਨੌਕਰੀ ਪੇਸ਼ਾ ਹਨ, ਸਿੰਗਲ ਪਰਿਵਾਰ ਨੇ, ਫ਼ਾਲਤੂ ਦਿਖਾਵਾ। ਉਨਾਂ ਕੋਲ ਪੈਸਾ ਹੈ, ਸਹੂਲਤਾਂ ਹਨ ਪਰ ਵਕਤ ਨਹੀਂ ਇਹ ਜਾਣਨ ਲਈ ਕਿ ਉਨਾਂ ਦਾ ਬੱਚਾ ਕੀ ਸਿੱਖ ਰਿਹਾ ਤੇ ਕੀ ਦੇਖ ਰਿਹਾ ? ਤੇ ਜੇ ਸਕੂਲ ਵਾਲੇ ਜਾਂ ਕੋਈ ਹੋਰ, ਲੜਕੇ ਦੀ ਸ਼ਿਕਾਇਤ ਮਾਪਿਆਂ ਨੂੰ ਕਰੇ ਤਾਂ ਉਨਾਂ ਦਾ ਰਵੱਈਆ ਨਾਂਹ-ਪੱਖੀ ਹੁੰਦਾ ਹੈ। ਉਨਾਂ ਦੀ ਆਪਣੇ ਪੁੱਤਰ ਨੂੰ ਦਿੱਤੀ ਨਾਜਾਇਜ਼ ਖੁੱਲ ਤੇ ਗ਼ਲਤੀ ਵਿੱਚ ਦਿੱਤਾ ਸਾਥ ਉਸ ਨੂੰ ਭਿਆਨਕ ਅਪਰਾਧ ਕਰਨ ਦੀ ਹਿੰਮਤ ਦੇ ਦਿੰਦਾ ਹੈ।

ਭਾਵੇਂ ਹਰ ਸੰਸਥਾ ਵਿੱਚ ਔਰਤਾਂ ਨਾਲ ਹੁੰਦੇ ਗ਼ਲਤ ਵਿਵਹਾਰ ਨੂੰ ਰੋਕਣ ਲਈ ਵੱਖੋ-ਵੱਖਰੇ ਸੈੱਲ ਬਣਾਏ ਗਏ ਹਨ ਪ੍ਰੰਤੂ ਅਕਸਰ ਸਮਾਜਿਕ ਤੇ ਪਰਿਵਾਰਿਕ ਦੁਬਾਉ ਦੇ ਚੱਲਦਿਆਂ ਪੀੜਤ ਉਸ ਸੈੱਲ ਤਕ ਨਹੀਂ ਪਹੁੰਚ ਕਰਦੀਆਂ ਤੇ ਜੇਕਰ ਇੱਕਾ-ਦੁੱਕਾ ਪਹੁੰਚ ਕਰਦੀਆਂ ਹਨ ਤਾਂ ਨਤੀਜਾ ਸਮਾਜਿਕ ਤ੍ਰਿਸਕਾਰ, ਪਰਿਵਾਰਕ ਦਬਾਓ ਤੇ ਮਾਨਸਿਕ ਤੇ ਸਰੀਰਕ ਨੁਕਸਾਨ ਵਰਗੀਆਂ ਧਮਕੀਆਂ ਉਸ ਨੂੰ ਅੰਦਰੋਂ ਤੋੜ ਕੇ ਰੱਖ ਦਿੰਦੀਆਂ ਹਨ। ਬੱਚਿਆਂ ਨੂੰ ਬਚਪਨ ਤੋਂ ਇੱਕ-ਦੂਜੇ ਦੀ ਇੱਜ਼ਤ ਕਰਨਾ ਸਿਖਾਈਏ। ਔਰਤ ਤੇ ਮਰਦ ਦੋਨੋਂ ਕੁਦਰਤ ਦੇ ਦੋ ਅੰਗ ਹਨ। ਦੋਨੋਂ ਹੀ ਸਮਾਨ ਹਨ। ਸੋ ਆਓ! ਆਪਣੇ ਆਲੇ-ਦੁਆਲੇ ਵੱਲ ਝਾਤ ਮਾਰੀਏ ਤੇ ਮਨੁੱਖਤਾ ਨੂੰ ਇਹਨਾਂ ਅਪਰਾਧਾਂ ਤੋਂ ਬਚਾਈਏ।

**- ਸੁਖਪਾਲ ਕੌਰ ਲਾਂਬਾ**

# ‘ਸਫਲਤਾ’ ਹਾਸਲ ਕਰਨ ਲਈ ਖ਼ੁਦ ਤੇ ਭਰੋਸਾ ਰੱਖੋ

**- ਸੰਜੀਵ ਸਿੰਘ ਸੈਣੀ, ਮੋਹਾਲੀ**

ਜ਼ਿੰਦਗੀ ਇੱਕ ਕਲਾ ਹੈ। ਹਰ ਕੰਮ ਨੂੰ ਕਰਨ ਲਈ ਕੁਝ ਨਾ ਕੁਝ ਕੀਮਤ ਚੁਕਾਉਣੀ ਪੈਂਦੀ ਹੈ, ਹਰ ਟੀਚੇ ਤੇ ਪਹੁੰਚਣ ਲਈ ਮਿਹਨਤ ਕਰਨੀ ਪੈਂਦੀ ਹੈ । ਜੇ ਸਾਡਾ ਟੀਚਾ ਵਧੀਆ ਹੋਵੇਗਾ ਤਾਂ ਅਸੀਂ ਮੰਜ਼ਿਲ ਸਰ ਕਰ ਸਕਦੇ ਹਨ । ਹਰ ਨਵੀਂ ਸਵੇਰ ਉਮੀਦ ਲੈ ਕੇ ਆਉਂਦੀ ਹੈ। ਜ਼ਿੰਦਗੀ ਵਿੱਚ ਬਹੁਤ ਵਾਰ ਅਸਫਲਤਾਵਾਂ ਮਿਲਦੀਆਂ ਹਨ । ਕਦੇ ਵੀ ਉਦਾਸ ਨਾ ਹੋਵੋ। ਸੋਚੋ ! ਕਿ ਸਫਲਤਾ ਸਾਨੂੰ ਕਿਉਂ ਨਹੀਂ ਮਿਲੀ। ਸਾਡੀ ਕਿਹੜੀ ਅਜਿਹੀ ਗ਼ਲਤੀ ਸੀ, ਜਿਹੜੀ ਸਾਨੂੰ ਆਪਣੇ ਟੀਚੇ ਤੇ ਨਹੀਂ ਪਹੁੰਚਾ ਸਕੀ। ਫਿਰ ਸੰਘਰਸ਼ ਕਰੋ, ਮਿਹਨਤ ਕਰਦੇ ਰਹੋ, ਫਲ ਦੀ ਇੱਛਾ ਨਾ ਕਰੋ। ਕਦੇ ਵੀ ਨਾ ਘਬਰਾਓ; ਅਸਫਲਤਾ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਸਫਲ ਲੋਕਾਂ ਨੂੰ ਕੋਈ ਵੀ ਕੰਮ ਕਰਨਾ ਹੈ ਤਾਂ ਉਹ ਹਰ ਹਾਲ ਵਿੱਚ ਕਰ ਕੇ ਹੀ ਸਾਹ ਲੈਂਦੇ ਹਨ। ਇਹ ਮੰਨ ਕੇ ਚੱਲੋ, ਜੇ ਕੋਈ ਮੁਸੀਬਤ ਪੈਦਾ ਹੋਈ ਹੈ ਤਾਂ ਉਸ ਦਾ ਹੱਲ ਵੀ ਹੈ। ਕਈ ਵਾਰ ਸਖ਼ਤ ਮਿਹਨਤ ਨਾਲ ਵੀ ਮਨ ਚਾਹਿਆ ਟੀਚਾ ਨਹੀਂ ਮਿਲਦਾ, ਪਰ ਜੋ ਲਗਾਤਾਰ ਮਿਹਨਤ ਕਰਦਾ ਹੈ ਤੇ ਮੁਸੀਬਤਾਂ ਦਾ ਡਟ ਕੇ ਸਾਹਮਣਾ ਕਰਦਾ ਹੈ, ਸਫਲਤਾ ਉਸ ਦੇ ਪੈਰ ਚੁੰਮਦੀ ਹੈ। ਦਰੱਖਤਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪਤਝੜ ਵਿੱਚ ਉਨਾਂ ਦੇ ਪੱਤੇ ਝੜ ਜਾਂਦੇ ਹਨ ਅਤੇ ਰੁੱਖ ਨਵੇਂ ਪੱਤੇ ਆਉਣ ਦੀ ਆਸ ਰੱਖਦੇ ਹਨ; ਤਾਂ ਜੋ ਉਹ ਰਾਹਗੀਰਾਂ ਨੂੰ ਛਾਂ ਦੇ ਸਕਣ। ਸਾਨੂੰ ਸਿਰਫ਼ ਮਹਾਨ ਵਿਅਕਤੀਆਂ ਨੂੰ ਨਹੀਂ ਦੇਖਣਾ ਚਾਹੀਦਾ, ਸਗੋਂ ਉਨਾਂ ਦੇ ਕੰਮ ਦੇ ਤਰੀਕੇ ਨੂੰ ਵੀ ਦੇਖਣਾ ਚਾਹੀਦਾ ਹੈ। ਨਾਲ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨਾਂ ਵਿੱਚ ਆਖ਼ਿਰ ਕੀ ਗੁਣ ਸੀ, ਉਨਾਂ ਨੇ ਇਸ ਮੰਜ਼ਿਲ ਨੂੰ ਸਰ ਕਿਵੇਂ ਕੀਤਾ। ਕੋਈ ਵੀ ਇਨਸਾਨ ਜਨਮ ਤੋਂ ਸਫ਼ਲਤਾ ਦੀ ਗਾਰੰਟੀ ਲੈ ਕੇ ਪੈਦਾ ਨਹੀਂ ਹੁੰਦਾ, ਸਗੋਂ ਆਪਣੇ ਕੰਮ ਨੂੰ ਬਿਹਤਰੀਨ ਢੰਗ ਨਾਲ ਕਰਕੇ ਸਿਖਰ ਤੇ ਪੁੱਜਦੇ ਹਨ। ਲੋਕਾਂ ਦੀ ਕਦੇ ਵੀ ਪ੍ਰਵਾਹ ਨਾ ਕਰੋ। ਗ਼ਲਤੀਆਂ ਤੋਂ ਸਿੱਖੋ । ਗ਼ਲਤੀਆਂ ਦੁਬਾਰਾ ਨਾ ਕਰੋ। ਸਾਨੂੰ ਆਪਣੀ ਕਾਬਲੀਅਤ ਦਾ ਪੂਰਾ ਪ੍ਰਯੋਗ ਕਰਨਾ ਚਾਹੀਦਾ ਹੈ। ਚਾਹੇ ਉਹ ਸ਼ੌਕ ਕੋਈ ਵੀ ਖੇਤਰ ਦਾ ਹੋਵੇ। ਸਾਨੂੰ ਸਮਾਜ ਵਿੱਚ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ; ਜਿਨਾਂ ਕੋਲ ਜ਼ਿਆਦਾ ਸਰੋਤ ਨਾ ਹੋਣ ਕਰਕੇ ਵੀ ਮੰਜ਼ਿਲਾਂ ਨੂੰ ਸਰ ਕੀਤਾ। ‘ਅਬਰਾਹਿਮ ਲਿੰਕਨ’ ਜਿਸ ਦਾ ਬਚਪਨ ਗ਼ਰੀਬੀ ਵਿੱਚ ਵਿੱਚ ਬੀਤਿਆ ਸੀ, ਕਿਸ ਤਰਾਂ ਰਾਸ਼ਟਰਪਤੀ ਦਾ ਤਾਜ ਉਸ ਦੇ ਸਿਰ ਤੇ ਸਜਿਆ ਸੀ। ਜੇ ਮਹਾਨ ਬਣਨਾ ਚਾਹੁੰਦੇ ਹਾਂ ਤਾਂ ਆਪਣੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਨਾ ਪਵੇਗਾ, ਤੇ ਮੁਸੀਬਤਾਂ ਦਾ ਡਟ ਕੇ ਸਾਹਮਣਾ ਕਰਨਾ ਪਵੇਗਾ, ਤਾਂ ਹੀ ਸਫਲਤਾ ਦੀ ਮੰਜ਼ਿਲ ਤੇ ਪੁੱਜ ਸਕਾਂਗੇ । ਝੂਠ ਦਾ ਕਦੇ ਵੀ ਸਹਾਰਾ ਨਾ ਲਵੋ। ਹੌਸਲੇ ਨੂੰ ਆਪਣੇ ਢੇਰੀ ਨਾ ਹੋਣ ਦੇਵੋ। ਵਧੀਆ ਦੋਸਤਾਂ ਨਾਲ ਤਾਲਮੇਲ ਬਣਾ ਕੇ ਰੱਖੋ, ਜੋ ਤੁਹਾਨੂੰ ਅਸਫਲਤਾਵਾਂ ਦੇ ਦੌਰ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਨ। ਦੁੱਖ-ਸੁੱਖ ਤਾਂ ਆਉਂਦੇ ਰਹਿੰਦੇ ਹਨ। ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਰਹੋ। ਜੋ ਲੋਕ ਸਮੁੰਦਰ ਵਿੱਚੋਂ ਹੀਰੇ-ਮੋਤੀ ਚੁਣਦੇ ਹਨ, ਉਹ ਸਫਲਤਾ ਨੂੰ ਇੱਕ ਦਿਨ ਪ੍ਰਾਪਤ ਕਰਦੇ ਹਨ।

# ਜ਼ਿੰਦਗੀ ਦਾ ਅਨੰਦ ਕਿਵੇਂ ਲਿਆ ਜਾ ਸਕਦਾ

**- ਵਿਜੈ ਗਰਗ**

ਕੀ ਤੁਹਾਡੇ ਕੋਲ ਵੱਡੇ ਸੁਪਨੇ ਹਨ ? ਕੀ ਇਹ ਸੁਪਨੇ ਕਦੇ ਹਕੀਕਤ ਨਹੀਂ ਬਣ ਜਾਣਗੇ ਕਿਉਂਕਿ ਤੁਸੀਂ ਕੋਸ਼ਿਸ਼ ਕਰਨ ਤੋਂ ਡਰਦੇ ਹੋ ਅਤੇ ਆਖ਼ਰਕਾਰ ਅਸਫਲ ਹੋ ਜਾਂਦੇ ਹੋ ?

ਅਸਫਲਤਾ ਦੇ ਡਰ ਨੂੰ ਘੱਟ ਨਹੀਂ ਸਮਝਣਾ ਚਾਹੀਦਾ, ਅਸਲ ਵਿੱਚ ਇਹ ਅਸਥਿਰ ਹੋ ਸਕਦਾ ਹੈ. ਫਿਰ ਵੀ ਜੇ ਅਸੀਂ ਡਰ ਨੂੰ ਮੰਨਦੇ ਹਾਂ, ਅਸੀਂ ਕਦੇ ਵੀ ਅੱਗੇ ਨਹੀਂ ਵੱਧ ਸਕਦੇ ਅਤੇ ਆਪਣੀ ਜ਼ਿੰਦਗੀ ਵਿਚ ਚੀਜ਼ਾਂ ਦਾ ਅਨੰਦ ਨਹੀਂ ਲੈ ਸਕਦੇ ਜੋ ਸਾਨੂੰ ਖ਼ੁਸ਼ੀ ਅਤੇ ਪੂਰਤੀ ਦੇ ਸਕਦੀਆਂ ਹਨ।

ਤਾਂ ਫਿਰ ਅਸੀਂ ਆਪਣੇ ਆਪ ਨੂੰ ਡਰ ਤੋਂ ਕਿਵੇਂ ਮੁਕਤ ਕਰ ਸਕਦੇ ਹਾਂ ਅਤੇ ਜ਼ਿੰਦਗੀ ਵਿਚ ਵਧੇਰੇ ਸਫਲਤਾਵਾਂ ਦਾ ਅਨੰਦ ਲੈ ਸਕਦੇ ਹਾਂ।

ਇਹ ਪਛਾਣਨਾ ਮਹੱਤਵਪੂਰਨ ਹੈ ਕਿ ਬਹੁਤੇ ਲੋਕਾਂ ਨੂੰ ਜ਼ਿੰਦਗੀ ਵਿੱਚ ਅਸਫਲ ਹੋਣ ਦਾ ਕੁਝ ਡਰ ਹੁੰਦਾ ਹੈ, ਹਾਲਾਂਕਿ ਇਹ ਅਸਲ ਵਿੱਚ ਮੁਸ਼ਕਲ ਉਦੋਂ ਹੀ ਬਣ ਜਾਂਦੀ ਹੈ ਜਦੋਂ ਇਹ ਲੋਕਾਂ ਨੂੰ ਨਵੀਆਂ ਕੋਸ਼ਿਸ਼ਾਂ ਕਰਨ ਅਤੇ ਨਵੇਂ ਤਜਰਬੇ ਕਰਨ ਤੋਂ ਰੋਕਦਾ ਹੈ।

ਇਸ ਤੋਂ ਇਲਾਵਾ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਅਸੀਂ ਸਾਰੇ ਅਸਫਲਤਾ ਦਾ ਵੱਖਰੇ ਢੰਗ ਨਾਲ ਮੁਲਾਂਕਣ ਕਰਦੇ ਹਾਂ. ਜਦ ਕਿ ਕੁਝ ਲੋਕ ਸਿਖਲਾਈ ਦੇ ਵਕਫ਼ੇ ਦਾ ਸਮਰਥਨ ਕਰ ਸਕਦੇ ਹਨ, ਦੂਸਰੇ ਇੰਨੇ ਅਪਮਾਨਿਤ ਮਹਿਸੂਸ ਕਰਨਗੇ ਕਿ ਉਹ ਕਦੇ ਵੀ ਆਪਣੇ ਕੰਮਾਂ ਨੂੰ ਜਾਰੀ ਨਹੀਂ ਰੱਖ ਸਕਦੇ।

ਅਸਫਲਤਾ ਦੇ ਡਰ ਨਾਲ ਇਕ ਹੋਰ ਸਮੱਸਿਆ ਇਹ ਹੈ ਕਿ ਇਹ ਆਪਣੇ ਆਪ ਨੂੰ ਬਦਲਣ ਵਿਚ ਬਹੁਤ ਵਧੀਆ ਹੋ ਸਕਦਾ ਹੈ. ਕੁਝ ਲੋਕਾਂ ਲਈ ਇਹ ਆਪਣੇ ਆਪ ਪ੍ਰਗਟ ਹੋ ਸਕਦਾ ਹੈ ਘੱਟ ਗਰਬ, ਜਦ ਕਿ ਦੂਸਰੇ ਸਿਰਫ਼ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰਨਗੇ ਜੇ ਉਹ ਵਿਸ਼ਵਾਸ ਕਰਦੇ ਹਨ ਕਿ ਉਹ ਅਸਾਨੀ ਨਾਲ ਉੱਤਮ ਹੋ ਸਕਦੇ ਹਨ

ਹਰ ਕਿਸੇ ਦੇ ਜੀਵਨ ਦੇ ਕਿਸੇ ਸਮੇਂ, ਉਹ ਅਸਫਲ ਹੋ ਜਾਣਗੇ ! ਇਹ ਸੌਦੇ ਦਾ ਇਕ ਹਿੱਸਾ ਹੈ। ਹਾਲਾਂਕਿ, ਅਸੀਂ ਅਸਫਲਤਾ ਨੂੰ ਕਿਵੇਂ ਸੰਭਾਲਦੇ ਹਾਂ ਉਹ ਹੈ ਜੋ ਸਫਲਤਾ ਦਾ ਅਨੰਦ ਲੈਣ ਲਈ ਜਾਂਦੇ ਹਨ ਅਤੇ ਜਿਹੜੇ ਖੜੇ ਰਹਿੰਦੇ ਹਨ ਉਨ੍ਹਾਂ ਨੂੰ ਵੱਖ ਕਰਦਾ ਹੈ।

ਕੀ ਤੁਸੀਂ ਕਦੇ ਸੋਚਿਆ ਹੈ ਕਿ ਅਸਫਲਤਾ ਚੰਗੀ ਚੀਜ਼ ਹੋ ਸਕਦੀ ਹੈ ? ਇਹ ਇਕ ਵਿਅਕਤੀ ਦੇ ਰੂਪ ਵਿਚ ਮਜ਼ਬੂਤ ਬਣਨ ਵਿਚ ਮਦਦ ਕਰ ਸਕਦਾ ਹੈ ਜਾਂ ਅਗਲੀ ਵਾਰ ਕਿਸੇ ਚੀਜ਼ ਵਿਚ ਸਫਲ ਹੋਣ ਲਈ ਸਾਨੂੰ ਦ੍ਰਿੜ੍ਹ ਕਰਦਾ ਹੈ। ਸਿਰਫ਼ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਅਸਫਲਤਾ ਨੂੰ ਕਿਵੇਂ ਸੰਭਾਲੋਗੇ।

ਕੀ ਮੈਂ ਅਸਫਲਤਾ ਦੇ ਡਰ ਨੂੰ ਦੂਰ ਕਰ ਸਕਦਾ ਹਾਂ ?

ਇਸ ਦਾ ਸਿੱਧਾ ਜਵਾਬ ਹਾਂ ਹੈ ! ਹਾਲਾਂਕਿ, ਪਹਿਲਾਂ ਤੁਹਾਨੂੰ ਇਹ ਸਵੀਕਾਰ ਕਰਨ ਦੀ ਜ਼ਰੂਰਤ ਹੁੰਦੀ ਹੈ ਕਿ ਅਸਫਲ ਹੁੰਦਾ ਹੈ ਅਤੇ ਜਦੋਂ ਇਹ ਹੁੰਦਾ ਹੈ ਤਾਂ ਤੁਸੀਂ ਇਸ ਨੂੰ ਕਿਵੇਂ ਵੇਖਣਾ ਹੈ ਦੀ ਚੋਣ ਕਰ ਸਕਦੇ ਹੋ। ਆਪਣੇ ਅਸਫਲ ਰਹਿਣ ਦੇ ਡਰ ਨੂੰ ਘਟਾਉਣ ਲਈ, ਹੇਠ ਲਿਖੀਆਂ ਗੱਲਾਂ ’ਤੇ ਗ਼ੌਰ ਕਰੋ।

ਸਕਾਰਾਤਮਕ ਰਵੱਈਆ ਕਰ ਸਕਦੇ ਹੋ ਨੂੰ ਅਪਣਾਓ। ਇਹ ਇਕ ਅਸਾਨ ਫਿਕਸ ਵਰਗਾ ਲੱਗ ਸਕਦਾ ਹੈ, ਪਰ ਇਹ ਤੁਹਾਡੇ ਵਿਸ਼ਵਾਸ ਨੂੰ ਵਧਾਏਗਾ ਅਤੇ ਨਤੀਜੇ ਵਜੋਂ ਤੁਹਾਡੀ ਸਫਲਤਾ ਦੀ ਯੋਗਤਾ ’ਤੇ ਪ੍ਰਭਾਵ ਪਾਵੇਗਾ।

**ਸਾਬਕਾ ਪੀਈਐਸ-1**

**ਮਲੋਟ**

# ਨਹੀਂ ਮੁੱਕਦੀ ਬਿਹਤਰ ਜ਼ਿੰਦਗੀ ਦੀ ਤਾਂਘ

**- ਹਰਕੀਰਤ ਕੌਰ ਸਭਰਾ**

**9779118066**

ਪੰਜਾਬ ਵਿੱਚ ਵਿਕਾਸ ਵੱਲ ਝਾਤ ਮਾਰੀਏ ਤਾਂ ਪੰਜਾਬੀਆਂ ਦੇ ਰਹਿਣ ਸਹਿਣ ਦੀ ਨੁਹਾਰ ਬਦਲ ਚੁੱਕੀ ਹੈ। ਕੱਚੇ ਕੋਠਿਆਂ ਦੀ ਜਗਾ ਵੱਡੀਆਂ ਵੱਡੀਆਂ ਕੋਠੀਆਂ ਨੇ ਲੈ ਲਈ ਹੈ। ਪਰ ਜ਼ਿਆਦਾਤਰ ਇਹਨਾਂ ਬਣੀਆਂ ਆਲੀਸ਼ਾਨ ਕੋਠੀਆਂ ਦੇ ਦਰਵਾਜ਼ਿਆਂ ਨੂੰ ਜਿੰਦੇ ਲੱਗੇ ਹੁੰਦੇ ਹਨ। ਬੂਹੇ ਬਾਰੀਆਂ ਉੱਤੇ ਮਿੱਟੀ ਘੱਟੇ ਜੰਮਿਆ ਸਾਫ਼ ਦਿਸਦਾ ਹੈ। ਘਰ ਬਾਰ ਬਹੁਤ ਸੋਹਣੇ ਬਣੇ ਹੁੰਦੇ ਹਨ ਪਰ ਉਹਨਾਂ ਵਿੱਚ ਹੱਸਦੇ ਵੱਸਦੇ ਘਰਾਂ ਵਾਲੀ ਚਹਿਕ ਮਹਿਕ, ਬੋਲ-ਬੁਲਾਰਾ ਤੇ ਹਾਸੇ ਨਹੀਂ ਸੁਣਦੇ। ਬੱਚਿਆਂ ਦੀਆਂ ਕਿਲਕਾਰੀਆਂ ਨਹੀਂ ਵੱਜਦੀਆਂ। ਕਿਸੇ ਕਿਸੇ ਘਰ ਦੀ ਚਾਰਦੀਵਾਰੀ ਵਿੱਚ ਕੋਈ ਬੁੱਢਾ ਮਾਈ ਬਾਪ ਜਾਂ ਕੋਈ ਪਰਵਾਸੀ ਮਜ਼ਦੂਰ ਉਨਾਂ ਕੋਠੀਆਂ ਜਾਂ ਹਵੇਲੀਆਂ ਦੀ ਰਾਖੀ ਬੈਠਾ ਹੁੰਦਾ ਹੈ, ਜਿਹੜੀਆਂ ਬਹੁਤ ਰੀਝਾਂ ਅਤੇ ਚਾਵਾਂ ਨਾਲ ਉਸਾਰੀਆਂ ਗਈਆਂ ਹੁੰਦੀਆਂ ਹਨ। ਮਨ ਸੋਚਦਾ ਹੁੰਦਾ ਕਿ ਇਹਨਾਂ ਘਰਾਂ ਦੇ ਮਾਲਕ ਕਦੇ ਘਰਾਂ ਨੂੰ ਪਰਤਣਗੇ ਤਾਂ ਬੂਹਿਆਂ ਵਿੱਚ ਤੇਲ ਚੋਇਆ ਜਾਵੇਗਾ । ਕਦੋਂ ਏ ਕੰਧਾਂ ਹੱਸਣਗੀਆਂ ਤੇ ਕਦੋਂ ਵਿਹੜੇ ਚਾਂਭੜਾ ਪਾਉਣਗੇ ?

ਪੰਜਾਬ ਦੀਆਂ ਬਹੁਤ ਸਾਰੀਆਂ ਕੋਠੀਆਂ ਦੇ ਅਸਲੀ ਮਾਲਕ ਤਾਂ ਪਰਦੇਸੀ ਹੋ ਗਏ ਹਨ ਤੇ ਉੱਥੇ ਭੋਰਿਆਂ ਵਰਗੀਆਂ ਬੇਸਮੈਂਟਾਂ ਵਿੱਚ ਜਾਂ ਅਪਾਰਟਮੈਂਟਾਂ ਵਿੱਚ ਰੈਣ ਬਸੇਰੇ ਕਰ ਰਹੇ ਹਨ। ਉਨਾਂ ਘਰਾਂ ਵਿੱਚ ਉਹ ਰਹਿਣ ਨਹੀਂ ਬਲਕਿ ਸਿਰਫ਼ ਸੌਣ ਹੀ ਆਉਂਦੇ ਹਨ।

19ਵੀਂ ਸਦੀ ਮੁੱਕਣ ਤੇ 20ਵੀਂ ਸਦੀ ਚੜਨ ਨਾਲ ਪੰਜਾਬੀਆਂ ਦਾ ਆਪਣੇ ਘਰਾਂ ਤੋਂ ਪਰਦੇਸਾਂ ਵੱਲ ਜਾਣ ਦਾ ਮੁਹਾਣ ਸ਼ੁਰੂ ਹੋਇਆ ਸੀ। ਪਹਿਲੇ ਸਮਿਆਂ ਵਿੱਚ ਹਮਲਾਵਰ ਘਰਾਂ ਨੂੰ ਉਜਾੜਦੇ ਸਨ ਫਿਰ ਹਾਲਾਤ ਐਸੇ ਬਣੇ ਕਿ ਉਹ ਆਪ ਹੀ ਘਰਾਂ ਤੋਂ ਉਜੜਨ ਲੱਗ ਗਏ। 21ਵੀਂ ਸਦੀ ਦੀ ਸ਼ੁਰੂਆਤ ਵਿੱਚ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਨੂੰ ਐਸਾ ਰੁਖ ਕੀਤਾ ਕਿ ਹਰ ਦੂਜੇ ਪੰਜਾਬੀ ਦਾ ਟੀਚਾ ਬਾਹਰਲੇ ਮੁਲਕ ਵਿੱਚ ਵੱਸਣ ਦਾ ਹੋ ਗਿਆ। ਇਸ ਵਧਦੇ ਰੁਝਾਨ ਪਿੱਛੇ ਕਾਰਨ ਕੀ ਹੈ ? ਇਹ ਜਾਣਨਾ ਬਹੁਤ ਜ਼ਰੂਰੀ ਹੈ।

ਮਨੁੱਖ ਸਦਾ ਹੀ ਬਿਹਤਰ ਜੀਵਨ ਦੀ ਤਲਾਸ਼ ਵਿੱਚ ਰਿਹਾ ਹੈ ਤੇ ਰਹੇਗਾ। ਬਿਹਤਰ ਜੀਵਨ ਲਈ ਉਸ ਨੂੰ ਆਪਣਾ ਪਿਆਰਾ ਵਤਨ ਵੀ ਛੱਡਣਾ ਪਿਆ ਅਤੇ ਅੱਗੇ ਵੀ ਛੱਡਦਾ ਰਹੇਗਾ। ਪਰਵਾਸੀ ਮਜ਼ਦੂਰ ਪੰਜਾਬ ਦੀ ਸੈਰ ਕਰਨ ਦਾ ਸ਼ੌਕ ਪਾਲਣ ਨਹੀਂ ਆਉਂਦੇ। ਉਹ ਪੰਜਾਬ ਦੀ ਨਿਸ਼ਕਾਮ ਸੇਵਾ ਕਰਨ ਵਾਸਤੇ ਵੀ ਨਹੀਂ ਆਉਂਦੇ। ਪੰਜਾਬ ਉਨਾਂ ਨੂੰ ਯੂ ਪੀ, ਬਿਹਾਰ ਨਾਲੋਂ ਬਿਹਤਰ ਇਵਜ਼ਾਨਾ ਦਿੰਦਾ ਹੈ, ਇਸ ਲਈ ਪਰਵਾਸੀ ਮਜ਼ਦੂਰ ਇੱਕ ਬਿਹਤਰ ਜੀਵਨ ਜਿਉਣ ਲਈ ਪੰਜਾਬ ਵੱਲ ਨੂੰ ਕੂਚ ਕਰਦੇ ਹਨ ਤੇ ਸਾਡੇ ਪੰਜਾਬੀ ਕਨੈਡਾ ਵਰਗੇ ਦੇਸ਼ਾਂ ਦਾ, ਕਿਉਂਕਿ ਉੱਥੇ ਉਨਾਂ ਦੀ ਕਿਰਤ ਦਾ ਵੱਧ ਮੁੱਲ ਮਿਲਦਾ ਹੈ। ਇਨਸਾਨ ਹਮੇਸ਼ਾ ਬਿਹਤਰ ਜੀਵਨ ਦੀ ਤਾਂਘ ਵਿੱਚ ਦੌੜ ਰਹੇ ਹਨ। ਇਹ ਦੌੜ ਕਦੇ ਮੁੱਕਣ ਵਾਲੀ ਨਹੀਂ। ਪੰਜਾਬੀਆਂ ਵਿਚ ਪੰਜਾਬ ਤੋਂ ਬਾਹਰ ਨਿਕਲਣ ਦੀਆਂ ਧਾਈਆਂ ਕੀਤੀਆਂ ਹੋਈਆਂ ਹਨ। ਉਹ ਪੁੱਠੇ ਸਿੱਧੇ ਸਾਰੇ ਰਾਹ ਅਖ਼ਤਿਆਰ ਕਰੀ ਜਾ ਰਹੇ ਹਨ। ਪਰਦੇਸੀ ਪੰਜਾਬੀ ਆਪਣੀ ਮਾਤ ਭੂਮੀ ਪੰਜਾਬ ਵਿੱਚ ਆਪਣੀ ਹੋਂਦ ਜਤਲਾਉਣ ਲਈ ਹੀ ਪੱਕੇ ਮਕਾਨ ਪਾ ਰਹੇ ਹਨ, ਬਿਨਾਂ ਇਹ ਸੋਚੇ ਕਿ ਉਨਾਂ ਦੀ ਔਲਾਦ ਇਹਨਾਂ ਮਕਾਨਾਂ ਨੂੰ ਕਦੇ ਘਰ ਬਣਾਵੇਗੀ ਜਾਂ ਨਹੀਂ ?

ਕੁਲਵੰਤ ਸਿੰਘ ਵਿਰਕ ਦੀ ਕਹਾਣੀ ‘ਤੂੜੀ ਦੀ ਪੰਡ’ ਪੜੀਏ ਤਾਂ ਉਹ ਕਹਿੰਦੇ ਹਨ ਕਿ ਤੂੜੀ ਦੀ ਪੰਡ ਪਾਣੀ ਦੇ ਵਹਿਣ ਵਿੱਚ ਖੁੱਲ ਜਾਵੇ ਤਾਂ ਤੀਲਾ ਤੀਲਾ ਖਿੱਲਰ ਜਾਂਦਾ ਹੈ ਤੇ ਲਹਿਰਾਂ ਉਨਾਂ ਤੀਲਿਆਂ ਨੂੰ ਆਪਣੀ ਦਿਸ਼ਾ ਵਿੱਚ ਵਹਾ ਲੈ ਜਾਂਦੀਆਂ ਹਨ। ਫਿਰ ਉਨਾਂ ਨੂੰ ਇਕੱਠਿਆਂ ਕਰਨਾ ਸੰਭਵ ਨਹੀਂ ਹੁੰਦਾ। ਬੱਸ ਅਫ਼ਸੋਸ ਹੀ ਹੁੰਦਾ ਹੈ ਕਿ ਤੂੜੀ ਦੀ ਪੰਡ ਖੁੱਲੀ ਕਿਉਂ ? ਪਰ ਇਸ ਸਭ ਪਿੱਛੇ ਕਾਰਨ ਸਿਰਫ਼ ਇੱਕ ਹੀ ਹੈ; ਉਹ ਹੈ ਇੱਕ ਬਿਹਤਰ ਜੀਵਨ ਦੀ ਤਲਾਸ਼। ਇਹਨਾਂ ਹਾਲਾਤਾਂ ਨੂੰ ਦੇਖ ਕੇ ਇਹ ਵੀ ਸਿੱਧ ਹੁੰਦਾ ਹੈ ਕਿ ਸਾਡੇ ਦੇਸ਼ ਦੀ ਵਿਵਸਥਾ ਵਿੱਚ ਬਹੁਤ ਸਾਰੀਆਂ ਕਮੀਆਂ ਹਨ , ਜਿਸ ਕਰਕੇ ਲੋਕਾਂ ਨੂੰ ਆਪਣੀ ਥਾਲ਼ੀ ਛੱਡ ਬੇਗਾਨੀ ਥਾਲ਼ੀ ਵੱਲ ਝਾਤ ਮਾਰਨੀ ਪੈ ਰਹੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਤਰਾਂ ਦੀ ਵਿਵਸਥਾ ਕੀਤੀ ਜਾਵੇ ਤਾਂ ਜੋ ਪੰਜਾਬ ਦੀ ਰੌਣਕ ਪੰਜਾਬ ਵਿੱਚ ਹੀ ਰਹੇ ਤੇ ਲੋਕਾਂ ਦਾ ਇੱਕ ਵਧੀਆ ਜੀਵਨ ਜੀਨ ਦਾ ਸੁਪਨਾ ਆਪਣੇ ਦੇਸ਼ ਵਿੱਚ ਹੀ ਪੂਰਾ ਹੋ ਸਕੇ।

## ਖ਼ਾਲਿਸਤਾਨ ਦੀ ਜੰਗੇ...

ਪੁਲਿਸ ਵੱਲੋਂ ਭਾਈ ਸਾਹਿਬ ਦੇ ਪਰਿਵਾਰਕ ਮੈਂਬਰਾਂ ਨੂੰ ਬਹੁਤ ਹੀ ਤੰਗ ਪ੍ਰੇਸ਼ਾਨ ਕੀਤਾ ਗਿਆ ।

ਜੂਨ, 1984 ਨੂੰ ਵਾਪਰੇ ਖ਼ੂਨੀ ਘੱਲੂਘਾਰੇ ਦੌਰਾਨ ਭਾਈ ਗੁਰਜੀਤ ਸਿੰਘ ਨੇ ਭਾਰਤੀ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ । ਪੰਜ ਅਤੇ ਛੇ ਜੂਨ ਦੀ ਰਾਤ ਦੇ ਸ਼ੁਰੂਆਤੀ ਸਮੇਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਭਾਈ ਅਮਰੀਕ ਸਿੰਘ ਜੀ ਦੀਆਂ ਹਿਦਾਇਤਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸਿਉਂ ਬਾਹਰ ਨਿਕਲ ਰਹੇ ਸਨ ਕਿ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ । ਥਾਣਾ ਕੋਤਵਾਲੀ ਦੀ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ । ਇੱਥੇ ਇੱਕ ਪੁਲਿਸ ਅਧਿਕਾਰੀ ਨੇ ਭਾਈ ਸਾਹਿਬ ਨੂੰ ਪਛਾਣ ਲਿਆ ਅਤੇ ਮਦਦ ਦੀ ਪੇਸ਼ਕਸ਼ ਕੀਤੀ ।

ਭਾਈ ਗੁਰਜੀਤ ਸਿੰਘ ਜੀ ਦੇ ਦੱਸਣ ਅਨੁਸਾਰ ਜਦੋਂ ਉਨਾਂ ਪੁੱਛਿਆ ਕਿ ਉਹ ਕਿਸ ਤਰਾਂ ਦੀ ਮਦਦ ਕਰ ਸਕੇਗਾ ਤਾਂ ਉਸ ਪੁਲਿਸ ਅਧਿਕਾਰੀ ਦਾ ਜਵਾਬ ਸੀ ਕਿ ਉਹ ਭਾਈ ਸਾਹਿਬ ਨੂੰ ਯਾਤਰੂਆਂ (ਸ਼ਰਧਾਲੂਆਂ) ਦੀ ਲਿਸਟ ਵਿੱਚ ਪਾ ਦੇਵੇਗਾ ਜਦੋਂ ਖਾੜਕੂਆਂ ਅਤੇ ਯਾਤਰੂਆਂ ਦਾ ਨਿਖੇੜਾ ਕੀਤਾ ਜਾਵੇਗਾ । ਸ਼ਾਇਦ ਉਸ ਅਧਿਕਾਰੀ ਦੇ ਮਨ ਵਿੱਚ ਸਿੱਖ ਕੌਮ ਪ੍ਰਤੀ ਦਰਦ ਹੋਵੇਗਾ ਅਤੇ ਆਪਣੇ ਤੌਰ ਤੇ ਉਹ ਅਜਿਹੀ ਮਦਦ ਕਰਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਪ੍ਰਤੀ ਆਪਣਾ ਫ਼ਰਜ਼ ਅਦਾ ਕਰਨਾ ਚਾਹੁੰਦਾ ਹੋਵੇਗਾ । ਸੋ ਅਜਿਹਾ ਹੀ ਉਸ ਵੱਲੋਂ ਕੀਤਾ ਗਿਆ ਭਾਈ ਗੁਰਜੀਤ ਸਿੰਘ ਨੂੰ ਯਾਤਰੂਆਂ ਦੀ ਲਿਸਟ ਵਿੱਚ ਪਾ ਕੇ ਜੇਲ ਭੇਜ ਦਿੱਤਾ ਅਤੇ ਪੰਦਰਾਂ ਕੁ ਦਿਨਾਂ ਬਾਅਦ ਰਿਹਾਈ ਹੋ ਗਈ। ਰਿਹਾਅ ਹੋ ਕੇ ਭਾਈ ਗੁਰਜੀਤ ਸਿੰਘ ਪਹਿਲਾਂ ਮੋਗੇ ਅਤੇ ਬਾਅਦ ਵਿੱਚ ਸਰਹੱਦ ਪਾਰ ਚਲੇ ਗਏ। ਜਿੱਥੇ ਉਨਾਂ ਗੁਰੀਲਾ ਜੰਗ ਦੇ ਦਾਤ ਪੇਚ ਸਿੱਖੇ ਅਤੇ ਹਥਿਆਰਾਂ ਦੀ ਮੁਹਾਰਤ ਹਾਸਲ ਕੀਤੀ । ਸਾਲ 1985 ਦੇ ਅਖੀਰ ਵਿੱਚ ਵਾਪਸ ਪੰਜਾਬ ਆ ਕੇ ਭਾਈ ਮਨਬੀਰ ਸਿੰਘ ਚਹੇੜੂ ਸਮੇਤ ਖਾੜਕੂ ਯੋਧਿਆਂ ਨਾਲ ਐਕਸ਼ਨ ਕਰਨੇ ਸ਼ੁਰੂ ਕਰ ਦਿੱਤੇ ਅਤੇ ਦੂਜੇ ਪਾਸੇ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਦਮਦਮੀ ਟਕਸਾਲ ਦੇ ਸਿੰਘਾਂ ਦੀ ਸਲਾਹ ਅਤੇ ਬਾਬਾ ਠਾਕੁਰ ਸਿੰਘ ਜੀ ਦੀ ਸਰਪ੍ਰਸਤੀ ਨਾਲ ਦਸੰਬਰ ਮਹੀਨੇ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਇਆ ਅਤੇ 26 ਜਨਵਰੀ, 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਏ ਸਰਬੱਤ ਖ਼ਾਲਸਾ ਵਿੱਚ ਅਹਿਮ ਯੋਗਦਾਨ ਪਾਇਆ। ਸਾਲ 1986 ਦੇ ਅਗਸਤ ਮਹੀਨੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਬਾਨੀ ਅਤੇ ਪਹਿਲੇ ਮੁਖੀ ਭਾਈ ਮਨਬੀਰ ਸਿੰਘ ਚਹੇੜੂ ਉਰਫ਼ ਜਨਰਲ ਹਰੀ ਸਿੰਘ ਦੀ ਮੇਜਰ ਬਲਦੇਵ ਸਿੰਘ ਘੁੰਮਣ ਦੇ ਘਰੋਂ ਗ੍ਰਿਫ਼ਤਾਰੀ ਹੋ ਗਈ ਤਾਂ ਇਸ ਗ੍ਰਿਫ਼ਤਾਰੀ ਲਈ ਮੁਖ਼ਬਰੀ ਦਾ ਸ਼ੱਕ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਤਕਾਲੀ ਕਨਵੀਨਰ ਸਰਬਜੀਤ ਸਿੰਘ ਤੇ ਖਾੜਕੂ ਯੋਧਿਆਂ ਨੂੰ ਪਿਆ। ਸੋ ਫੈਡਰੇਸ਼ਨ ਦੀ ਸਮੁੱਚੀ ਲੀਡਰਸ਼ਿਪ ਅਤੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਯੋਧਿਆਂ ਨੇ ਭਾਈ ਗੁਰਜੀਤ ਸਿੰਘ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕਨਵੀਨਰ ਬਣਾ ਦਿੱਤਾ । ਭਾਈ ਗੁਰਜੀਤ ਸਿੰਘ ਨੇ ਫੈਡਰੇਸ਼ਨ ਨੂੰ ਇਸ ਕਦਰ ਜਥੇਬੰਦ ਕਰ ਦਿੱਤਾ ਕਿ ਪੰਜਾਬ ਦਾ ਪੁਲਿਸ ਮੁਖੀ ਇਹ ਕਹਿਣ ਲੱਗ ਪਿਆ ਕਿ ਅਗਰ ਪੰਜਾਬ ਵਿੱਚ ਸ਼ਾਂਤੀ ਚਾਹੁੰਦੇ ਹੋ ਤਾਂ ਗੁਰਜੀਤ ਸਿੰਘ ਮੇਰੇ ਹਵਾਲੇ ਕਰ ਦਿਓ । ਭਾਈ ਗੁਰਜੀਤ ਸਿੰਘ ਨੇ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਵਿੱਚ 5 ਕਰੋੜ 70 ਲੱਖ ਦੇ ਡਾਕੇ ਸਮੇਤ ਬਹੁਤ ਸਾਰੇ ਐਕਸ਼ਨ ਕੀਤੇ । ਅਮਰ ਚਮਕੀਲੇ ਦੇ ਪੰਜਾਬ ਦੀ ਫ਼ਿਜ਼ਾ ਵਿੱਚ ਲੱਚਰਤਾ ਫੈਲਾਉਣ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਬਦਨਾਮ ਕਰਨ ਦੀ ਗੁਸਤਾਖ਼ੀ ਰੂਪੀ ਗੁਨਾਹ ਕੀਤਾ ਤਾਂ ਉਸਨੂੰ ਖ਼ਤਮ ਕਰਨ ਦਾ ਫੈਂਸਲਾ ਲਿਆ। ਤਰਲੋਚਨ ਸਿੰਘ ਰਿਆਸਤੀ ਨੇ ਖਾੜਕੂ ਸਫਾਂ ਵਿੱਚ ਸ਼ੱਕੀ ਮਹੌਲ ਸਿਰਜਣ ਦਾ ਯਤਨ ਕੀਤਾ ਤਾਂ ਉਸ ਨੂੰ ਸੋਧ ਕੇ ਕਾਰ ਸਮੇਤ ਸਾੜ ਦਿੱਤਾ ਜਿਸ ਕੇਂਦਰ ਸਰਕਾਰ ਦੇ ਥੰਮ ਹਿੱਲ ਗਏ । ਅਵਿਨਾਸ਼ੀ ਸਿੰਘ ਅਤੇ ਡਾਕਟਰ ਬਰਾੜ ਵਰਗਿਆਂ ਨੇ ਬੇਵਫ਼ਾਈਆਂ ਕੀਤੀਆਂ ਤਾਂ ਚੁੱਕ ਕੇ ਇਹੋ ਜਿਹੀ ਜਗਾ ਸੁੱਟਿਆ ਕਿ ਅੱਜ ਤੱਕ ਉਨਾਂ ਦਾ ਖੁਰਾ ਖੋਜ ਵੀ ਨਹੀਂ ਲੱਭ ਸਕਿਆ । ਅਗਰ ਫੈਡਰੇਸ਼ਨ ਦੇ ਕਿਸੇ ਜ਼ਿੰਮੇਵਾਰ ਵਿਅਕਤੀ ਦੇ ਚਰਿੱਤਰਹੀਣਤਾ ਦਿਖਾਈ ਤਾਂ ਉਸ ਨੂੰ ਆਪਣੇ ਹੱਥੀ ਸਜਾ ਦਿੱਤੀ । ਮਾਰਚ, 1988 ਦੌਰਾਨ ਸਰਬੱਤ ਖ਼ਾਲਸਾ ਵੱਲੋਂ ਬਣਾਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਸਬੀਰ ਸਿੰਘ ਨੇ ਰਿਹਾਈ ਉਪਰੰਤ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੋਵੇਂ ਗਰੁੱਪਾਂ (ਭਾਈ ਗੁਰਜੀਤ ਸਿੰਘ ਦੀ ਅਗਵਾਈ ਵਾਲਾ ਗਰੁੱਪ ਅਤੇ ਪ੍ਰਜੀਡੀਅਮ ਗਰੁੱਪ) ਨੂੰ ਭੰਗ ਕਰ ਦਿੱਤਾ । ਭਾਈ ਗੁਰਜੀਤ ਸਿੰਘ ਕਾਕਾ, ਭਾਈ ਸ਼ੇਰ ਪੰਡੋਰੀ ਨੂੰ ਭਾਈ ਗੁਰਜੀਤ ਸਿੰਘ ਦੇ ਗਰੁੱਪ ਦੀ ਤਰਫ਼ੋਂ ਅਤੇ ਭਾਈ ਕੁਲਵੰਤ ਸਿੰਘ ਖੁਖਰਾਣਾ ,ਭਾਈ ਸੁਰਿੰਦਰ ਸਿੰਘ ਬਾਬਾ ਨੂੰ ਪ੍ਰਜੀਡੀਅਮ ਦੀ ਤਰਫ਼ੋਂ ਲੈ ਕੇ ਭਾਈ ਗੁਰਜੀਤ ਸਿੰਘ ਦੀ ਅਗਵਾਈ ਵਿੱਚ ਪੰਜ ਮੈਂਬਰੀ ਐਂਡਹਾਕ ਕਮੇਟੀ ਦਾ ਗਠਨ ਕਰ ਦਿੱਤਾ ਗਿਆ । ਫੈਡਰੇਸ਼ਨ ਦੀ ਤਾਕਤ ਹੋਰ ਵਧ ਗਈ । ਅਖੀਰ ਮਈ, 1988 ਦੇ ਅੱਧ ਵਿਚਕਾਰ ਪਿੰਡ ਜਾਂਗਪੁਰ ਤੋਂ ਭਾਈ ਗੁਰਜੀਤ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ । ਪੁਲਿਸ ਨੇ ਭਾਰੀ ਪੁੱਛਗਿੱਛ ਕੀਤੀ ਅਤੇ ਸੀ.ਆਰ.ਪੀ ਦੇ ਕੈਂਪ ਵਿੱਚ ਰੱਖਿਆ ਗਿਆ । ਜਿੱਥੇ ਇੱਕ ਸਿਪਾਹੀ ਅਤੇ ਹੌਲਦਾਰ ਨਾਲ 80 ਹਜ਼ਾਰ ਰੁਪਏ ਦਾ ਸੌਦਾ ਕਰਕੇ ਫ਼ਰਾਰ ਹੋਣ ਵਿੱਚ ਸਫਲਤਾ ਪ੍ਰਾਪਤ ਕਰ ਲਈ । ਭੱਜਣ ਤੋਂ ਪਹਿਲਾਂ ਇਹਨਾਂ ਨੂੰ ਮਿਥੀ ਹੋਈ ਰਾਸ਼ੀ ਦਾ ਭੁਗਤਾਨ ਕੀਤਾ ਗਿਆ । ਇੱਥੋਂ ਨਿਕਲ ਕੇ ਜਦੋਂ ਸਰਹੱਦ ਪਾਰ ਪਹੁੰਚੇ ਤਾਂ ਈਰਖਾਲੂ ਲੋਕਾਂ ਨੇ ਸ਼ੱਕ ਪੈਦਾ ਕਰ ਦਿੱਤੀ । ਜਿੱਥੇ ਸਰਹੱਦ ਪਾਰ ਭਾਈ ਗੁਰਜੀਤ ਸਿੰਘ ਦੀ ਪੂਰੀ ਸਰਦਾਰੀ ਹੁੰਦੀ ਸੀ, ਉੱਥੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਭਾਰੀ ਤਸੀਹੇ ਦਿੱਤੇ ਗਏ । ਡੇਢ ਕੁ ਸਾਲ ਬਾਅਦ ਜਦੋਂ ਸਰਹੱਦ ਪਾਰ ਦੀਆਂ ਖ਼ੂਫੀਆ ਏਜੰਸੀਆਂ ਨੂੰ ਪੂਰੀ ਤਸੱਲੀ ਹੋ ਗਈ ਤਾਂ ਭਾਈ ਗੁਰਜੀਤ ਸਿੰਘ ਜੀ ਨੂੰ ਰਿਹਾਅ ਕਰ ਦਿੱਤਾ ਗਿਆ । ਰਿਹਾਅ ਹੋਣ ਬਾਅਦ ਜਦੋਂ ਭਾਈ ਸਾਹਿਬ ਨਾਲ ਮੇਰਾ ਸੰਪਰਕ ਹੋਇਆ ਸੀ ਤਾਂ ਉਨਾਂ ਸਾਰੀ ਵਿਥਿਆ ਦੱਸਣ ਤੋਂ ਬਾਅਦ ਆਖਿਆ ਸੀ ਕਿ ਮੇਰਾ ਹੁਣ ਜੂਝ ਮਰਨ ਸਮਾਂ ਨਜ਼ਦੀਕ ਆ ਰਿਹਾ ਹੈ। ਜਿਹੜਾ ਮੇਰੇ ਉੱਪਰ ਸਰਕਾਰੀ ਹੋਣ ਦਾ ਕਲੰਕ ਲਗਾ ਦਿੱਤਾ ਗਿਆ ਉਹ ਮੈਂ ਸਿਰ ਵਾਰ ਕੇ ਲਾਹੁਣਾ ਹੈ। ਪੰਜਾਬ ਜਾਣ ਤੋਂ ਪਹਿਲਾਂ ਉਨਾਂ ਖ਼ੁਦ ਆਖ਼ਰੀ ਵਾਰ ਸੰਪਰਕ ਕਰਕੇ ਕਾਫ਼ੀ ਕੁੱਝ ਸਮਝਾਇਆ ਸੀ ਅਤੇ ਆਖਿਆ ਸੀ ਕਿ ਸਦਾ ਚੜਦੀ ਕਲਾ ਵਿੱਚ ਰਹਿਣਾ ਹੈ, ਆਪਣਾ ਸੰਘਰਸ਼ ਬਹੁਤ ਲੰਬਾ ਹੈ, ਲੁਧਿਆਣੇ ਵਾਲੀ ਮੀਟਿੰਗ ਵਿੱਚ ਲਏ ਗਏ ਫ਼ੈਸਲਿਆਂ ਤੇ ਦ੍ਰਿੜ ਰਹਿਣਾ ਹੈ । ਵਾਪਸ ਪੰਜਾਬ ਜਾ ਕੇ ਜਿੱਥੇ ਮਾਲਵੇ ਵਿੱਚ ਖਾੜਕੂ ਐਕਸ਼ਨ ਕੀਤੇ ਉੱਥੇ ਦੁਆਬੇ ਵਿੱਚ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਸੂਰਬੀਰ ਯੋਧੇ ਭਾਈ ਗੁਰਦੀਪ ਸਿੰਘ ਦੀਪਾ ਹੋਰਾਂ ਨਾਲ ਕਈ ਕਾਰਵਾਈਆਂ ਕੀਤੀਆਂ ਜਿਨਾਂ ਵਿੱਚ ਕਾਮਰੇਡ ਸਰਵਣ ਚੀਮੇ ਨੂੰ ਉਸਦੇ ਪੰਜ ਬਾਡੀ ਗਾਰਡਾਂ ਸਮੇਂ ਤਾਂ ਸੋਧਣਾ ਸ਼ਾਮਲ ਹੈ। ਅਖੀਰ ਸਾਲ 1991 ਦੇ ਨਵੰਬਰ ਮਹੀਨੇ ਦੀ ਪਹਿਲੀ ਤਰੀਕ ਨੂੰ ਭਾਈ ਗੁਰਜੀਤ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ , ਸਖ਼ਤ ਤਸੀਹੇ ਦੇਣ ਤੋਂ ਬਾਅਦ 2 ਨਵੰਬਰ ਤੜਕਸਾਰ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਘੜਦਿਆਂ ਸ਼ਹੀਦ ਕਰ ਦਿੱਤਾ ਗਿਆ। ਖ਼ਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਮਹਾਨ ਸਿੱਪਾਂ ਸਲਾਰ ਭਾਈ ਗੁਰਜੀਤ ਸਿੰਘ ਜੀ ਦੀ ਮਹਾਨ ਕੁਰਬਾਨੀ ਨੂੰ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੀ ਤਰਫ਼ੋਂ ਕੇਸਰੀ ਪ੍ਰਣਾਮ ਹੈ ।

## ਸਿੱਖ ਪੰਥ ਸੰਤਾਲੀ ਬਾਅਦ...

ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਹ ਕਹਿ ਕੇ ਕਿ 'ਜਬ ਪੇੜ ਗਿਰਤਾ ਹੈ ਧਰਤੀ ਤੋਂ ਹਿਲਤੀ ਹੀ ਹੈ' ਦਿੱਲੀ ਸਮੇਤ ਦੇਸ ਦੇ ਵੱਖ ਵੱਖ ਸ਼ਹਿਰਾਂ ਵਿੱਚ ਦਿਨ ਦਿਹਾੜੇ ਹੋ ਰਹੇ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾ ਦਿੱਤਾ।

ਰਾਜੀਵ ਗਾਂਧੀ ਦੇ ਕਹੇ ਇਹ ਲਫਜ ਸਿੱਖਾਂ ਦੀ ਨਸਲਕੁਸ਼ੀ ਦੀ ਸੋਚੀ ਸਮਝੀ ਸਾਜ਼ਿਸ਼ ਦਾ ਭਾਂਡਾ ਭੰਨਦੇ ਹਨ। 1978 ਦੇ ਨਿਰੰਕਾਰੀ ਕਾਂਡ ਵਿੱਚ ਕੀਤੇ ਗਏ ਸ਼ਰੇਆਮ ਸਿੱਖ ਕਤਲੇਆਮ ਤੋਂ ਲੈ ਕੇ ਅਕਤੂਬਰ, 2015 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਘੋਰ ਬੇਅਦਬੀ ਦੇ ਰੋਸ ਵਜੋਂ ਧਰਨਾ ਦੇ ਰਹੇ ਸ਼ਾਂਤਮਈ ਸਿੱਖਾਂ ਦੇ ਕਤਲੇਆਮ ਤੱਕ ਬੇਦਸਤੂਰ ਜਾਰੀ ਹੈ। ਇੱਥੇ ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਸਿੱਖਾਂ ਦੇ ਆਗੂ ਵਜੋਂ ਸਿੱਖ ਵੋਟ ਨਾਲ ਪੰਜਾਬ ਦੇ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਵੱਡੇ ਪੰਥ ਦੁਸ਼ਮਣ ਵਾਲੀ ਰਹੀ ਹੈ, ਜਿਸ ਦੀ ਸਰਕਾਰ ਦਾ ਪੰਜ ਪੜਾਵਾਂ ਦਾ ਕਾਰਜਕਾਲ ਸਿੱਖ ਕਤਲੇਆਮ ਨਾਲ ਸ਼ੁਰੂ ਹੋਕੇ ਸਿੱਖ ਕਤਲੇਆਮ ਨਾਲ ਹੀ ਖ਼ਤਮ ਹੋਇਆ ਹੈ , ਉੱਥੇ ਸਿੱਖ ਦੁਸ਼ਮਣ ਤਾਕਤਾਂ ਵੱਲੋਂ ਕੀਤੇ ਕਤਲੇਆਮ ਵਿੱਚ ਵੀ ਸਿੱਖ ਕੌਮ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸ਼੍ਰੋਮਣੀ ਵੀ ਕਿਤੇ ਨਾ ਕਿਤੇ ਜ਼ਿੰਮੇਵਾਰ ਰਹੀ ਹੈ, ਜਿਸ ਦਾ ਖ਼ਮਿਆਜ਼ਾ ਕੌਮ ਨੂੰ ਕੇਂਦਰ ਦੀ ਬੇਇਨਸਾਫ਼ੀ ਨਾਲ ਝੱਲਣਾ ਪੈ ਰਿਹਾ ਹੈ। ਸਾਢੇ ਤਿੰਨ ਦਹਾਕਿਆਂ ਤੋਂ ਵੱਧ ਬੀਤ ਜਾਣ ਦੇ ਬਾਵਜੂਦ ਵੀ ਨਵੰਬਰ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇ ਕੇ ਰਾਜ ਸਤਾ ਦੀਆਂ ਕੁਰਸੀਆਂ ਨਾਲ ਨਿਵਾਜਣਾ ਜਿੱਥੇ ਸਿੱਖ ਕੌਮ ਨੂੰ ਜਾਣਬੁੱਝ ਕੇ ਚਿੜਾਉਣ ਵਾਲੀ ਗੱਲ ਹੈ, ਉੱਥੇ ਪੰਜਾਬ ਵਿੱਚ ਵੀ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਆਏ ਦਿਨ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਲਈ ਕਦੇ ਡੇਰੇਦਾਰਾਂ ਨਾਲ ਬਿਖੇੜਾ ਖੜਾ ਕਰਵਾ ਕੇ ਅਤੇ ਕਦੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਈ ਤੇ ਅਗਨ ਭੇਟ ਕਰਵਾਉਣ ਦੇ ਦੋਸ਼ੀ ਬਣੇ।

ਅੱਜ ਜਦੋਂ ਪੰਜਾਬ ਕਿਸਾਨੀ ਦੇ ਖੋਹੇ ਹੱਕ ਹਕੂਕਾਂ ਨੂੰ ਵਾਪਸ ਲੈਣ ਦੀ ਫ਼ੈਸਲਾਕੁਨ ਲੜਾਈ ਲੜ ਰਿਹਾ ਹੈ ਉਸ ਮੌਕੇ ਇੱਕ ਨਵੰਬਰ 1966 ਦੇ ਦਿਨ ਨੂੰ ਯਾਦ ਕਰਦੇ ਹੋਏ 1984 ਦੇ ਉਨਾਂ ਅਭਾਗੇ ਸਿੱਖਾਂ ਦੀ ਭਿਆਨਕ ਮੌਤ ਦੇ 36ਵੇਂ ਸਾਲ ਵਿੱਚ ਪਹੁੰਚ ਕੇ ਵੀ ਇਨਸਾਫ਼ ਲੈਣ ਤੋਂ ਅਸਮਰਥ ਹਾਂ, ਤਾਂ ਸਾਨੂੰ ਸਵੈ ਪੜਚੋਲ ਕਰਨੀ ਵੀ ਜ਼ਰੂਰੀ ਜਾਂਦੀ ਹੈ ਕਿ ਆਖ਼ਰ ਕਦੋਂ ਤੱਕ ਸਿੱਖਾਂ ਦਾ ਹੋ ਰਿਹਾ ਦਿਨ ਦੀਵੀ ਕਤਲੇਆਮ ਜਾਰੀ ਰਹੇਗਾ ਤੇ ਪੰਥ ਨਾਲ ਧਰੋਹ ਕਮਾ ਕੇ ਸਿਆਸੀ ਰੋਟੀਆਂ ਸੇਕਣ ਵਿੱਚ ਕਾਮਯਾਬ ਹੁੰਦੇ ਰਹਿਣਗੇ।

ਕਦੋਂ ਤੱਕ ਪੰਜਾਬ ਦੀ ਕਿਸਾਨੀ ਆਪਣੇ ਹੱਕ ਲਈ ਰੇਲਾਂ ਦੀਆਂ ਪਟੜੀਆਂ ਤੇ ਬੈਠ ਕੇ ਦਿੱਲੀ ਦੇ ਹੱਥਾਂ ਵੱਲ ਦੇਖਦੀ ਰਹੇਗੀ ? ਕਦੋਂ ਪੰਜਾਬ ਦੇ ਰਾਜਨੀਤਕ ਕੁਰਸੀ ਦੀ ਲਾਲਸਾ ਖ਼ਾਤਰ ਪੰਜਾਬ ਦੇ ਹਿਤਾਂ ਦੀ ਬਲੀ ਦਿੰਦੇ ਰਹਿਣਗੇ ਤੇ ਲੋਕ ਵਾਰ ਵਾਰ ਧੋਖਾ ਖਾ ਕੇ ਆਪਣੀ ਕਿਸਮਤ ਨੂੰ ਕੋਸਦੇ ਰਹਿਣਗੇ ? ਇਹਨਾਂ ਜ਼ਿਆਦਤੀਆਂ ਨੂੰ ਠੱਲ ਪਾਉਣ ਲਈ ਅਤੇ ਪੰਜਾਬ ਦੇ ਖੋਹੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਸਿਆਸੀ ਲੋਕਾਂ ਤੋਂ ਟੇਕ ਛੱਡ ਕੇ ਸਮੁੱਚੀ ਪੰਜਾਬੀ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਇੱਕਜੁੱਟ ਹੋਣਾ ਪਵੇਗਾ।

## ਘੱਟਦੀ ਸਿੱਖ ਅਬਾਦੀ...

1947 ਵਿਚ ਸਿੱਖਾਂ ਨੂੰ ਵੱਖਰਾ ਦੇਸ਼ ਨਾ ਮਿਲਣ ਪਿੱਛੇ ਹਿੰਦੂ-ਮੁਸਲਮਾਨਾਂ ਦੀ ਗਿਣਤੀ ਦੇ ਮੁਕਾਬਲੇ ਸਿੱਖਾਂ ਦੀ ਨਿਗੂਣੀ ਗਿਣਤੀ ਹੋਣਾ ਵੀ ਇੱਕ ਕਾਰਨ ਸੀ। ਇਸੇ ਕਾਰਨ ਰਾਜ ਕਰਨ ਵਾਲਾ ਖ਼ਾਲਸਾ ਪੰਥ ਸਦਾ ਲਈ ਦੂਜਿਆਂ ਦਾ ਮੁਥਾਜ ਬਣ ਗਿਆ। (ਸ) ਸਿੱਖਾਂ ਦੀ ਅਬਾਦੀ ਘੱਟ ਹੋਣ ਕਾਰਨ ਹੀ ਬਹੁ-ਗਿਣਤੀਆਂ ਵੱਲੋਂ ਸਿੱਖਾਂ ਨੂੰ ਨਸਲਕੁਸ਼ੀ ਰਾਹੀਂ ਖ਼ਤਮ ਕਰਨ ਅਤੇ ਸਿੱਖ ਇਤਿਹਾਸ, ਸਭਿਆਚਾਰ, ਫ਼ਲਸਫ਼ਾ ਤੇ ਸਾਹਿਤ ਬਦਲਣ ਲਈ ਚਹੁੰ-ਤਰਫੀ ਹਮਲੇ ਕੀਤੇ ਜਾ ਰਹੇ ਹਨ। (ਹ) ਮੂਲ ਸਿੱਖਾਂ ਦੀ ਆਬਾਦੀ ਘਟਣ ਕਾਰਨ ਹੀ ਵਿਰੋਧੀ ਸ਼ਕਤੀਆਂ ਸਾਡੀਆਂ ਸੰਸਥਾਵਾਂ ਅਤੇ ਸਮਾਜ ਅੰਦਰ ਨਕਲੀ ਸਿੱਖਾਂ ਦੀ ਘੁੱਸਪੈਠ ਕਰਵਾਉਣ ਵਿਚ ਕਾਮਯਾਬ ਹੋ ਰਹੀਆਂ ਹਨ।

ਅਬਾਦੀ ਵਧਾਉਣ ਸਬੰਧੀ ਕੁਝ ਸੁਝਾਅ ਇਸ ਤਰਾਂ ਹਨ- (ੳ) ਸਾਨੂੰ ਇਸ ਵਰਤਾਰੇ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਪਵੇਗੀ ਅਤੇ ਆਪਣੇ ਪਰਿਵਾਰਾਂ ਵਿਚ ਵੀ ਇਸ ਬਾਰੇ ਖੁੱਲ ਕੇ ਗੱਲ ਕਰਨੀ ਹੋਵੇਗੀ ਤਾਂ ਜੋ ਆਪਣੀਆਂ ਬੱਚੀਆਂ ਨੂੰ ਸੁਚੇਤ ਕਰ ਕੇ ਬਚਾਅ ਸਕੀਏ। ਉਨਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ ਤੇ ਇਤਿਹਾਸ ਤੋਂ ਜਾਣੂੰ ਕਰਵਾਈਏ। ਉਨਾਂ ਨੂੰ ਦੱਸੀਏ ਕਿ ਸਿੱਖ ਇਸਤਰੀ ਦੇ ਵਿਆਹ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਕੀ ਕਹਿੰਦੀ ਹੈ। (ਅ) ਯੂ.ਕੇ. ਵਿਚ 'ਸਿੱਖ ਅਵੇਅਰਨੈਸ ਸੁਸਾਇਟੀ' ਸੰਸਥਾ ਸਿੱਖ ਇਸਤਰੀਆਂ ਨੂੰ ਬਚਾਉਣ ਲਈ ਕਾਰਜਸ਼ੀਲ ਹੈ, ਅਤੇ ਪੀੜਤ ਇਸਤਰੀਆਂ ਲਈ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੀ ਹੈ। ਉਨਾਂ ਵੱਲੋਂ ਇਸ ਵਰਤਾਰੇ ਨੂੰ ਨਸ਼ਰ ਕਰਦੀਆਂ ਅਨੇਕਾਂ ਪੋਸਟਾਂ ਸੋਸ਼ਲ ਮੀਡੀਆ ਉੱਪਰ ਪਾਈਆਂ ਜਾਂਦੀਆਂ ਹਨ। ਇਸ ਸੰਸਥਾ ਨੂੰ ਭਾਰਤ ਸਮੇਤ ਹੋਰਨਾਂ ਦੇਸ਼ਾਂ ਵਿਚ ਫੈਲਾਉਣ ਲਈ ਯਤਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਭਾਰਤ ਜਾਂ ਪੰਜਾਬ ਅੰਦਰ ਕੋਈ ਵੀ ਅਜਿਹੀ ਸੰਸਥਾ ਨਹੀਂ ਜੋ ਸਿੱਖ ਇਸਤਰੀਆਂ ਨੂੰ ਉਨਾਂ ਨਾਲ ਵਾਪਰ ਰਹੇ ਇਸ ਵਰਤਾਰੇ ਤੋਂ ਬਚਾਉਣ ਲਈ ਮਦਦ ਜਾਂ ਜਾਗਰੂਕ ਕਰ ਰਹੀ ਹੋਵੇ। (ੲ) ਸਿੱਖ ਅਬਾਦੀ ਨੂੰ ਵਧਾਉਣ ਲਈ ਹਰੇਕ ਪਰਿਵਾਰ ਵਿਚ ਘੱਟੋ-ਘੱਟ 3 ਜਾਂ 4 ਬੱਚੇ ਪੈਦਾ ਕੀਤੇ ਜਾਣ। ਕਈ ਵਾਰ ਕੁਝ ਲੋਕ ਵਿਆਹ ਨਹੀਂ ਕਰਵਾਉਂਦੇ, ਕੁਝ ਲੋਕ ਕੁਦਰਤੀ ਤੌਰ 'ਤੇ ਮਾਤਾ-ਪਿਤਾ ਬਣਨ ਦੇ ਸਮਰੱਥ ਨਹੀਂ ਹੁੰਦੇ। ਤਾਂ ਅਜਿਹੇ ਵਿਚ ਘੱਟੋ-ਘੱਟ 4 ਬੱਚੇ ਪੈਦਾ ਕਰਨ ਨਾਲ ਹੀ ਕੌਮ ਦੀ ਅਬਾਦੀ ਵੱਧ ਸਕਦੀ ਹੈ। (ਸ) ਇੱਕ ਹੋਰ ਵਿਸ਼ੇਸ਼ ਉਪਰਾਲਾ ਜੋ ਕੀਤਾ ਜਾਣਾ ਚਾਹੀਦਾ ਹੈ ਕਿ ਹਰੇਕ ਗ਼ਰੀਬ ਜਾਂ ਲੋੜਵੰਦ ਸਿੱਖ ਬੱਚੇ ਨੂੰ ਮੁਫ਼ਤ ਵਿੱਦਿਆ ਦੇਣ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪੜਾਈ ਦੀ ਚਿੰਤਾ ਨਾ ਰਹੇ। ਭਾਰਤ ਜਾਂ ਪੰਜਾਬ ਅੰਦਰ ਜ਼ਿਆਦਾਤਰ ਗ਼ਰੀਬ ਲੋਕ 3 ਤੋਂ 5 ਬੱਚੇ ਪੈਦਾ ਕਰਦੇ ਹਨ। ਅਜਿਹੇ ਵਿਚ ਇਨਾਂ ਲੋੜਵੰਦ ਸਿੱਖਾਂ ਦੇ ਸਿਰੋਂ ਬੱਚਿਆਂ ਦੀ ਪੜਾਈ ਦਾ ਬੋਝ ਹਟਾਉਣ ਨਾਲ ਸਿੱਖ ਅਬਾਦੀ ਨੂੰ ਵਧਣ ਵੱਲ ਹੁਲਾਰਾ ਮਿਲਣਾ ਸੁਭਾਵਿਕ ਹੈ। (ਹ) ਜੇਕਰ ਗ਼ਰੀਬਾਂ ਦੇ ਬੱਚਿਆਂ ਦੀ ਪੜਾਈ ਦੇ ਖ਼ਰਚੇ ਗੁਰਦੁਆਰਾ ਸਾਹਿਬ ਵੱਲੋਂ ਕੀਤੇ ਜਾਣ ਤਾਂ ਸੋਚਣ-ਸਮਝਣ ਦੀ ਉਮਰ ਵਿਚ ਪਹੁੰਚ ਕੇ ਜ਼ਿਆਦਾਤਰ ਬੱਚੇ ਸਿੱਖੀ ਨਾਲ ਹੀ ਜੁੜੇ ਰਹਿਣਗੇ ਕਿਉਂ ਜੋ ਉਨਾਂ ਦੀ ਪੜਾਈ ਗੁਰਦੁਆਰਾ ਸਾਹਿਬ ਵੱਲੋਂ ਕਰਵਾਈ ਗਈ ਹੋਵੇਗੀ, ਇਸ ਗੱਲ ਦਾ ਅਹਿਸਾਸ ਜਾਂ ਬਖਸ਼ਿਸ਼ ਉਨਾਂ ਦੀ ਮਾਨਸਿਕਤਾ ਉੱਪਰ ਹਮੇਸ਼ਾ ਬਣੀ ਰਹੇਗੀ। (ਕ) ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬਾਨ ਵੱਲੋਂ ਮੁਫਤ 'ਸਿੱਖ ਮੈਰਿਜ ਸਰਵਿਸ' ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। (ਖ) ਪੰਜਾਬ ਅੰਦਰ ਵੱਸਦੇ ਸਾਰੇ ਅੰਮ੍ਰਿਤਧਾਰੀ ਲੋੜਵੰਦ ਪਰਿਵਾਰਾਂ ਲਈ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਠੋਸ ਯਤਨ ਕੀਤੇ ਜਾਣੇ ਚਾਹੀਦੇ ਹਨ। ਤਾਂ ਜੋ ਉਨਾਂ ਦਾ ਜੀਵਨ-ਪੱਧਰ ਗ਼ਰੀਬੀ ਵਿਚੋਂ ਕੱਢਿਆ ਜਾ ਸਕੇ। ਇਸ ਲਈ ਇਕ ਵਿਸ਼ੇਸ਼ ਰੋਜ਼ਗਾਰ ਯੋਜਨਾ ਬਣਾਈ ਜਾਣੀ ਚਾਹੀਦੀ ਹੈ।

ਪਿਛਲੇ ਸਮੇਂ ਕੁਝ ਸਿੱਖਾਂ ਵੱਲੋਂ ਧਰਮ ਪਰਿਵਰਤਨ ਕਰ ਲੈਣ ਦੀਆਂ ਖ਼ਬਰਾਂ ਆਈਆਂ। ਅਸਲ ਵਿਚ ਸਿੱਖ ਵਿਰੋਧੀ ਮਨੋਵਿਗਿਆਨੀਆਂ ਨੇ ਉਨਾਂ ਦੀ ਮਾਨਸਿਕਤਾ ਨੂੰ ਕਾਬੂ ਕੀਤਾ ਹੋਇਆ ਹੈ। ਮਨੋਵਿਗਿਆਨ ਇੱਕ ਵਿਕਸਿਤ ਪ੍ਰਣਾਲੀ ਹੈ ਜੋ ਕਿਸੇ ਵੀ ਇਨਸਾਨ ਦੇ ਮਨ ਦੇ ਵਿਚਾਰਾਂ ਨੂੰ ਤਬਦੀਲ ਕਰਨ ਲਈ ਕਾਰਗਰ ਸਾਬਤ ਹੁੰਦੀ ਹੈ। ਸਿੱਖਾਂ ਦਾ ਇੱਕ ਤਬਕਾ ਅਜਿਹਾ ਵੀ ਹੈ ਜੋ ਨਾ ਤਾਂ ਪੂਰਨ ਸਿੱਖ ਹੈ, ਨਾ ਹੀ ਕੋਈ ਹੋਰ ਧਰਮ ਦਾ, ਬਲਕਿ ਮਿਲਗੋਭਾ ਬਣ ਕੇ ਚੱਲ ਰਿਹਾ ਹੈ। ਅਜਿਹੇ ਵਿਚ ਉਨਾਂ ਦੀ ਦੂਜੀ ਜਾਂ ਤੀਜੀ ਪੀੜੀ ਸਹਿਜੇ ਹੀ ਸਿੱਖੀ ਵਿਚੋਂ ਮਨਫ਼ੀ ਹੋ ਜਾਂਦੀ ਹੈ। ਇਸ ਕਰਕੇ ਸਾਨੂੰ ਮਨੋਵਿਗਿਆਨੀ ਪ੍ਰਚਾਰਕ ਭਰਤੀ ਕਰਨੇ ਚਾਹੀਦੇ ਹਨ ਜਾਂ ਆਪਣੇ ਪ੍ਰਚਾਰਕਾਂ ਲਈ ਮਨੋਵਿਗਿਆਨ ਦੀ ਟਰੇਨਿੰਗ ਲੈਣੀ ਲਾਜ਼ਮੀ ਕਰਨੀ ਚਾਹੀਦੀ ਹੈ। ਮਨੋਵਿਗਿਆਨਕ ਪਹੁੰਚ ਸਿੱਖ ਅਬਾਦੀ ਨੂੰ ਘਟਣ ਤੋਂ ਰੋਕਣ ਲਈ ਸਹਾਈ ਸਿੱਧ ਹੋਵੇਗੀ।

ਇਸ ਲਈ ਸਾਡੇ ਪ੍ਰਚਾਰ ਦੇ ਢੰਗਾਂ ਵਿਚ ਬਦਲਾਅ ਕਰਨਾ ਸਮੇਂ ਦੀ ਲੋੜ ਹੈ। ਘਰ-ਘਰ ਪਹੁੰਚ ਕਰ ਕੇ ਵਿਆਖਿਆ ਸਮੇਤ ਨਿਤਨੇਮ ਦੀ ਸੰਥਿਆ, ਦਸ ਗੁਰੂ ਸਾਹਿਬਾਨ ਦਾ ਇਤਿਹਾਸ ਤੇ ਗੁਰਮਤਿ ਦੀ ਜਾਣਕਾਰੀ ਹਰੇਕ ਸਿੱਖ ਤਕ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾਵੇ। ਗੁਰਮਤਿ ਕਲਾਸਾਂ ਲਈ ਪ੍ਰਚਾਰਕਾਂ ਵੱਲੋਂ ਆਪਣਾ ਸਮਾਂ ਨੀਯਤ ਕਰਨ ਦੀ ਬਜਾਏ ਸੰਗਤਾਂ ਦੇ ਸਮੇਂ ਅਨੁਕੂਲ ਗੁਰਮਤਿ ਕਲਾਸਾਂ ਲਗਾਉਣ ਦੀ ਸਹੂਲਤ ਹੋਣੀ ਚਾਹੀਦੀ ਹੈ। ਕਿਉਂਕਿ ਗ਼ਰੀਬੀ ਤੇ ਬੇਰੁਜ਼ਗਾਰੀ ਦੇ ਦੌਰ ਵਿਚ ਕੋਈ ਸ਼ਾਮ ਨੂੰ ਕੰਮ-ਕਾਜ ਤੋਂ ਵਿਹਲਾ ਹੁੰਦਾ ਤਾਂ ਕੋਈ ਰਾਤ ਨੂੰ।

ਸੋ ਇਸ ਲਈ ਹਰੇਕ ਸਿੱਖ ਤਕ ਪਹੁੰਚ ਕਰਨ ਦਾ ਸਾਡਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਉਨਾਂ ਦੇ ਸਮੇਂ ਅਨੁਕੂਲ ਗੁਰਮਤਿ ਕਲਾਸ ਦਾ ਪ੍ਰਬੰਧ ਕਰੀਏ। ਇਹ ਕੰਮ ਸਾਡੇ ਅਜੋਕੇ ਗੁਰਮਤਿ ਸਮਾਗਮਾਂ ਨਾਲੋਂ ਸਸਤਾ ਹੈ, ਬੱਸ ਲੋੜ ਹੈ ਇਕ ਵਧੀਆ ਯੋਜਨਾ ਬਣਾਉਣ ਦੀ। ਇਸ ਤਰਾਂ ਜਿੱਥੇ ਸਿੱਖ ਇਸਤਰੀਆਂ ਅਤੇ ਸਿੱਖਾਂ ਨੂੰ ਧਰਮ ਤੋਂ ਵੇ-ਮੁੱਖ ਹੋਣ ਤੋਂ ਬਚਾਇਆ ਜਾ ਸਕਦਾ ਹੈ ਉਥੇ ਹੀ ਘੱਟਦੀ ਸਿੱਖ ਅਬਾਦੀ ਨੂੰ ਵਧਾਉਣ ਵਿਚ ਸਫਲਤਾ ਮਿਲ ਸਕਦੀ ਹੈ।

## ਤਿੰਨਾਂ ਲੋਕਤੰਤਰ ਦੇ ਤਿੰਨ...

ਦੂਜੇ ਬੰਨੇ, 2014 ਅਤੇ 2019 ਦੀਆਂ ਆਮ ਚੋਣਾਂ ਵਿਚ ਦੋ ਵਾਰ ਕਰਾਰੀ ਹਾਰ ਦਾ ਮੂੰਹ ਦੇਖਣ ਦੇ ਬਾਵਜੂਦ, ਕੁਨਬਾਪਰਵਰੀ ਤੇ ਅਨੁਭਵਹੀਣਤਾ ਦਾ ਭਾਰ ਆਪਣੇ ਮੋਢਿਆਂ 'ਤੇ ਹੋਣ ਦੇ ਬਾਵਜੂਦ ਤੇ ਆਪਣੀ ਜੱਦੀ ਪੁਸ਼ਤੀ ਸੀਟ ਅਮੇਠੀ ਨਾ ਬਚਾ ਸਕਣ ਦੇ ਬਾਵਜੂਦ, ਰਾਹੁਲ ਨੂੰ ਅਜੇ ਵੀ ਕਾਂਗਰਸ ਵੱਲੋਂ 2024 ਦੀਆਂ ਆਮ ਚੋਣਾਂ ਵਿਚ ਮੋਦੀ ਦੇ ਮੁਕਾਬਲੇ ਪ੍ਰਧਾਨ ਮੰਤਰੀ ਦੇ ਬਦਲ ਵਜੋਂ ਉਭਾਰਿਆ ਜਾ ਰਿਹਾ ਹੈ।

ਦਮਗਜ਼ੇਬਾਜ਼ ਕੋਈ ਵੀ ਹੋਵੇ, ਉਹ ਲੋਕਤੰਤਰ ਲਈ ਅਸ਼ੁਭ ਹੀ ਹੁੰਦਾ ਹੈ ਪਰ ਕੁਝ ਦਮਗਜ਼ੇਬਾਜ਼ ਕੁਝ ਹੋਰਨਾਂ ਨਾਲੋਂ ਜ਼ਿਆਦਾ ਹੀ ਮਾੜੇ ਹੁੰਦੇ ਹਨ। ਜੇ ਐਤਕੀਂ ਟਰੰਪ ਹਾਰ ਜਾਂਦਾ ਹੈ ਤਾਂ ਅਮਰੀਕਾ ਉਸ ਦੀਆਂ ਘਾਤਕ ਹਰਕਤਾਂ ਤੋਂ ਜਲਦੀ ਹੀ ਉੱਭਰ ਸਕਦਾ ਹੈ। ਬਰਤਾਨੀਆ ਬੋਰਿਸ ਜੌਹਨਸਨ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਹੀ ਆਪਣੇ ਆਪ ਵਿਚ ਸਿਮਟ ਰਿਹਾ ਹੈ, ਉਸ ਦਾ ਆਪਣੇ ਮੁਲਕ ਦੇ ਇਤਿਹਾਸ ਉੱਪਰ ਅਸਰ ਨਿਸਬਤਨ ਨਿਗੂਣਾ ਹੀ ਸਾਬਿਤ ਹੋਵੇਗਾ ਪਰ ਜੋ ਘਾਣ ਮੋਦੀ ਨੇ ਕੀਤਾ ਹੈ, ਉਹ ਭਾਰਤੀ ਲੋਕਤੰਤਰ ਲਈ ਬਹੁਤ ਜ਼ਿਆਦਾ ਹੈ। ਇਸ ਨੂੰ ਠੀਕ ਕਰਨ ਲਈ ਕਈ ਦਹਾਕੇ ਲੱਗ ਜਾਣਗੇ।

# ਜਿਹਨਾਂ ’ਤੇ ਮਾਣ ਪੰਜਾਬੀਆਂ ਨੂੰ



- ਗੁਰਮੀਤ ਸਿੰਘ ਪਲਾਹੀ
9815802070

1990 ਤੱਕ 66 ਲੱਖ ਭਾਰਤੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਪ੍ਰਵਾਸ ਕਰਦੇ ਸਨ। ਇਹ ਗਿਣਤੀ 2019 ਤੱਕ 175 ਲੱਖ ਤੱਕ ਪੁੱਜ ਚੁੱਕੀ ਹੈ। ਵਿਸ਼ਵ ਪੱਧਰੀ ਪ੍ਰਵਾਸ ਵਿੱਚ ਲਗਾਤਾਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਸਾਲ 2000 ਵਿੱਚ ਇਸ ਪ੍ਰਵਾਸ ਦੀ ਦਰ 2.8 ਫ਼ੀਸਦੀ ਸੀ, ਉੱਥੇ ਉਹ 2019 ’ਚ 3.5 ਫ਼ੀਸਦੀ ਹੋ ਗਈ। ਵਿਸ਼ਵ ਵਿੱਚ ਪ੍ਰਵਾਸ ਕਰਨ ਵਾਲੇ 4 ਲੋਕਾਂ ਵਿਚੋਂ 3 ਲੋਕ 20 ਤੋਂ 64 ਸਾਲ ਦੀ ਉਮਰ ਵਾਲੇ ਹਨ ਅਤੇ ਉਹਨਾ ਦਾ ਮੰਤਵ ਕੰਮ ਦੀ ਭਾਲ ਅਤੇ ਚੰਗੇਰੀ ਜ਼ਿੰਦਗੀ ਦੀ ਚਾਹਤ ਸਮਝਿਆ ਜਾਂਦਾ ਹੈ। ਭਾਰਤੀ ਖ਼ਾਸ ਕਰਕੇ ਪੰਜਾਬੀਆਂ ਬਾਰੇ ਮੁੱਖ ਤੌਰ ’ਤੇ ਕਿਹਾ ਜਾਂਦਾ ਹੈ ਕਿ ਉਹ ਕਮਾਈ ਲਈ ਵਤਨੋਂ ਦੂਰ ਪ੍ਰਵਾਸ ਕਰਦੇ ਰਹੇ ਹਨ। ਇਹਨਾਂ ਪੰਜਾਬੀਆਂ ਨੇ ਪਿਛਲੇ ਸਾਲਾਂ ’ਚ ਇਹ ਮਿੱਥ ਬਦਲੀ ਹੈ ਕਿ ਉਹ ਸਿਰਫ਼ ਪੈਸੇ ਲਈ ਜਾਂ ਸਿਰਫ਼ ਆਪਣੇ ਪਰਿਵਾਰ ਲਈ ਹੀ, ਕੰਮ ਕਰਨ ਵਾਲੇ ਲੋਕ ਨਹੀਂ ਹਨ ਸਗੋਂ ਉਹਨਾਂ ਦਾ ਮੰਤਵ ਮਨੁੱਖਤਾ ਦੀ ਸੇਵਾ ਹੈ। ਇਹੋ ਜਿਹੇ ਕੁਝ ਪੰਜਾਬੀਆਂ ਨਾਲ ਸਾਂਝ ਪੁਆਉਣੀ ਇਸ ਲੇਖ ਦਾ ਵਿਸ਼ਾ ਹੈ:-

**ਪੰਜਾਬੀਆਂ ਦੀ ਕੈਨੇਡਾ ’ਚ ਧਾਕ ਜਮਾਉਣ ਵਾਲਾ- ਮਨਮੋਹਨ ਸਿੰਘ ਸਹੋਤਾ (ਕੈਨੇਡਾ)**



ਮਨਮੋਹਨ ਸਿੰਘ ਉਰਫ਼ ਮੋਅ ਸਹੋਤਾ ਡੰਕਨ (ਬੀ.ਸੀ.) ਕੈਨੇਡਾ ’ਚ 18 ਫਰਵਰੀ, 1955 ਨੂੰ ਜਨਮਿਆ। 1977 ’ਚ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਉਸਨੇ ਸ਼ੋਸ਼ਲ ਵਰਕ ’ਚ ਡਿਗਰੀ ਹਾਸਲ ਕੀਤੀ। ਸਾਲ 1982 ’ਚ ਉਹ ਯੂਨੀਵਰਸਿਟੀ ਆਫ਼ ਵਿਕਟੋਰੀਆ ਤੋਂ ਲਾਅ ਗਰੈਜੂਏਸ਼ਨ ਬਣਿਆ। ਵਿਦਿਆਰਥੀ ਜੀਵਨ ਵਿੱਚ ਹੀ ਉਸਨੇ ਸਿਆਸਤ ਵਿੱਚ ਇਹ ਸਮਝ ਲੈ ਕੇ ਹਿੱਸਾ ਲੈਣਾ ਸ਼ੁਰੂ ਕੀਤਾ ਕਿ ਸਿਆਸਤ ਅਤੇ ਸਮਾਜ ਸੇਵਾ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਪੜਾਈ ਖ਼ਤਮ ਹੋਣ ’ਤੇ ਵਕਾਲਤ ਵੀ ਸ਼ੁਰੂ ਕੀਤੀ ਅਤੇ 1986 ਵਿੱਚ ਉਹ ਪਹਿਲਾ ਇੰਡੋ-ਕੈਨੇਡੀਅਨ ਐਮ.ਪੀ. ਬਣਿਆ। ਦੁਬਾਰਾ ਐਮ.ਪੀ. ਚੁਣੇ ਜਾਣ ਤੇ ਉਹ ਪੀਰੀਮੀਅਰ ਮਾਈਕ ਹਾਰਕੋਰਟ ਦੀ ਵਜ਼ਾਰਤ ’ਚ ਪਹਿਲਾ ਭਾਰਤੀ ਕੈਬਨਿਟ ਮੰਤਰੀ ਬਣਿਆ ਅਤੇ ਉਸਨੂੰ ਲੇਬਰ ਮਨਿਸਟਰ ਨਿਯੁੱਕਤ ਕੀਤਾ ਗਿਆ। ਸਾਲ 1995 ’ਚ ਸਹੋਤਾ ਨੂੰ ਵਜ਼ਾਰਤ ਵਿੱਚੋ ਕੁਝ ਕਾਰਨਾਂ ਕਰਕੇ ਅਸਤੀਫ਼ਾ ਦੇਣਾ ਪਿਆ। ਪਰ ਬਾਅਦ ’ਚ ਫਿਰ ਉਹਨੂੰ ਕੈਬਨਿਟ ਮੰਤਰੀ ਨਿਯੁਕਤ ਕੀਤਾ ਗਿਆ। ਉਸ ਉੱਤੇ ਸਮੇਂ-ਸਮੇਂ ਕਈ ਇਲਜ਼ਾਮ ਲੱਗਦੇ ਰਹੇ, ਪਰ ਉਸਨੇ ਆਪਣਾ ਸਮਾਜ ਸੇਵਾ, ਤੇ ਸਿਆਸਤ ਦਾ ਸਫ਼ਰ ਜਾਰੀ ਰੱਖਿਆ ਅਤੇ ਦ੍ਰਿੜਤਾ ਨਾਲ ਆਪਣੇ ਮਿਥੇ ਹੋਏ ਟੀਚਿਆਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਰਿਹਾ। ਸਹੋਤਾ ਸਿਆਸੀ ਸਰਗਰਮੀਆਂ ਤੋਂ ਕਿਨਾਰਾ ਕਰਕੇ ਟੈਲੀਵਿਜ਼ਨ ਹੋਸਟ ਬਣਿਆ। 2012 ’ਚ ਵੈਨਕੋਵਰ ਮੈਗਜ਼ੀਨ ਨੇ ਸਹੋਤਾ ਨੂੰ ਬ੍ਰਿਟਿਸ਼ ਕੋਲੰਬੀਆ ਦੇ 50 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀ ਲਿਸਟ ਵਿੱਚ ਚੁਣਿਆ। 2015 ’ਚ ਉਸਨੂੰ ਕੁਈਨ ਡਾਇਮੰਡ ਜੁਬਲੀ ਮੈਡਲ ਨਾਲ ਕੈਨੇਡੀਅਨ ਸੁਸਾਇਟੀ ਦੀ ਸੇਵਾ ਲਈ ਸਨਮਾਨਿਤ ਕੀਤਾ ਗਿਆ। ਸਾਊਥ ਏਸ਼ੀਅਨ ਲੋਕਾਂ ਦੇ 100 ਸਾਲਾ ਇਤਹਾਸ ਵਿੱਚ ਵੱਡੀਆਂ ਪ੍ਰਾਪਤੀਆਂ ਵਾਲੇ 100 ਲੋਕਾਂ ਦੀ ਚੋਣ ’ਚ ਸਹੋਤਾ ਦੀ ਚੋਣ ਹੋਈ, ਜਿਸ ਵਿੱਚ ਸਿਆਸੀ ਅਤੇ ਪਬਲਿਕ ਪਾਲਿਸੀ ਲਈ ਉਹਨਾਂ ਦੀ ਦੇਣ ਨੂੰ ਵਡਿਆਇਆ ਗਿਆ। ਮੋਅ ਸਹੋਤਾ, ਜਿਸਨੇ ਸਾਫ਼-ਸੁਥਰੀ ਸਿਆਸਤ ਕੀਤੀ, ਵਕਾਲਤ ਕੀਤੀ, ਟੀ.ਵੀ ਐਂਕਰਿੰਗ ਕੀਤੀ। ਵੱਖੋ-ਵੱਖਰੀਆਂ ਕੈਨੇਡੀਅਨ ਵਜ਼ਾਰਤਾਂ ਦੇ ਵੱਖੋ-ਵੱਖਰੇ ਮਹਿਕਮਿਆਂ ’ਚ ਕੈਬਨਿਟ ਮੰਤਰੀ ਵਜੋਂ ਸੇਵਾ ਨਿਭਾਈ। ਅੱਜ ਕੱਲ ਮਨਮੋਹਨ ਸਿੰਘ ਉਰਫ਼ ਮੋਅ ਸਹੋਤਾ ਆਪਣੇ ਪਰਿਵਾਰ ਨਾਲ ਵਿਕਟੋਰੀਆ ’ਚ ਨਿਵਾਸ ਰੱਖਦਾ ਹੈ। ਉਹ ਇਕ ਇਹੋ ਜਿਹਾ ਪੰਜਾਬੀ ਹੈ, ਜਿਸ ਨੇ ਆਪਣੀ ਸਿਆਣਪ, ਮਿਹਨਤ, ਦੂਰ-ਦਰਸ਼ਤਾ ਨਾਲ ਬਹੁ-ਸਭਿਆਚਾਰੀ ਕੈਨੇਡਾ ’ਚ ਪੰਜਾਬੀਆਂ ਦੀ ਧਾਕ ਜਮਾਈ ਅਤੇ ਆਪ ਨਾਮਣਾ ਖੱਟਿਆ।

**ਪੰਜਾਬ ਦਾ ਸਟਰੌਬਰੀ ਕਿੰਗ- ਨਵਜੋਤ ਸਿੰਘ ਸ਼ੇਰਗਿੱਲ**



ਪਟਿਆਲਾ ਜ਼ਿਲੇ ਦਾ ਪਿੰਡ ਮਜਾਲ ਖ਼ੁਰਦ ਇਹਨਾ ਦਿਨਾਂ ’ਚ ਚਰਚਾ ਵਿੱਚ ਹੈ। ਇਥੋਂ ਦੇ ਇੱਕ ਐਮ.ਬੀ.ਏ. ਪਾਸ ਨੌਜਵਾਨ ਨਵਜੋਤ ਸਿੰਘ ਸ਼ੇਰਗਿੱਲ ਨੇ ਪੰਜਾਬ ਦੇ ਨੌਜਵਾਨਾਂ ਨੂੰ ਉਸ ਸਮੇਂ ਇੱਕ ਨਵਾਂ ਰਾਹ ਦਿਖਾਇਆ ਹੈ, ਜਦੋਂ ਪੰਜਾਬ ਦਾ ਲਗਭਗ ਹਰ ਨੌਜਵਾਨ, ਮੁਟਿਆਰ ਪੜਾਈ ਦੇ ਨਾਮ ਤੇ ਵਿਦੇਸ਼ ਵਿੱਚ ਕਿਸੇ ਯੂਨੀਵਰਸਿਟੀ, ਕਾਲਜ ਵਿੱਚ ਦਾਖ਼ਲਾ ਲੈ ਕੇ, ਉੱਥੇ ਹੀ ਸੈਟਲ ਹੋਣਾ ਚਾਹੁੰਦਾ ਹੈ। ਨਵਜੋਤ ਸਿੰਘ ਸ਼ੇਰਗਿੱਲ ਉਚੇਰੀ ਪੜਾਈ ਕਰਕੇ ਵਿਦੇਸ਼ ਵਿੱਚ ਰਹਿ ਸਕਦਾ ਸੀ, ਕਿਉਂਕਿ ਉਹ ਬਰਤਾਨੀਆ ’ਚ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੇ ਘਰ ਜਨਮਿਆ ਸੀ, ਜਿਹਨਾਂ ਨੇ ਬਰਤਾਨੀਆ ਦੀ ਸਿਟੀਜ਼ਨਸ਼ਿਪ ਨਹੀਂ ਲਈ । ਨਵਜੋਤ ਸਿੰਘ ਨੇ ਮੁੱਢਲੀ ਪੜਾਈ ਪਹਿਲਾਂ ਪਟਿਆਲਾ ਦੇ ਸਕੂਲ/ਯੂਨੀਵਰਸਿਟੀ ’ਚ ਕੀਤੀ,ਐਸਟਰੇਲੀਆ ’ਚ ਪੋਸਟ ਗਰੇਜੂਏਸ਼ਨ ਡਿਪਲੋਮਾ ਕੀਤਾ, ਐਮ.ਬੀ.ਏ. ਮਾਰਕੀਟਿੰਗ ਦੀ ਪੜਾਈ ਪੰਜਾਬੀ ਯੂਨੀਵਰਸਿਟੀ ਤੋਂ ਕੀਤੀ। ਤੇ ਵਿਦੇਸ਼ ’ਚ ਆਪਣਾ ਕੋਈ ਕਿੱਤਾ ਅਪਣਾਉਣ ਦੀ ਬਜਾਏ ਪੁਰਖਿਆਂ ਦੀ ਜ਼ਮੀਨ ਉੱਤੇ ਮਾਡਰਨ ਖੇਤੀ ਕਰਨ ਨੂੰ ਤਰਜ਼ੀਹ ਦਿੱਤੀ। ਨਵਜੋਤ ਸਿੰਘ ਸ਼ੇਰਗਿੱਲ ਹੁਣ ਪੰਜਾਬ ਦੇ ਸਟਰੌਬਰੀ ਕਿੰਗ ਵਜੋਂ ਜਾਣਿਆਂ ਜਾਂਦਾ ਹੈ। ਨੌਜਵਾਨ ਸ਼ੇਰਗਿੱਲ ਅਮਰੀਕਾ ਦੀ ਸੁਪ੍ਰਸਿੱਧ ਫ਼ਸਲ ਦੀ ਪਨੀਰੀ ਪੂਨੇ ਰਾਹੀਂ ਮੁਜਾਲ ਖ਼ੁਰਦ ਲਿਆਕੇ ਆਪਣੇ ਫਾਰਮ ਹਾਊਸ ਵਿੱਚ ਦੋ ਜਾਂ ਤਿੰਨ ਏਕੜ ਵਿੱਚ ਇਸ ਨੂੰ ਬੀਜਦਾ ਹੈ। ਤਕਨੀਕੀ ਸੁਹਿਰਦਤਾ ਨਾਲ ਇਸ ਫ਼ਸਲ ਨੂੰ ਉਗਾਉਂਦਾ ਹੈ ਅਤੇ ਆਪ ਹੀ ਚੰਡੀਗੜ, ਪਟਿਆਲਾ, ਲੁਧਿਆਣਾ,ਜਲੰਧਰ, ਦਿੱਲੀ, ਨੋਇਡਾ, ਗੁੜਗਾਉਂ ’ਚ ਇਸ ਦੀ ਮਾਰਕੀਟਿੰਗ ਕਰਦਾ ਹੈ। ਫੂਡ ਪ੍ਰੋਸੈਸਿੰਗ ਦੀ ਟਰੇਨਿੰਗ ਕੇ ਵੀ ਕੇ ਪਟਿਆਲਾ ਤੋਂ ਲੈ ਕੇ ਉਹ ਸਟਰੌਬਰੀ ਜੈਮ, ਸਟਰੌਬਰੀ ਕਰੱਸ਼, ਸਟਰੌਬਰੀ ਬਰਫੀ ਆਪ ਤਿਆਰ ਕਰਵਾਉਂਦਾ ਅਤੇ ਵੇਚਦਾ ਹੈ। ਚਾਰ ਸਾਲਾਂ ਦੇ ਤਜਰਬੇ ਨੇ ਉਸਨੂੰ ਇੱਕ ਸਫ਼ਲ ਕਿਸਾਨ ਬਨਣਾ ਤਾਂ ਸਿਖਾਇਆ ਹੀ ਹੈ, ਸਗੋਂ ਇੱਕ ਸਫ਼ਲ ਕਾਰੋਬਾਰੀ ਹੋਣ ਦਾ ਮਾਣ ਵੀ ਦੁਆਇਆ ਹੈ। ਸ਼ੇਰਗਿੱਲ ਇੱਕ ਇਹੋ ਜਿਹਾ ਨੌਜਵਾਨ ਹੈ, ਜਿਸ ਦਾ ਟੀਚਾ ਸਪਸ਼ਟ ਹੈ। ਆਪਣੀ ਧਰਤੀ ਉੱਤੇ ਉਹੀ ਫ਼ਸਲ ਉਗਾਓ ਜਿਹੜੀ ਆਪ ਨੂੰ ਬਿਹਤਰ ਪੈਦਾਵਾਰ, ਕਾਰੋਬਾਰ ਅਤੇ ਧੰਨ ਦੇ ਸਕੇ। ਐਨ.ਐਸ.ਬੇਰੀ ਆਰਚਰਡ ਦੇ ਨਾਮ ਤੇ ਬਣਾਏ ਉਸਦੇ ਪ੍ਰੋਡਕਟ, ਉਸਦੀ ਸਫਲਤਾ ਦੀ ਮੂੰਹ ਬੋਲਦੀ ਕਹਾਣੀ ਕਹਿੰਦੇ ਹਨ। ਅੱਜ ਜਦੋਂ ਨੌਜਵਾਨ ਬੇਰੁਜ਼ਗਾਰੀ ਦੇ ਮਾਰੇ-ਮਾਰੇ ਫਿਰਦੇ ਹਨ। ਅੱਜ ਜਦੋਂ ਨੌਜਵਾਨ ਹੱਥਾਂ ’ਚ ਡਿਗਰੀਆਂ ਫੜ ਮੱਥੇ ’ਤੇ ਹੱਥ ਮਾਰਦੇ ਹਨ। ਉਦੋਂ ਨਵਜੋਤ ਸਿੰਘ ਸ਼ੇਰਗਿੱਲ ਉਹਨਾਂ ਦਾ ਪੱਥ ਪ੍ਰਦਰਸ਼ਕ, ਰਾਹ ਦਸੇਰਾ ਬਣੇ ਉਹਨਾਂ ਸਾਹਮਣੇ ਇੱਕ ਉਦਾਹਰਨ ਪੇਸ਼ ਕਰਦਾ ਨਜ਼ਰ ਆ ਰਿਹਾ ਹੈ।

ਨਵਜੋਤ ਸਿੰਘ ਸ਼ੇਰਗਿੱਲ ਜਦੋਂ ਕਹਿੰਦਾ ਹੈ ਕਿ ਮੈਂ ਸਟਰੌਬਰੀ ਦੀ ਖੇਤੀ ਦੋ ਤਿੰਨ ਖੇਤਾਂ ’ਚ ਮਾਡਰਨ ਤਕਨੀਕ ਨਾਲ, ਡਰਿੱਪ/ਸਪਰਿੰਕਲ ਸਿੰਚਾਈ ਨਾਲ, ਬਿਨਾਂ ਕਿਸੇ ਕੀਟਨਾਸ਼ਕ ਦੀ ਵਰਤੋਂ ਦੇ ਕਰਦਾ ਹਾਂ, ਤਾਂ ਇਵੇਂ ਲੱਗਦਾ ਹੈ ਜਿਵੇਂ ਉਹ ਅਮਰੀਕਾ ਦੇ ਖੇਤਾਂ ਵਿੱਚ ਬੈਠਾ ਅਲੋਕਾਰੀਆਂ ਗੱਲਾਂ ਕਰ ਰਿਹਾ ਹੋਵੇ। ਇਹ ਜਾਣਦਿਆਂ ਹੋਇਆਂ ਵੀ ਕਿ ਪੰਜਾਬ ਵਿੱਚ ਸਟਰੌਬਰੀ ਉਗਾਉਣਾ ਸੌਖਾ ਨਹੀਂ, ਵੱਡੀ ਮਿਹਨਤ ਦਾ ਕੰਮ ਹੈ। ਉਸਨੇ ਇਸ ਫ਼ਸਲ ਉਗਾਉਣ ਨੂੰ ਇੱਕ ਚੈਲਿੰਜ ਵਜੋਂ ਲਿਆ ਅਤੇ ਸਫ਼ਲਤਾ ਹਾਸਲ ਕੀਤੀ। ਉਸਦੇ ਇਸ ਪ੍ਰਾਜੈਕਟ ਵਿੱਚ ਛੇ ਤੋਂ ਅੱਠ ਨੌਜਵਾਨ ਲੜਕੇ, ਲੜਕੀਆਂ ਕੰਮ ਤੇ ਲੱਗੇ ਰਹਿੰਦੇ ਹਨ।

ਨਵਜੋਤ ਸਿੰਘ ਸ਼ੇਰਗਿੱਲ ਪਟਿਆਲੇ ਵਿਖੇ ਆਪਣੀ ਪਤਨੀ ਅਤੇ ਬੱਚੀ ਨਾਲ ਨਿਵਾਸ ਕਰਦਾ ਹੈ,ਉਸਦੇ ਪਿਤਾ ਨਰਪਾਲ ਸਿੰਘ ਸ਼ੇਰਗਿੱਲ ਉਸਦੇ ਪ੍ਰੇਰਨਾ ਸਰੋਤ ਹਨ, ਜਿਹੜੇ ਬਰਤਾਨੀਆ ਤੋਂ ਗਾਹੇ-ਵਗਾਹੇ ਆਉਂਦੇ ਰਹਿੰਦੇ ਹਨ ਅਤੇ ਉਸਦਾ ਮਾਰਗ ਦਰਸ਼ਨ ਕਰਦੇ ਹਨ।

ਨਵਜੋਤ ਸਿੰਘ ਸ਼ੇਰਗਿੱਲ ਉਤਸ਼ਾਹੀ ਹੌਸਲੇ ਵਾਲਾ, ਪਰਪੱਕ ਇਰਾਦਿਆਂ ਵਾਲਾ ਨੌਜਵਾਨ ਹੈ, ਜਿਹੜਾ ਪੰਜਾਬ ਦੇ ਬਰੇਨ (ਦਿਮਾਗ) ਨੌਜਵਾਨਾਂ ਅਤੇ ਪੈਸੇ ਨੂੰ ਵਿਦੇਸ਼ ਸੁੱਟਣ ਦੀ ਵਿਜਾਏ, ਪੰਜਾਬ ਦੀ ਆਰਥਿਕ ਤਰੱਕੀ ’ਚ ਲਾਉਣ ਲਈ ਦ੍ਰਿੜ ਸੰਕਲਪ ਹੈ।

**ਦੁਆਬੇ ਦੀ ਧਰਤੀ ਦਾ ਜੰਮਪਲ- ਬਰਤਾਨੀਆ ਦਾ ਲਾਡਲਾ- ਦਰਸ਼ਨ ਲਾਲ ਕੱਲਣ**

ਦਰਸ਼ਨ ਲਾਲ ਕੱਲਣ ਉਹਨਾਂ ਪ੍ਰਵਾਸੀ ਪੰਜਾਬੀਆਂ ਵਿਚੋਂ



ਇੱਕ ਹੈ, ਜਿਹੜੇ 1958 ਵਿੱਚ ਬਣੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਸਾਊਥਾਲ (ਬਰਤਾਨੀਆ) ਵਿੱਚ ਭਾਰਤੀਆਂ ਨਾਲ ਹੁੰਦੀ ਬੇਇਨਸਾਫ਼ੀ ਵਿਰੁੱਧ ਅਵਾਜ਼ ਉਠਾਉਣ ਵਾਲੀ ਅਤੇ ਨਸਲੀ ਵਿਤਕਰੇ ਵਿਰੁੱਧ ਬੋਲਣ ਵਾਲੀ ਸੰਸਥਾ ਸੀ। ਯੂਨੀਵਰਸਿਟੀ ਕਾਲਜ ਹੁਸ਼ਿਆਰਪੁਰ ਤੋਂ 1956 ਵਿੱਚ ਪੜਾਈ ਪੂਰੀ ਕਰਕੇ ਕੱਲਣ ਆਪਣੀ ਆਰਥਿਕ ਹਾਲਤ ਦੇ ਸੁਧਾਰ ਲਈ ਲੰਡਨ ਵੱਲ ਤੁਰਿਆ ਸੀ। ਲੰਡਨ ਆ ਕੇ ਉਸ ਵਰਗੇ ਹੋਰ ਭਾਰਤੀ ਪੰਜਾਬੀਆਂ ਨੇ ਇੱਥੋਂ ਦੀ ਲੇਬਰ ਦੇ ਕੰਮ ਦੇ ਭੈੜੇ ਹਾਲਾਤ ਵੇਖੇ ਅਤੇ ਇੱਕ ਵੱਖਰੀ ਸੋਚ ਲੈ ਕੇ ਬੇਇਨਸਾਫ਼ੀ ਵਿਰੁੱਧ ਲੜਨ ਦਾ ਫ਼ੈਸਲਾ ਕੀਤਾ। ਦਰਸ਼ਨ ਲਾਲ ਕੱਲਣ ਨੇ ਬਰਤਾਨੀਆ ਦੇ ਲੇਬਰ ਸਿਆਸਤਦਾਨਾਂ ਅਤੇ ਟਰੇਡ ਯੂਨੀਅਨ ਨੇਤਾਵਾਂ ਨਾਲ ਆਪਣੇ ਸਬੰਧ ਗੂੜੇ ਕੀਤੇ ਅਤੇ ਸਿਆਸੀ ਸਰਗਰਮੀਆਂ ’ਚ ਵੀ ਹਿੱਸਾ ਲਿਆ। 1969 ’ਚ ਉਸਨੇ ਸਾਥੀਆਂ ਨਾਲ ਮਿਲਕੇ ਬਰਤਾਨੀਆ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਦੀ ਸਥਾਪਨਾ ਕੀਤੀ। ਕੱਲਣ ਭਾਰਤ-ਬ੍ਰਿਟਿਸ਼ ਦੇਸ਼ਾਂ ਵਿੱਚ ਸੁਖਾਵੇਂ ਸਬੰਧਾਂ ਲਈ ਪੁਲ ਵਜੋਂ ਕੰਮ ਕਰਦਾ ਰਿਹਾ ਹੈ। ਉਹ ਦੋਹਾਂ ਦੇਸ਼ਾਂ ’ਚ ਆਪਸੀ ਮਿਲਵਰਤਨ ਅਤੇ ਸਾਂਝ ਦਾ ਮੁੱਦਈ ਹੈ। ਦੋਹਾਂ ਮੁਲਕਾਂ ਵਿੱਚ ਉਸਦੇ ਸਿਆਸੀ ਮਿੱਤਰ ਹਨ। ਦੋਹਾਂ ਦੇਸ਼ਾਂ ਦੇ ਲੋਕ ਉਸ ਨਾਲ ਅੰਤਾਂ ਦਾ ਮੋਹ ਕਰਦੇ ਹਨ, ਕਿਉਂਕਿ ਉਹ “ਪਹਿਲੀਆਂ“ ’ਚ ਉਹਨਾ ਪੰਜਾਬੀ ਪ੍ਰਵਾਸੀਆਂ ਦਾ ਸਹਾਰਾ ਬਣਿਆ, ਜਿਹੜੇ ਪੜ ਲਿਖ ਵੀ ਨਹੀਂ ਸਨ ਸਕਦੇ । ਉਹ ਇਹੋ ਜਿਹੇ ਲੋਕਾਂ ਦੇ ਫਾਰਮ ਭਰਦਾ ਸੀ। ਉਹਨਾਂ ਦੇ ਹੱਕਾਂ ’ਚ ਮਹਿਕਮਿਆਂ ਨੂੰ ਖ਼ਤ ਲਿਖਦਾ ਸੀ। ਉਹਨਾਂ ਦੇ ਇੰਮੀਗਰੇਸ਼ਨ ਕੇਸਾਂ ਦੀ ਪੈਰਵੀ ਕਰਦਾ ਸੀ। ਉਹ ਪੰਜਾਬੀ, ਉਰਫ਼, ਹਿੰਦੀ, ਅੰਗਰੇਜ਼ੀ ਦਾ ਗਿਆਤਾ ਹੈ।

ਕੱਲਣ ਉਹਨਾਂ ਪ੍ਰਵਾਸੀ ਭਾਰਤੀ ਪੰਜਾਬੀਆਂ ਵਿੱਚੋਂ ਇੱਕ ਹੈ, ਜਿਹੜੇ ਬਰਤਾਨੀਆ ’ਚ ਔਖੇ ਵੇਲਿਆਂ ’ਚ ਵਿਚਰੇ ਅਤੇ ਜਿਹਨਾਂ ਆਪਣੀ ਸੂਝ-ਬੂਝ ਅਤੇ ਸਿਆਣਪ ਨਾਲ ਉਸ ਧਰਤੀ ਦੇ ਲੋਕਾਂ ਵਿੱਚ ਆਪਣੀ ਥਾਂ ਹੀ ਨਹੀਂ ਬਣਾਈ, ਸਗੋਂ ਆਪਣੀ ਹੋਂਦ ਦਾ ਅਹਿਸਾਸ ਵੀ ਕਰਵਾਇਆ।

**ਅਮਰੀਕਾ ਦੀ ਮਾਣ ਮੱਤੀ ਸਖਸ਼ੀਅਤ -ਮੇਅਰ ਪਰਗਟ ਸਿੰਘ ਸੰਧੂ**



ਪੰਜਾਬੀ ਵਿਦੇਸ਼ ਵਿੱਚ ਜਿੱਥੇ ਵੀ ਗਏ, ਪਹਿਲਾਂ ਆਰਥਿਕ ਪੱਖੋਂ ਖ਼ੁਸ਼ਹਾਲ ਹੋਏ। ਫਿਰ ਸਿਆਸਤ ਦੇ ਮੈਦਾਨ ਵਿੱਚ ਨਿੱਤਰੇ ਅਤੇ ਫਿਰ ਸਮਾਜ ਸੇਵਾ ਅਤੇ ਸਮਾਜਿਕ ਗਤੀਵਿਧੀਆਂ ’ਚ ਆਪਣੇ ਪੈਰ ਇੰਜ ਪਸਾਰੇ ਕਿ ਉੱਥੋਂ ਦੇ ਵਸਨੀਕਾਂ ਦੇ ਮਨਾਂ ’ਚ ਆਪਣੀ ਨਿਵੇਕਲੀ ਥਾਂ ਬਣਾਉਣ ’ਚ ਕਾਮਯਾਬ ਹੋਏ। ਸਖ਼ਤ ਮਿਹਨਤ ਕਰਨਾ, ਲੋਕਾਂ ਦੇ ਕੰਮ ਆਉਣਾ, ਲੋੜ ਪਏ ਤੇ ਨਿਤਾਣਿਆਂ ਸੰਗ ਖੜਨਾ, ਪੰਜਾਬੀਆਂ ਦੀ ਸੋਚ ਅਤੇ ਕਿਰਦਾਰ ਦਾ ਹਿੱਸਾ ਹੈ। ਆਪਣੇ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਸਿੱਖਿਆ ਨੂੰ ਲੜ ਬੰਨ ਕੇ ਪੰਜਾਬੀਆਂ ਸਦਾ ਇਹੋ ਜਿਹੇ ਕੰਮ ਕੀਤੇ, ਜਿਹੜੇ ਦੁਨੀਆ ਦੀਆਂ ਨਜ਼ਰਾਂ ’ਚ ਉਹਨਾਂ ਦਾ ਕੱਦ-ਬੁੱਤ ਵਧਾਉਣ ’ਚ ਸਹਾਈ ਹੋਏ। ਅਮਰੀਕਾ, ਕੈਨੇਡਾ, ਇੰਗਲੈਂਡ ਵਿਚਲੇ ਪੰਜਾਬੀਆਂ ਨੇ ਖੇਤੀਬਾੜੀ, ਸਨਅਤ, ਡਾਕਟਰੀ, ਇੰਜੀਨੀਰਿੰਗ, ਕੰਪਿਊਟਰ ਸਾਇੰਸ, ਸਰਵਿਸ ਸੈਕਟਰ, ਸਿਆਸਤ ’ਚ ਆਪਣੀ ਵਿਸ਼ੇਸ਼ ਥਾਂ ਬਣਾਈ। ਹੁਣ ਦਰਜਨ ਭਰ ਨਹੀਂ ਸਗੋਂ ਸੈਂਕੜੇ ਪੰਜਾਬੀ ਇਹੋ ਜਿਹੇ ਹਨ, ਜਿਹੜੇ ਇਹਨਾਂ ਖੇਤਰਾਂ ’ਚ ਸਿਖਰ ਤੇ ਪੁੱਜੇ ਹੋਏ ਹਨ। ਪਰਗਟ ਸਿੰਘ ਸੰਧੂ ਉਹਨਾਂ ਵਿਚੋਂ ਇੱਕ ਖ਼ੂਬਸੂਰਤ, ਹਰਮਨ ਪਿਆਰੀ, ਇਮਾਨਦਾਰ ਸਖਸ਼ੀਅਤ ਹੈ।

1981 ਵਿੱਚ ਪਰਗਟ ਸਿੰਘ ਸੰਧੂ ਅਮਰੀਕਾ ਪੁੱਜੇ। ਉਹਨਾਂ ਆਪਣੀ ਸਾਇੰਸ ਗਰੈਜੂਏਸ਼ਨ ਦੀ ਡਿਗਰੀ ਖ਼ਾਲਸਾ ਕਾਲਜ ਜਲੰਧਰ ਤੋਂ ਪ੍ਰਾਪਤ ਕੀਤੀ। ਦੁਆਬੇ ਦੇ ਛੋਟੇ ਜਿਹੇ ਪਿੰਡ ਬਸ਼ੇਸ਼ਰਪੁਰ ਦੇ ਵਸਨੀਕ ਪਰਗਟ ਸਿੰਘ, ਮਾਤਾ ਗੁਰਬਚਨ ਕੌਰ ਦੀ ਕੁੱਖੋਂ ਪੈਦਾ ਹੋਏ, ਪਿਤਾ ਸ. ਕਰਮ ਸਿੰਘ ਸੰਧੂ ਦੀ ਦੇਖ-ਰੇਖ ’ਚ ਪਲੇ। ਪਰਗਟ ਸਿੰਘ ਸੰਧੂ ਨੇ ਪੰਜਾਬ ’ਚ ਰਹਿੰਦਿਆਂ ਹੀ ਸਮਾਜਿਕ ਕਾਰਜਾਂ ’ਚ ਹਿੱਸਾ ਲੈਣਾ ਸ਼ੁਰੂ ਕੀਤਾ। ਅਮਰੀਕਾ ਪੁੱਜਣ ਤੇ 25 ਸਾਲ ਉਹਨਾਂ ਯੂਨਾਈਟਿਡ ਸਟੇਟ ਪੋਸਟਲ ਸਰਵਿਸ ’ਚ ਨੌਕਰੀ ਕੀਤੀ ਅਤੇ ਫਿਰ ਕਾਰੋਬਾਰ ’ਚ ਪੈਰ ਰੱਖਦਿਆਂ ਇੱਕ ਹੋਟਲ ਖ਼ਰੀਦਿਆ ਅਤੇ ਇਸ ਕਾਰੋਬਾਰ ਵਿੱਚ ਸ਼ਹਿਰ ਗਾਲਟ (ਕੈਲੇਫੋਰਨੀਆ) ਵਿੱਚ ਸਥਾਨਕ ਕਮਿਊਨਿਟੀ ਨਾਲ ਰਿਸ਼ਤੇ ਪੀਡੇ ਕੀਤੇ। ਉਹਨਾਂ ਦਾ ਕਹਿਣਾ ਹੈ ਕਿ ਉਹ ਗਾਲਟ ਸ਼ਹਿਰ, ਇਸਦੇ ਵਸਨੀਕਾਂ, ਇਥੋਂ ਦੀ ਕਮਿਊਨਿਟੀ ਨੂੰ ਅੰਤਾਂ ਦਾ ਪਿਆਰ ਕਰਦੇ ਹਨ ਅਤੇ ਉਹਨਾਂ ਦੀ ਸੇਵਾ ਲਈ ਹਰ ਹਾਲ ਤਤਪਰ ਰਹਿੰਦੇ ਹਨ। ਸਥਾਨਕ ਬਿਜਨੈਸਮੈਨ ਹੁੰਦਿਆਂ ਇਥੋਂ ਦੀ ਕਮਿਊਨਿਟੀ

ਦੀ ਆਵਾਜ਼ ਬਣਨਾ ਉਹਨਾਂ ਦਾ ਸੁਪਨਾ ਹੈ ਜਿਸ ਨੂੰ ਪੂਰਾ ਕਰਨ ਲਈ ਉਹ ਦਿਨ-ਰਾਤ ਇੱਕ ਕਰ ਰਹੇ ਹਨ। ਇਹਨਾਂ ਸੁਪਨਿਆਂ ਦੀ ਪੂਰਤੀ ਲਈ ਉਹ ਸਦਾ ਲੋਕਾਂ ਦੇ ਅੰਗ-ਸੰਗ ਰਹਿ ਕੇ ਕੰਮ ਕਰਦੇ ਰਹੇ। ਸਿਟੀ ਕੌਂਸਲ ਗਾਲਟ ਦੇ ਛੇ ਸਾਲ ਪਲਾਨਿੰਗ ਕਮਿਸ਼ਨਰ ਰਹੇ ਅਤੇ ਲੋਕਾਂ ਦਾ ਅਥਾਹ ਪਿਆਰ ਪ੍ਰਾਪਤ ਕਰਦਿਆਂ ਉਹ ਗਾਲਟ (ਕੈਲੇਫੋਰਨੀਆ) ਦੇ ਮੇਅਰ ਚੁਣੇ ਗਏ। ਗਾਲਟ, ਕੈਲੇਫੋਰਨੀਆ ਦਾ ਇੱਕ ਸੁੰਦਰ ਸ਼ਹਿਰ ਹੈ। ਸਾਦ-ਮੁਰਾਦੇ, ਪੜੇ-ਲਿਖੇ, ਵਾਤਾਵਰਨ ਨਾਲ ਪਿਆਰ ਕਰਨ ਵਾਲੇ ਇੱਥੋਂ ਦੇ ਵਸਨੀਕ ਸਦਾ ਉਹਨਾਂ ਲੋਕਾਂ ਦੀ ਅਗਵਾਈ 'ਚ ਕੰਮ ਕਰਨਾ ਪਸੰਦ ਕਰਦੇ ਹਨ, ਜਿਹਨਾਂ ਦੇ ਮਨਾਂ 'ਚ ਇਸ ਸੁੰਦਰ ਸ਼ਹਿਰ ਨੂੰ "ਹੋਰ ਸੁੰਦਰ ਬਨਾਉਣ ਦੀ ਤਾਂਘ" ਹੈ। "ਸੰਧੂ" ਉਹਨਾਂ ਦੇ ਸੋਚ ਅਤੇ ਮੇਚ ਦਾ ਬਣ ਕੇ, ਸ਼ਹਿਰ ਦਾ ਮੇਅਰ ਬਣਨ 'ਚ ਕਾਮਯਾਬ ਹੋਇਆ ਹੈ। ਇੱਕ ਸਿੱਖ ਦਾ ਇਹੋ ਜਿਹੇ ਸ਼ਹਿਰ ਦਾ ਪਹਿਲਾ ਕੌਂਸਲਰ ਚੁਣਿਆ ਜਾਣਾ ਤੇ ਫਿਰ ਮੇਅਰ ਬਣਨਾ ਪੰਜਾਬੀਆਂ ਲਈ ਵੱਡੇ ਮਾਣ ਦੀ ਗੱਲ ਹੈ।

### ਮੇਵਿਆਂ ਦਾ ਬਾਦਸ਼ਾਹ- ਬਲਜੀਤ ਸਿੰਘ ਚੱਢਾ



ਬਲਜੀਤ ਸਿੰਘ ਚੱਢਾ ਭਾਰਤ ਤੋਂ 1973 ਵਿੱਚ ਕੈਨੇਡਾ ਗਿਆ। 1976 ਵਿੱਚ ਕਾਰੋਬਾਰ 'ਚ ਪੈਰ ਧਰਿਆ। ਅੱਜ ਉਹ ਆਪਣੀ ਸਥਾਪਿਤ ਕੀਤੀ ਅੰਤਰਰਾਸ਼ਟਰੀ ਕੰਪਨੀ ਬੈਲਕੋਰਪ ਲਿਮਟਿਡ ਦਾ ਪ੍ਰਧਾਨ ਹੈ। ਇਸ ਕੰਪਨੀ ਦੇ ਮੋਂਟ੍ਰੀਅਲ, ਨਵੀਂ ਦਿੱਲੀ ਤੇ ਮੁੰਬਈ 'ਚ ਦਫ਼ਤਰ ਹਨ ਅਤੇ ਇਹ ਖੇਤੀਬਾੜੀ ਨਾਲ ਸਬੰਧਤ ਪ੍ਰੋਸੈਸਡ ਫੂਡ, ਜੰਗਲਾਤ ਪ੍ਰੋਡਕਟਸ ਅਤੇ ਮੇਵਿਆਂ ਦੇ ਵਪਾਰ ਵਾਲੀ ਟਰੇਡਿੰਗ ਕੰਪਨੀ ਹੈ।

1951 'ਚ ਜਨਮੇ 'ਚੱਢਾ' ਨੇ ਮੁੰਬਈ ਤੋਂ ਸਾਇੰਸ ਗਰੈਜੂਏਸ਼ਨ ਅਤੇ ਕੋਨਕੋਰਡੀਆ ਯੂਨੀਵਰਸਿਟੀ ਤੋਂ ਐਮ.ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਵੇਲੇ ਉਹ ਕੈਨੇਡਾ 'ਚ ਕਾਰੋਬਾਰੀਆਂ 'ਚ ਚਮਕਦਾ ਸਿਤਾਰਾ ਹੈ ਅਤੇ ਮੇਵਿਆਂ ਦੇ ਕਿੰਗ ਵਜੋਂ ਜਾਣਿਆਂ ਜਾਂਦਾ ਹੈ।

ਬਲਜੀਤ ਸਿੰਘ ਚੱਢਾ ਮੌਂਟ੍ਰੀਅਲ 'ਚ ਆਪਣੀ ਪਤਨੀ ਰੋਸ਼ੀ ਚੱਢਾ ਨਾਲ ਰਹਿੰਦਾ ਹੈ, ਜੋ ਕਿ ਮੈਕਗਿੱਲ ਯੂਨੀਵਰਸਿਟੀ ਦੇ ਬੋਰਡ ਆਫ਼ ਗਵਰਨਰਜ਼ ਦੀ ਮੈਂਬਰ ਅਤੇ ਕੈਨੇਡੀਅਨ ਰੈੱਡ ਕਰਾਸ ਦੀ ਗਵਰਨਿੰਗ ਬਾਡੀ ਦੀ ਮੈਂਬਰ ਰਹੀ ਹੈ।

ਬਲਜੀਤ ਸਿੰਘ ਚੱਢਾ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਕੈਨੇਡਾ ਵਿੱਚ ਹੀ ਨਹੀਂ ਸਗੋਂ ਵਿਸ਼ਵ ਭਰ 'ਚ ਵੱਖੋ-ਵੱਖਰੀਆਂ ਕੰਪਨੀਆਂ ਦਾ ਡਾਇਰੈਕਟਰ ਜਾਂ ਮੈਂਬਰ ਹੈ। ਉਹ ਮੌਂਟ੍ਰੀਅਲ ਇੰਸਟੀਚੀਊਟ ਦਾ ਗਵਰਨਰ, ਇੰਟਰਨੈਸ਼ਨਲ ਟ੍ਰੀਨਟ ਕਾਂਗਰਸ ਟੰਰਟੋ ਦਾ ਡਾਇਰੈਕਟਰ, ਇੰਡੋ ਕੈਨੇਡੀਅਨ ਚੈਂਬਰ ਆਫ਼ ਕਾਮਰਸ ਦੇ ਸਲਾਹਕਾਰ ਬੋਰਡ ਦਾ ਮੈਂਬਰ ਹੈ। ਉਸਨੂੰ 2003 'ਚ ਕੈਨੇਡਾ ਸਰਕਾਰ ਵੱਲੋਂ ਸਕਿਊਰਿਟੀ ਇੰਨਟੈਲੀਜੈਂਸ ਰਵੀਊ ਕਮੇਟੀ ਦਾ 5 ਸਾਲ ਲਈ ਮੈਂਬਰ ਬਣਾਇਆ ਗਿਆ।

ਮੇਵਿਆਂ ਦਾ ਬਾਦਸ਼ਾਹ (ਨਟ ਕਿੰਗਜ਼) ਵਜੋਂ ਜਾਣੇ ਜਾਂਦੇ ਬਲਜੀਤ ਸਿੰਘ ਚੱਢਾ ਨੇ 5000 ਡਾਲਰ ਨਾਲ ਕਾਰੋਬਾਰ ਸ਼ੁਰੂ ਕੀਤਾ ਅਤੇ 40 ਵਰਿਆਂ 'ਚ ਉਸਨੇ 100 ਮਿਲੀਅਨ ਡਾਲਰਾਂ ਦੀ ਅੰਤਰਰਾਸ਼ਟਰੀ ਸਲਤਨਤ ਖੜੀ ਕੀਤੀ ਹੋਈ ਹੈ। ਉਹ ਪੰਜਾਬੀ ਹੈ ਪਰ ਉਸਨੂੰ ਕੈਨੇਡੀਅਨ ਹੋਣ ਉੱਤੇ ਮਾਣ ਹੈ।

# ਮਿੰਨੀ ਕਹਾਣੀਆਂ

## ਸੱਚ ਦੀ ਕੀਮਤ

ਸਾਡਾ ਪਿੰਡ ਸ਼ਹਿਰ ਤੋਂ ਦਸ-ਬਾਰਾਂ ਕਿੱਲੋਮੀਟਰ ਦੂਰ ਜੀ.ਟੀ. ਰੋਡ ਸੜਕ 'ਤੇ ਸਥਿਤ ਹੈ। ਪਿੰਡ ਤੋਂ ਸ਼ਹਿਰ ਤੱਕ ਸੜਕ ਦਾ ਟੋਟਾ ਬੁਰੀ ਤਰਾਂ ਟੁੱਟਿਆ ਹੋਇਆ ਸੀ। ਪਿੰਡ ਦੀ ਪੰਚਾਇਤ ਨੇ ਸ਼ਹਿਰ ਵਿਚ ਰਹਿੰਦੇ ਹਲਕੇ ਦੇ ਮੰਤਰੀ ਨੂੰ ਸੜਕ ਬਣਾਉਣ ਵਾਸਤੇ ਕਈ ਵਾਰ ਬੇਨਤੀ ਕੀਤੀ ਪਰ ਹਰ ਵਾਰ ਅੱਗੋਂ ਜਵਾਬ ਹੀ ਮਿਲਦਾ।

ਹੁਣ ਲੋਕ ਸਭਾ ਦੀਆਂ ਚੋਣਾਂ ਆਈਆਂ ਤਾਂ ਮੰਤਰੀ ਸਾਹਿਬ ਆਪਣੀ ਪਾਰਟੀ ਦੇ ਉਮੀਦਵਾਰ ਵਾਸਤੇ ਵੋਟਾਂ ਮੰਗਣ ਆ ਗਏ ਅਤੇ ਲੱਗੇ ਪਿੰਡ ਵਾਲਿਆਂ ਦੇ ਸਾਹਮਣੇ ਵੱਡੀਆਂ-ਵੱਡੀਆਂ ਡੀਂਗਾਂ ਮਾਰਨ। "ਪਿਆਰੇ ਭਰਾਵੋ! ਜੇਕਰ ਤੁਸੀਂ ਆਪਣੀ ਪਾਰਟੀ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਜਿਤਾ ਦਿਓ ਤਾਂ ਅਸੀਂ ਵਿਕਾਸ ਦੇ ਸਾਰੇ ਰਿਕਾਰਡ ਤੋੜ ਦਿਆਂਗੇ। ਆਪਣੇ ਹਲਕੇ ਨੂੰ ਹੀ ਨਹੀਂ ਪੂਰੇ ਪੰਜਾਬ ਨੂੰ ਪੈਰਿਸ ਬਣਾ ਦਿਆਂਗੇ।" ਮੰਤਰੀ ਦੀਆਂ ਗੱਲਾਂ ਸੁਣ ਕੇ ਪਿੰਡ ਦੇ ਇਕ ਨੌਜਵਾਨ ਤੋਂ ਰਿਹਾ ਨਾ ਗਿਆ, "ਮੰਤਰੀ ਜੀ ਤੁਸੀਂ ਪੰਜਾਬ ਨੂੰ ਪੈਰਿਸ ਕੀ ਬਣਾਉਗੇ, ਪਿੰਡ ਤੋਂ ਸ਼ਹਿਰ ਤੱਕ ਦਾ ਪੱਕਾ ਟੋਟਾ ਤਾਂ ਤੁਸੀਂ ਬਣਾ ਨਹੀਂ ਸਕੇ।"

"ਠੀਕ ਐ ਭਾਈ! ਵੋਟਾਂ ਤੋਂ ਬਾਅਦ ਮੈਂ ਸੜਕ ਜ਼ਰੂਰ ਬਣਵਾ ਦਿਆਂਗਾ।" ਇਹ ਆਖ ਕੇ ਮੰਤਰੀ ਜੀ ਤੁਰਦੇ ਬਣੇ। ਪਿੰਡ ਵਾਸੀਆਂ ਨੇ ਨੌਜਵਾਨ ਨੂੰ ਉਸ ਦੀ ਸੱਚ ਬੋਲਣ ਦੀ ਹਿੰਮਤ ਦੀ ਦਾਦ ਦਿੱਤੀ। ਅਗਲੇ ਦਿਨ ਮੈਨੂੰ ਪਤਾ ਲੱਗਾ ਕਿ ਉਸ ਨੌਜਵਾਨ ਨੂੰ ਪੁਲੀਸ ਫੜ ਕੇ ਲੈ ਗਈ ਹੈ। ਮੈਂ ਵੀ ਪੰਚਾਇਤ ਦੇ ਨਾਲ ਥਾਣੇ ਚਲਾ ਗਿਆ। ਪੰਚਾਇਤ ਨੂੰ ਵੇਖ ਕੇ ਥਾਣੇਦਾਰ ਸਾਡੇ ਗਲ ਹੀ ਪੈ ਗਿਆ।

"ਕਿਹੋ ਜਿਹੀ ਪੰਚਾਇਤ ਹੈ ਇਹ? ਇਕ ਬਲੈਕੀਏ ਦੀ ਵਕਾਲਤ ਕਰਨ ਆ ਗਈ! ਪੋਸਤ ਫੜਿਆ ਗਿਆ ਇਸ ਕੋਲੋਂ।"

ਥਾਣੇਦਾਰ ਦੀਆਂ ਗੱਲਾਂ ਸੁਣ ਕੇ ਮੈਨੂੰ ਸਮਝਣ ਵਿਚ ਜ਼ਰਾ ਵੀ ਦੇਰ ਨਾ ਲੱਗੀ ਕਿ ਇਸ ਨੌਜਵਾਨ ਨੂੰ ਕੱਲ ਮੰਤਰੀ ਜੀ ਸਾਹਮਣੇ ਸੱਚ ਬੋਲਣ ਦੀ ਕੀਮਤ ਚੁਕਾਉਣੀ ਪੈ ਰਹੀ ਹੈ।

**-ਡਾ. ਰਾਜਵੀਰ ਭਲੂਰੀਆ**

## ਅੰਤਰਮਨ ਦੀ ਸੋਚ

ਇਕ ਦਿਨ ਮੈਂ ਸੁਭਾਵਿਕ ਹੀ ਆਪਣੇ ਦੋਸਤ ਵਕੀਲ ਸਾਹਿਬ ਦੇ ਘਰ ਗਿਆ। ਇਹ ਸੰਯੋਗ ਹੀ ਸੀ ਕਿ ਉਨਾਂ ਦੇ ਇਕ ਅਜਿਹੇ ਮੁਵੱਕਿਲ ਸਫਾਰੀ ਗੱਡੀ ਵਿਚ ਆ ਗਏ ਜੋ ਕਿ ਪਹਿਰਾਵੇ ਤੋਂ ਸੰਤ ਜਾਪਦੇ ਸਨ। ਉਨਾਂ ਦੇ ਤਿੰਨ ਚੇਲੇ, ਜੋ ਹਥਿਆਰਬੰਦ ਸਨ, ਸੰਤ ਜੀ ਦਾ ਸਾਥ ਦੇ ਰਹੇ ਸਨ।

ਚਾਹ ਪਾਣੀ ਦੇ ਨਾਲ ਨਾਲ ਗੱਲਾਂ ਦਾ ਸਿਲਸਿਲਾ ਚੱਲ ਪਿਆ। ਗੱਲਾਂ ਤੋਂ ਹੀ ਪਤਾ ਚੱਲਿਆ ਕਿ ਸੰਤ ਜੀ, ਪੰਚਾਇਤ ਦੇ ਨਾਲ ਪੰਚਾਇਤੀ ਜ਼ਮੀਨ ਦੇ ਕੇਸ ਵਿਚ ਉਲਝੇ ਹੋਏ ਸਨ। ਗੱਲਬਾਤ ਦੌਰਾਨ ਸੰਤ ਜੀ ਦੇ ਮੋਬਾਈਲ ਫ਼ੋਨ ਦੀ ਘੰਟੀ ਵੱਜਣ ਲੱਗੀ। ਉਸ ਦੀ ਟਿਊਨ ਸੀ, 'ਮਿੱਤਰਾਂ ਦੀ ਛੱਤਰੀ ਤੋਂ ਉੱਡ ਗਈ...।' ਥੋੜੇ ਵਕਫ਼ੇ ਦੌਰਾਨ ਵਕੀਲ ਸਾਹਿਬ ਦਾ ਮੋਬਾਈਲ ਵੀ ਗੂੰਜਣ ਲੱਗਾ, ਟਿਊਨ ਸੀ, 'ਘਰ ਬਾਹਰ ਤੇਰਾ ਭਰਵਾਸਾ ਤੂੰ ਜਨ ਕੇ ਹੈ ਸੰਗ।' ਸੰਤ ਜੀ ਜ਼ਰੂਰੀ ਵਾਰਤਾ ਕਰਨ ਉਪਰੰਤ ਆਪਣੇ ਸਾਥੀਆਂ ਸਮੇਤ ਰਵਾਨਾ ਹੋ ਗਏ। ਉਨਾਂ ਦੇ ਜਾਣ ਤੋਂ ਬਾਅਦ ਮੈਨੂੰ ਵਕੀਲ ਸਾਹਿਬ ਨੇ ਦੱਸਿਆ, ਕਿ ਉਹ ਫਲਾਣੇ ਸੰਤ ਹਨ। ਧਰਮ ਪ੍ਰਚਾਰ ਬਹੁਤ ਕਰਦੇ ਹਨ ਤੇ ਇਨਾਂ ਦੀ ਕਾਫ਼ੀ ਮਾਨਤਾ ਹੈ। ਖ਼ੈਰ, ਮੇਰਾ ਮਨ ਵਕੀਲ ਸਾਹਿਬ ਤੇ ਸੰਤ ਜੀ ਦੀ ਅੰਤਰਮਨ ਸੋਚ ਦਾ ਵਿਸ਼ਲੇਸ਼ਣ ਕੁਝ ਇਸ ਢੰਗ ਨਾਲ ਕਰ ਰਿਹਾ ਸੀ-'ਅਵਰ ਉਪਦੇਸੈ ਆਪ ਜਨ ਕਰੈ, ਆਵਤ ਜਾਵਤ ਜਨਮੈ ਮਰੈ'।

**- ਰਤਨ ਸਿੰਘ ਬਾਜਵਾ**

## ਲਿਖੇ ਮੂਸਾ

ਅੱਜ ਨੌਵੀਂ ਸ਼੍ਰੇਣੀ ਦੇ ਨਾਲਾਇਕ ਵਿਦਿਆਰਥੀ ਬਹੁਤ ਖ਼ੁਸ਼ ਸਨ। ਉਹ ਆਪਣੀਆਂ ਕਾਪੀਆਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿਖਾਉਂਦੇ ਹੋਏ ਕਹਿ ਰਹੇ ਸਨ, "ਦੇਖੋ! ਅੱਜ ਸਾਨੂੰ ਵੀ ਅੰਗਰੇਜ਼ੀ ਵਾਲੇ ਮਾਸਟਰ ਜੀ ਨੇ 'ਵੈਰੀ ਗੁੱਡ' ਦਿੱਤੀ ਹੈ"। ਹੁਸ਼ਿਆਰ ਵਿਦਿਆਰਥੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸਨ। ਪੜਾਈ ਵਿਚ ਏਨੇ ਕਮਜ਼ੋਰ ਵਿਦਿਆਰਥੀ ਜਿਨਾਂ ਦੀ ਲਿਖਾਈ ਵੀ ਮਸਾਂ ਹੀ ਪੜੀ ਜਾ ਸਕਦੀ ਹੈ, ਨੂੰ 'ਵੈਰੀ ਗੁੱਡ' ਕਿਵੇਂ ਮਿਲ ਸਕਦੀ ਹੈ। ਉਨਾਂ ਨੇ ਨਾਲਾਇਕ ਵਿਦਿਆਰਥੀਆਂ ਦੀਆ ਕਾਪੀਆਂ ਚੈੱਕ ਕੀਤੀਆਂ, ਪਰ ਉਨਾਂ ਤੋਂ ਆਪਣੇ ਅਧਿਆਪਕ ਦੀ ਲਿਖਾਈ ਪੜੀ ਨਹੀਂ ਜਾ ਸਕੀ। ਕਈ ਵਾਰੀ ਕੋਸ਼ਿਸ਼ ਕਰਨ 'ਤੇ ਵੀ ਉਨਾਂ ਨੂੰ ਸਫਲਤਾ ਨਾ ਮਿਲ ਸਕੀ, ਐਨੇ ਨੂੰ ਛੁੱਟੀ ਦੀ ਘੰਟੀ ਵੱਜ ਗਈ।

ਅਗਲੇ ਦਿਨ ਜਦੋਂ ਅੰਗਰੇਜ਼ੀ ਵਾਲੇ ਮਾਸਟਰ ਜੀ ਕਲਾਸ ਵਿਚ ਆਏ ਤਾਂ ਹੁਸ਼ਿਆਰ ਵਿਦਿਆਰਥੀਆਂ ਨੇ ਉਹ ਕਾਪੀਆਂ ਉਨਾਂ ਅੱਗੇ ਕਰਦਿਆਂ ਪੁੱਛਿਆ, "ਮਾਸਟਰ ਜੀ, ਭਲਾ ਤੁਸੀਂ ਆਹ 'ਵੈਰੀ ਗੁੱਡ' ਦਿੱਤੀ ਐ?" ਮਾਸਟਰ ਜੀ ਗ਼ੌਰ ਨਾਲ ਆਪਣੀ ਲਿਖਾਈ ਨੂੰ ਪੜਨ ਲੱਗੇ, ਪਰ ਕੁਝ ਪਤਾ ਨਾ ਚੱਲਿਆ। ਫੇਰ ਦੂਜੀ ਕਾਪੀ 'ਤੇ ਵੀ ਆਪਣੀ ਲਿਖਾਈ ਪੜਨ ਦੀ ਕੋਸ਼ਿਸ਼ ਕੀਤੀ। ਗ਼ੌਰ ਨਾਲ ਦੇਖਦੇ ਰਹੇ। ਆਖ਼ਰ ਉਨਾਂ ਨੂੰ ਸਫਲਤਾ ਪ੍ਰਾਪਤ ਹੋ ਹੀ ਗਈ। ਉਨਾਂ ਨੇ ਆਪਣੀ ਲਿਖਾਈ ਪੜ ਲਈ ਤੇ ਕਹਿਣ ਲੱਗੇ, "ਓਏ ਮੂਰਖੋ! ਇਹ 'ਵੈਰੀ ਗੁੱਡ' ਥੋੜੀ ਐ, ਇਹ ਤਾਂ ਮੈਂ ਇਹ ਲਿਖਿਆ ਕਿ ਆਪਣੀ ਲਿਖਾਈ ਸੁਧਾਰੋ।"

**-ਐਮ. ਅਨਵਾਰ ਅੰਜੁਮ**

## ਦੇਵਤਾ ਅਤੇ ਦੂਰੀ

ਮੈਂ ਪਰਿਵਾਰ ਸਮੇਤ ਦਿੱਲੀ ਜਾ ਰਿਹਾ ਸਾਂ। ਹਰਿਆਣੇ ਦੇ ਇਕ ਅੱਡੇ 'ਤੇ ਕਾਰ ਰੋਕੀ। ਇਕ ਬਿਰਧ ਔਰਤ ਲੱਡੂ ਵੰਡ ਰਹੀ ਸੀ। ਸੜਕ ਦੇ ਇਕ ਪਾਸੇ ਕਿੱਲੋਮੀਟਰ ਸਟੋਨ ਉੱਪਰ ਲਾਲ ਧਾਗੇ (ਖੰਮਣੀ) ਬੰਨੇ ਹੋਏ ਸਨ। ਸਾਹਮਣੇ ਆਟੇ ਦਾ ਦੀਵਾ ਜਲ ਰਿਹਾ ਸੀ। ਮੈਂ ਲੱਡੂ ਵੰਡਦੀ ਔਰਤ ਤੋਂ ਪੁੱਛਿਆ, "ਮਾਤਾ ਜੀ, ਕਿਸ ਖ਼ੁਸ਼ੀ ਵਿਚ ਲੱਡੂ ਵੰਡ ਰਹੇ ਹੋ?" "ਪੁੱਤਰ ਇਕ ਸਾਲ ਪਹਿਲਾਂ ਇਸ ਦੇਵਤੇ ਅੱਗੇ ਪੋਤੇ ਦੀ ਮੰਨਤ ਮੰਗੀ ਸੀ। ਘਰ ਪੋਤਾ ਜੰਮਿਆ ਹੈ, ਏਸੇ ਖ਼ੁਸ਼ੀ ਵਿਚ ਲੱਡੂ ਵੰਡ ਰਹੀ ਹਾਂ।" ਉਸ ਔਰਤ ਨੇ ਕਿੱਲੋਮੀਟਰ ਸਟੋਨ ਵੱਲ ਇਸ਼ਾਰਾ ਕਰਦਿਆਂ ਜਵਾਬ ਦਿੱਤਾ। "ਮਾਤਾ ਜੀ, ਇਹ ਕੋਈ ਦੇਵਤਾ ਨਹੀਂ, ਸਗੋਂ ਕਿੱਲੋਮੀਟਰ ਸਟੋਨ ਏ ਜਿਸ 'ਤੇ ਲਿਖਿਆ ਏ ਕਿ ਇੱਥੋਂ ਦਿੱਲੀ 85 ਕਿੱਲੋਮੀਟਰ ਏ।" "ਪੁੱਤਰ, ਇਹ ਦੇਵਤਾ ਨਹੀਂ ਤਾਂ ਹੋਰ ਕੀ ਏ? ਜੋ ਇੱਥੇ ਬੈਠਾ ਬਿਠਾਇਆ ਦਿੱਲੀ ਦੀ ਦੂਰੀ ਦੱਸ ਰਿਹਾ ਏ?"

**-ਮੱਖਣ ਸਿੰਘ ਚੌਹਾਨ**

## ਪਸ਼ੂਪਣਾ

ਬੜੀ ਮੁਸ਼ਕਿਲ ਨਾਲ ਪਤੀ-ਪਤਨੀ ਘਰ ਦਾ ਥੋੜਾ ਜਿਹਾ ਸਮਾਨ ਬਚਾਉਣ 'ਚ ਸਫਲ ਹੋ ਗਏ।

ਇਕ ਮੁਟਿਆਰ ਕੁੜੀ ਸੀ, ਉਹਦਾ ਪਤਾ ਨਾ ਲੱਗਿਆ। ਇਕ ਨਿੱਕੀ-ਜਿਹੀ ਬੱਚੀ ਸੀ, ਉਹਨੂੰ ਮਾਂ ਨੇ ਛਾਤੀ ਨਾਲ ਲਾਈ ਰੱਖਿਆ।

ਇਕ ਬੂਰੀ ਮੈਸ ਸੀ, ਉਸ ਨੂੰ ਹੱਲਾ ਬੋਲਣ ਵਾਲੇ ਹੱਕ ਕੇ ਲੈ ਗਏ। ਇਕ ਗਾਈਂ ਸੀ, ਉਹ ਬਚ ਗਈ, ਪਰ ਉਹਦਾ ਵੱਛਰੂ ਨਾ ਮਿਲਿਆ।

ਪਤੀ-ਪਤਨੀ, ਉਨਾਂ ਦੀ ਨਿੱਕੀ ਬੱਚੀ ਅਤੇ ਇਕ ਗਾਈਂ ਇਕ ਥਾਂ ਲੁਕੇ ਹੋਏ ਸਨ।

ਘੁੱਪ ਹਨੇਰੀ ਰਾਤ ਸੀ। ਬੱਚੀ ਨੇ ਡਰ ਕੇ ਰੋਣਾ ਸ਼ੁਰੂ ਕੀਤਾ ਤਾਂ ਚੁੱਪ ਵਾਤਾਵਰਣ ਵਿਚ ਜਿਵੇਂ ਕੋਈ ਢੋਲ ਪਿੱਟਣ ਲੱਗ ਪਿਆ।

ਮਾਂ ਨੇ ਘਬਰਾ ਕੇ ਬੱਚੀ ਦੇ ਮੂੰਹ ਉੱਤੇ ਹੱਥ ਰੱਖ ਦਿੱਤਾ ਕਿ ਕਿਤੇ ਦੁਸ਼ਮਣ ਸੁਣ ਨਾ ਲਵੇ। ਆਵਾਜ਼ ਦੱਬ ਗਈ-ਬਾਪ ਨੇ ਸਾਵਧਾਨੀ ਵਰਤਦਿਆਂ ਬੱਚੀ ਦੇ ਉੱਪਰ ਸੰਘਣੀ ਮੋਟੀ ਚਾਦਰ ਪਾ ਦਿੱਤੀ।

ਥੋੜੀ ਦੂਰ ਜਾਣ ਤੋਂ ਬਾਅਦ ਦੂਰੋਂ ਕਿਸੇ ਵੱਛਰੂ ਦੀ ਆਵਾਜ਼ ਆਈ। ਗਊ ਦੇ ਕੰਨ ਖੜੇ ਹੋ ਗਏ। ਉਹ ਉੱਠੀ ਐ ਵਾਹੋਦਾਹ ਭੱਜਦੀ ਹੋਈ ਰੰਭਣ ਲੱਗੀ।

ਉਸ ਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਬੇਕਾਰ.......ਰੌਲਾ ਸੁਣ ਕੇ ਦੁਸ਼ਮਣ ਨੇੜੇ ਆਉਣ ਲੱਗਿਆ।

ਮਸ਼ਾਲਾਂ ਦਾ ਚਾਨਣ ਦਿਖਾਈ ਦਿੱਤਾ। ਪਤਨੀ ਨੇ ਆਪਣੇ ਪਤੀ ਨੂੰ ਬੜੇ ਗ਼ੁੱਸੇ ਨਾਲ ਆਖਿਆ, "ਤੁਸੀਂ ਇਸ ਪਸ਼ੂ ਨੂੰ ਕਿਉਂ ਆਪਣੇ ਨਾਲ ਲੈ ਕੇ ਆਏ?"

**-ਸਆਦਤ ਹਸਨ ਮੰਟੋ**

# ਕੌਮੀ ਟੀਮ ਦਾ ਸਟਾਰ ਫੁੱਟਬਾਲਰ 'ਹਰਮਨਜੋਤ ਸਿੰਘ ਖਾਬੜਾ'

- ਸੁਖਵਿੰਦਜੀਤ ਸਿੰਘ ਮਨੌਲੀ

*ਪੰਜਾਬੀ ਫੁੱਟਬਾਲਰ 'ਹਰਮਨਜੋਤ ਸਿੰਘ ਖਾਬੜਾ' ਪੰਜਾਬ ਦਾ ਪਹਿਲਾ ਖਿਡਾਰੀ ਹੈ, ਜਿਸ ਨੂੰ ਈਸਟ ਬੰਗਾਲ ਫੁੱਟਬਾਲ ਕਲੱਬ ਦੀ ਟੀਮ ਦਾ ਕਪਤਾਨ ਬਣਨ ਦਾ ਮਾਣ ਹਾਸਲ ਹੋਇਆ। ਹਰਮਨਜੋਤ ਖਾਬੜਾ ਖੇਡ ਮੈਦਾਨ 'ਚ ਵਿੰਗਰ, ਮਿਡਫੀਲਡ ਤੇ ਡਿਫੈਂਸ ਦੀਆਂ ਪੁਜ਼ੀਸ਼ਨ 'ਤੇ ਬਾਖ਼ੂਬੀ ਖੇਡਦਾ ਹੈ ਪਰ ਹੁਣ ਉਹ ਪੱਕੇ ਤੌਰ 'ਤੇ ਟੀਮ ਨਾਲ ਮਿਡਫੀਲਡਰ-ਕਮ-ਡਿਫੈਂਡਰ ਦੀ ਭੂਮਿਕਾ ਨਿਭਾਅ ਰਿਹਾ ਹੈ।*

**ਪੇਸ਼ੇਵਰ ਖੇਡ ਦੀ ਸ਼ੁਰੂਆਤ**

ਪੰਜਾਬ ਅਤੇ ਦੇਸ਼ ਦੀ ਫੁੱਟਬਾਲ ਦਾ ਗੜ੍ਹ ਕਹੇ ਜਾਣ ਵਾਲੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਪਹਾਰਪੁਰ 'ਚ ਹਰਨੰਦਨ ਸਿੰਘ ਖਾਬੜਾ ਤੇ ਮਾਤਾ ਨਰਿੰਦਰਪਾਲ ਕੌਰ ਦੇ ਘਰ 18 ਦਸੰਬਰ, 1988 ਨੂੰ ਜਨਮੇ ਹਰਮਨਜੋਤ ਸਿੰਘ ਨੇ 2006 ਵਿਚ ਸਪੋਰਟਿੰਗ ਗੋਆ ਐੱਫਸੀ ਵੱਲੋਂ ਖੇਡਣ ਸਦਕਾ ਪੇਸ਼ੇਵਰ ਖੇਡ ਕਰੀਅਰ ਦੀ ਸ਼ੁਰੂਆਤ ਕੀਤੀ। ਉਸ ਦੇ ਪਿਤਾ ਹਰਨੰਦਨ ਸਿੰਘ ਕੌਮੀ ਪੱਧਰ ਦੇ ਫੁਟਬਾਲਰ ਹੋਣ ਕਰਕੇ ਪੰਜਾਬ ਰਾਜ ਬਿਜਲੀ ਬੋਰਡ ਦੀ ਟੀਮ ਦੀ ਨੁਮਾਇੰਦਗੀ ਕਰਦੇ ਰਹੇ ਹਨ। ਹਰਨੰਦਨ ਸਿੰਘ ਨੇ ਆਪਣੇ ਦੋ ਪੁੱਤਰਾਂ ਹਰਮਨਜੋਤ ਤੇ ਹਰਸ਼ਰਨ ਸਿੰਘ ਨੂੰ ਵੀ ਫੁੱਟਬਾਲ ਖੇਡ ਦੇ ਲੜ ਲਾਇਆ। ਹਰਮਨਜੋਤ ਦਾ ਛੋਟਾ ਭਰਾ ਹਰਸ਼ਰਨ ਚੰਡੀਗੜ੍ਹ ਫੁੱਟਬਾਲ ਅਕਾਦਮੀ ਦੇ ਮੁੱਖ ਕੋਚ ਹਰਜਿੰਦਰ ਸਿੰਘ ਪਾਸੋਂ ਸਿਖਲਾਈ ਹਾਸਲ ਕਰ ਕੇ ਅੱਜ ਕੱਲ ਪੂਨਾ ਐੱਫਸੀ ਫੁੱਟਬਾਲ ਅਕਾਦਮੀ ਵੱਲੋਂ ਖੇਡ ਰਿਹਾ ਹੈ। ਹਰਮਨਜੋਤ ਨੇ 7-8 ਸਾਲ ਦੀ ਉਮਰ 'ਚ ਕੋਚ ਹਸਨ ਅਲੀ ਕੋਲ ਖੇਡ ਦੀ ਟ੍ਰੇਨਿੰਗ ਲੈਣ ਤੋਂ ਬਾਅਦ ਮਾਹਿਲਪੁਰ ਫੁੱਟਬਾਲ ਵਿੰਗ ਦੇ ਕੋਚ ਪਵਨ ਕੁਸਰ ਕਾਲੀਆ ਕੋਲੋਂ ਦੋ-ਤਿੰਨ ਸਾਲ ਫੁੱਟਬਾਲ ਖੇਡ ਦੇ ਗੁਰ ਸਿੱਖੇ। ਹਰਮਨਜੋਤ ਨੇ ਆਪਣੇ ਪਲੇਠੇ ਫੁੱਟਬਾਲ ਕਲੱਬ ਗੋਆ ਲਈ 61 ਮੈਚ ਖੇਡੇ ਅਤੇ 11 ਗੋਲ ਦਾਗਣ ਵਿਚ ਕਾਮਯਾਬੀ ਹਾਸਲ ਕੀਤੀ। ਸੰਨ 2009 ਵਿਚ ਗੋਆ ਸਪੋਰਟਿੰਗ ਕਲੱਬ ਦਾ ਸਾਥ ਛੱਡਣ ਤੋਂ ਬਾਅਦ ਇਸੇ ਸਾਲ ਹਰਮਨਜੋਤ ਖਾਬੜਾ ਨੇ ਈਸਟ ਬੰਗਾਲ ਫੁੱਟਬਾਲ ਕਲੱਬ ਦਾ ਦਾਮਨ ਫੜਿਆ। ਕਲੱਬ ਵੱਲੋਂ 55 ਮੈਚਾਂ ਵਿਚ 4 ਗੋਲ ਦਾਗਣ ਵਾਲਾ ਹਰਮਨਜੋਤ ਆਪਣੇ ਚਹੇਤੇ ਕਲੱਬ ਦੀ ਟੀਮ, ਜਿਸ ਦੀ ਅਗਵਾਈ ਉਸ ਦੇ ਹੱਥਾਂ ਵਿਚ ਹੈ, ਨਾਲ ਇੰਡੀਅਨ ਫੁੱਟਬਾਲ ਲੀਗ ਤੇ ਕੌਮੀ ਫੁੱਟਬਾਲ ਟੂਰਨਾਮੈਂਟ ਖੇਡਣ ਲਈ ਮੈਦਾਨ ਵਿਚ ਨਿੱਤਰਿਆ। ਇਸ ਤੋਂ ਇਲਾਵਾ ਹਰਮਨਜੋਤ ਨੂੰ ਚੇਨਈਅਨ ਐੱਫਸੀ ਨੇ ਈਸਟ ਬੰਗਾਲ ਤੋਂ ਇੰਡੀਅਨ ਸੁਪਰ ਲੀਗ-2014 ਦੇ ਪਲੇਠੇ ਐਡੀਸ਼ਨ 'ਚ ਆਪਣੀ ਟੀਮ ਨਾਲ ਮੈਦਾਨ 'ਚ ਉਤਾਰਿਆ। ਇਸ ਸਾਲ ਖੇਡੇ ਜਾਣ ਵਾਲੇ ਇੰਡੀਅਨ ਸੁਪਰ ਲੀਗ ਟੂਰਨਾਮੈਂਟ ਵਿਚ ਵੀ ਹਰਮਨਜੋਤ ਖਾਬੜਾ ਚੇਨਈਅਨ ਐੱਫਸੀ ਟੀਮ ਦੀ ਨੁਮਾਇੰਦਗੀ ਕਰੇਗਾ।

**ਖੇਡ ਪ੍ਰਾਪਤੀਆਂ**

ਛੇ ਫੁੱਟ ਕੱਦ ਵਾਲੇ ਹਰਮਨਜੋਤ ਖਾਬੜਾ ਨੇ ਕੌਮੀ ਫੁੱਟਬਾਲ ਖੇਡਣ ਲਈ ਸਾਲ 2002 ਵਿਚ ਅੰਡਰ-16 ਨੈਸ਼ਨਲ ਫੁੱਟਬਾਲ ਟੀਮ ਵਿਚ ਦਾਖ਼ਲਾ ਪਾਇਆ। ਸੰਨ 2004 ਤਕ ਇਸ ਟੀਮ ਵੱਲੋਂ ਚਾਰ ਮੈਚ ਖੇਡਣ ਤੋਂ ਬਾਅਦ 2007 ਵਿਚ ਹਰਮਨਜੋਤ ਨੂੰ ਅੰਡਰ-19 ਕੌਮੀ ਟੀਮ 'ਚ ਦਾਖ਼ਲਾ ਮਿਲਿਆ ਤੇ 2008 ਤਕ ਟੀਮ ਵੱਲੋਂ ਤਿੰਨ ਮੈਚ ਖੇਡਣ ਦਾ ਸੁਭਾਗ ਹਾਸਲ ਹੋਇਆ। 2011 ਵਿਚ ਉਸ ਨੂੰ ਸੀਨੀਅਰ ਕੌਮੀ ਫੁੱਟਬਾਲ ਟੀਮ ਲਈ ਕੌਮਾਂਤਰੀ ਪੱਧਰ 'ਤੇ ਫੁੱਟਬਾਲ ਖੇਡਣ ਲਈ ਹਾਕ ਮਾਰੀ ਗਈ। ਮੈਦਾਨ ਵਿਚ 7 ਨੰਬਰ ਦੀ ਜਰਸੀ ਨਾਲ ਇੰਡੀਅਨ ਫੁੱਟਬਾਲ ਲੀਗ ਖੇਡਣ ਵਾਲਾ ਹਰਮਨਜੋਤ ਖਾਬੜਾ ਇੰਡੀਅਨ ਸੁਪਰ ਲੀਗ 'ਚ ਚੇਨਈਅਨ ਐੱਫਸੀ ਵੱਲੋਂ 18 ਨੰਬਰ ਦੀ ਜਰਸੀ ਪਾ ਕੇ ਖੇਡਿਆ। ਟਾਟਾ ਫੁੱਟਬਾਲ ਅਕਾਦਮੀ ਵੱਲੋਂ ਆਪਣੇ ਯੂਥ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਹਰਮਨਜੋਤ ਦੀ ਉੱਥੋਂ ਟਰਾਂਸਫਰ ਸਪੋਰਟਿੰਗ ਕਲੱਬ ਡੀ ਗੋਆ ਵਿਚ ਹੋਈ। ਗੋਆ ਐੱਫਸੀ ਵੱਲੋਂ ਫੈਡਰੇਸ਼ਨ ਫੁੱਟਬਾਲ ਕੱਪ ਦੇ ਪੰਜ ਫਾਈਨਲ ਖੇਡਣ ਵਾਲੇ ਇਸ ਪੰਜਾਬੀ ਫੁੱਟਬਾਲਰ ਨੂੰ ਪੰਜ ਵਾਰ ਏਐੱਫਸੀ ਫੁੱਟਬਾਲ ਕੱਪ 'ਚ ਈਸਟ ਬੰਗਾਲ ਫੁੱਟਬਾਲ ਕਲੱਬ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਮਿਲਿਆ। 2013 ਵਿਚ ਏਐੱਫਸੀ ਦੇ ਫਾਈਨਲ 'ਚ ਹਰਮਨਜੋਤ ਨੂੰ ਕਲੱਬ ਦੀ ਟੀਮ ਦਾ ਉਪ ਕਪਤਾਨ ਥਾਪਿਆ ਗਿਆ। 2006 ਵਿਚ ਆਈਐੱਫਏ ਸ਼ੀਲਡ ਫੁੱਟਬਾਲ ਮੁਕਾਬਲੇ ਵਿਚ ਹਰਮਨਜੋਤ ਨੇ ਪਹਿਲੇ ਹੀ ਮੈਚ 'ਚ ਆਰਮੀ ਇਲੈਵਨ ਦੀ ਟੀਮ ਖ਼ਿਲਾਫ਼ ਦੋ ਗੋਲ ਦਾਗ਼ਣ ਦਾ ਜੱਸ ਖੱਟਿਆ। ਇਸੇ ਸਾਲ ਫੈਡਰੇਸ਼ਨ ਫੁੱਟਬਾਲ ਕੱਪ ਟੂਰਨਾਮੈਂਟ 'ਚ ਮੋਹਨ ਬਾਗ਼ਾਨ ਨਾਲ ਖੇਡੇ ਫਾਈਨਲ 'ਚ ਸਪੋਰਟਿੰਗ ਗੋਆ ਦੀ ਟੀਮ ਵੱਲੋਂ ਮੈਚ 'ਚ ਕੀਤਾ ਗਿਆ ਇੱਕੋ ਇਕ ਗੋਲ ਖਾਬੜਾ ਦੇ ਪੈਰਾਂ 'ਚੋਂ ਨਿਕਲਿਆ ਸੀ। 2006 ਵਿਚ ਹਰਮਨਜੋਤ ਨੂੰ ਡੁਰੰਡ ਫੁੱਟਬਾਲ ਕੱਪ 'ਚ 'ਪ੍ਰੋਮਿਸਿੰਗ ਫੁੱਟਬਾਲਰ ਆਫ ਦਿ ਇੰਡੀਆ' ਐਵਾਰਡ ਦਿੱਤਾ ਗਿਆ। 2008 ਵਿਚ ਉਸ ਨੇ ਈਸਟ ਬੰਗਾਲ ਦੀ ਟੀਮ ਵਿਰੁੱਧ ਖੇਡੇ ਗਏ ਮੈਚ 'ਚ ਆਪਣੀ ਸਪੋਰਟਿੰਗ ਗੋਆ ਟੀਮ ਨੂੰ ਗੋਲ ਕਰਨ ਦਾ 24 ਮੂਵ ਬਣਾਉਣ ਵਿਚ ਮੋਹਰੀ ਰੋਲ ਅਦਾ ਕੀਤਾ।



**ਖਾਬੜਾ ਉਰਫ਼ ਐੱਚਕੇ-7**

ਸਾਥੀ ਖਿਡਾਰੀਆਂ 'ਚ ਐੱਚਕੇ-7 ਦੇ ਨਾਂ ਨਾਲ ਜਾਣੇ ਜਾਂਦੇ ਹਰਮਨਜੋਤ ਨੂੰ 2011 ਵਿਚ ਕੌਮੀ ਫੁੱਟਬਾਲ ਟੀਮ ਵਿਚ ਸ਼ਾਮਲ ਕੀਤਾ ਗਿਆ। ਇਸੇ ਸਾਲ ਉਸ ਨੇ ਕਤਰ ਦੀ ਟੀਮ ਵਿਰੁੱਧ ਆਪਣਾ ਪਹਿਲਾ ਕੌਮਾਂਤਰੀ ਮੈਚ ਖੇਡਿਆ। ਕਤਰ ਨਾਲ ਖੇਡੇ ਗਏ ਇਸ ਦੋਸਤਾਨਾ ਮੈਚ 'ਚ ਹਰਮਨ ਵੱਲੋਂ ਬਣਾਏ ਮੂਵ 'ਤੇ ਸਟਰਾਈਕਰ ਸੁਸ਼ੀਲ ਕੁਮਾਰ ਨੇ ਮੈਦਾਨੀ ਗੋਲ ਦਾਗਿਆ। 2004 ਵਿਚ ਕੌਮੀ ਟੀਮ ਨਾਲ ਆਪਣੇ ਮੁੱਢਲੇ ਖੇਡ ਸਫ਼ਰ 'ਚ ਅੰਡਰ-16 ਕੌਮੀ ਟੀਮ ਨਾਲ ਉਸ ਨੇ ਜਾਪਾਨ ਵਿਚ ਪਹਿਲਾ ਫੁੱਟਬਾਲ ਮੁਕਾਬਲਾ ਖੇਡਿਆ। ਇਸ ਟੂਰਨਾਮੈਂਟ 'ਚ ਮੇਜ਼ਬਾਨ ਦੇਸ਼ ਤੋਂ ਇਲਾਵਾ ਈਰਾਨ, ਮਲੇਸ਼ੀਆ ਤੇ ਕੁਵੈਤ ਦੀਆਂ ਟੀਮਾਂ ਵੀ ਖੇਡੀਆਂ। ਮਿਆਂਮਾਰ ਵਿਚ ਖੇਡੇ ਗਏ ਮੁਕਾਬਲੇ 'ਚ ਹਰਮਨਜੋਤ ਨੇ ਅੰਡਰ-19 ਟੀਮ ਦੀ ਨੁਮਾਇੰਦਗੀ ਕੀਤੀ। ਮੇਜ਼ਬਾਨ ਭਾਰਤ ਤੋਂ ਇਲਾਵਾ ਤੀਜੀ ਬੰਗਲਾਦੇਸ਼ ਦੀ ਟੀਮ ਵੀ ਟੂਰਨਾਮੈਂਟ ਖੇਡਣ ਲਈ ਮੈਦਾਨ 'ਚ ਨਿੱਤਰੀ। ਜੁਲਾਈ 2014 ਵਿਚ ਇੰਡੀਅਨ ਸੁਪਰ ਲੀਗ ਦਾ ਪਲੇਠਾ ਮੁਕਾਬਲਾ ਖੇਡਣ ਲਈ ਚੇਨਈਅਨ ਐੱਫਸੀ ਵੱਲੋਂ ਹਰਮਨਜੋਤ ਖਾਬੜਾ ਨੂੰ ਈਸਟ ਬੰਗਾਲ ਤੋਂ ਮੰਗਵਾਂ ਲੈਣ ਉਪਰੰਤ ਆਪਣੀ ਟੀਮ ਨਾਲ ਮੈਦਾਨ 'ਚ ਉੱਤਰਿਆ। ਚੇਨਈਅਨ ਐੱਫਸੀ ਟੀਮ 'ਚ ਇਟਲੀ ਦੇ ਫੁੱਟਬਾਲਰ ਮਾਰਕੋ ਮੈਟਰਜ਼ੀ, ਅਲੈਨੋ, ਬਰਨਾਰਡ ਮੈਂਡੇ ਤੇ ਮਿਕੇਲ ਸਿਲਵੇਸਟਰੇ ਨਾਲ ਮੈਦਾਨ ਵਿਚ ਖੇਡਣ ਵਾਲੇ ਹਰਮਨਜੋਤ ਖਾਬੜਾ ਨੇ ਸੁਪਰ ਲੀਗ 'ਚ ਕੇਰਲਾ ਬਲਾਸਟਰਜ਼ ਦੀ ਟੀਮ ਨਾਲ 21 ਅਕਤੂਬਰ, 2014 ਨੂੰ ਖੇਡੇ ਮੈਚ 'ਚ ਬਰਨਾਰਡ ਮੈਂਡੇ ਲਈ ਸ਼ਾਨਦਾਰ ਮੂਵ ਬਣਾ ਕੇ ਗੋਲ ਕਰਨ ਦੀ ਜ਼ਮੀਨ ਤਿਆਰ ਕੀਤੀ। ਸੁਪਰ ਲੀਗ ਦੇ ਮੁੰਬਈ ਸਿਟੀ ਐੱਫਸੀ ਨਾਲ ਖੇਡੇ ਗਏ ਮੈਚ ਵਿਚ ਖਾਬੜਾ ਨੇ ਮੈਨਡੋਜ਼ਾ ਨੂੰ ਲੰਮਾ ਦੂਰੀ 'ਤੇ ਪਾਸ ਦੇ ਕੇ ਗੋਲ ਕਰਵਾਇਆ। ਇਸੇ ਮੈਚ ਵਿਚ ਹਰਮਨ ਨੇ ਆਪਣੇ ਮੂਵ ਨਾਲ ਅਲੈਨੋ ਰਾਹੀਂ ਗੋਲ ਕਰਵਾਇਆ। ਇਸ ਮੈਚ 'ਚ ਉਸ ਦੀ ਟੀਮ ਨੇ 5-1 ਨਾਲ ਜਿੱਤ ਦਰਜ ਕੀਤੀ। 31 ਸਾਲਾ ਖਿਡਾਰੀ ਹਰਮਨਜੋਤ ਖਾਬੜਾ ਆਪਣੇ ਮੌਜੂਦਾ ਫੁੱਟਬਾਲ ਕਲੱਬ ਬੈਂਗਲੂਰੂ ਐੱਫਸੀ ਦੀ ਟੀਮ ਵੱਲੋਂ 66 ਮੈਚ ਖੇਡ ਚੁੱਕਾ ਹੈ।

**ਕਪਤਾਨ ਬਣਨ ਦਾ ਸਫ਼ਰ**

30 ਅਪ੍ਰੈਲ, 2009 ਨੂੰ ਹਰਮਨਜੋਤ ਨੇ ਈਸਟ ਬੰਗਾਲ ਨਾਲ ਇੰਡੀਅਨ ਫੁੱਟਬਾਲ ਲੀਗ ਖੇਡਣ ਲਈ ਸਮਝੌਤਾ ਕੀਤਾ। ਬੰਗਾਲੀ ਕਲੱਬ ਵੱਲੋਂ ਲੀਗ ਦਾ ਪਹਿਲਾ ਮੈਚ ਖੇਡਦਿਆਂ ਉਸ ਨੇ ਏਅਰ ਇੰਡੀਆ ਦੀ ਟੀਮ ਵਿਰੁੱਧ ਦੋ ਗੋਲ ਦਾਗ਼ਣ ਦਾ ਕ੍ਰਿਸ਼ਮਾ ਕੀਤਾ। ਈਸਟ ਬੰਗਾਲ ਨੇ ਮੈਚ ਵਿਚ 3-0 ਨਾਲ ਜਿੱਤ ਦਰਜ ਕੀਤੀ ਤੇ ਹਰਮਨਜੋਤ ਨੂੰ 'ਮੈਨ ਆਫ ਦਿ ਮੈਚ' ਐਲਾਨਿਆ ਗਿਆ। ਬੰਗਾਲੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਖਾਬੜਾ ਦੀ ਸਕੋਰਿੰਗ ਪਾਵਰ ਨੂੰ ਦੇਖਦਿਆਂ ਉਸ ਨੂੰ ਟੀਮ ਦਾ ਉਪ-ਕਪਤਾਨ ਥਾਪਿਆ ਗਿਆ। ਕਲੱਬ ਦੀ ਟੀਮ ਨਾਲ ਮਿਡ ਫੀਲਡ ਵਿਚ ਖੇਡਦਿਆਂ ਹਮਲਾਵਰ ਖਿਡਾਰੀਆਂ ਨੂੰ 39 ਮੂਵ ਦੇ ਕੇ ਗੋਲ ਕਰਨ ਲਈ ਉਕਸਾਉਣ ਵਾਲੇ ਹਰਮਨਜੋਤ ਸਿੰਘ ਨੂੰ 8 ਜੁਲਾਈ, 2014 ਨੂੰ ਈਸਟ ਬੰਗਾਲ ਟੀਮ ਦੀ ਕਪਤਾਨੀ ਸੌਂਪੀ ਗਈ। 15 ਦਸੰਬਰ, 2013 ਨੂੰ ਬੈਂਗਲੂਰੂ ਐੱਫਸੀ ਵਿਰੁੱਧ ਈਸਟ ਬੰਗਾਲ ਦੀ ਟੀਮ ਨੇ ਖਾਬੜਾ ਦੀ ਅਗਵਾਈ 'ਚ ਖੇਡੇ ਪਹਿਲੇ ਹੀ ਮੈਚ 'ਚ ਜਿੱਤ ਦਰਜ ਕੀਤੀ ਅਤੇ ਉਸ ਨੂੰ 'ਮੈਨ ਆਫ ਦਿ ਮੈਚ' ਨਾਮਜ਼ਦ ਕੀਤਾ ਗਿਆ।

## ਮਾਈਕ ਟਾਈਸਨ ਰਿੰਗ ਵਿਚ ਵਾਪਸੀ ਕਰਨਗੇ



**ਲਾਸ ਏਂਜਲਸ/ਏ.ਟੀ.ਨਿਊਜ਼:** ਆਪਣੇ ਸਮੇਂ ਦੇ ਦਿੱਗਜ ਮੁੱਕੇਬਾਜ਼ ਮਾਇਕ ਟਾਇਸਨ ਮੁੜ ਰਿੰਗ 'ਤੇ ਦਿਖਾਈ ਦੇਣਗੇ ਤੇ ਇਸ ਵਾਰ ਉਨਾਂ ਦਾ ਮੁਕਾਬਲਾ ਰਾਏ ਜੋਂਸ ਨਾਲ ਹੋਵੇਗਾ। ਕੈਲੀਫੋਰਨੀਆ ਦੇ ਐਥਲੈਟਿਕ ਕਮਿਸ਼ਨ ਨੇ ਟਾਇਸਨ ਤੇ ਜੋਂਸ ਵਿਚਾਲੇ ਅਗਲੇ ਮਹੀਨੇ ਹੋਣ ਵਾਲੇ ਮੁਕਾਬਲੇ ਨੂੰ ਇਸ ਆਧਾਰ 'ਤੇ ਮਨਜ਼ੂਰੀ ਦੇ ਦਿੱਤੀ ਹੈ ਕਿ ਇਹ ਸਿਰਫ਼ ਇਕ ਪ੍ਰਦਰਸ਼ਨੀ ਮੁਕਾਬਲਾ ਹੋਵੇਗਾ। ਇਨਾਂ ਸਾਬਕਾ ਚੈਂਪੀਅਨਾਂ ਨੇ ਹਾਲਾਂਕਿ ਕਿਹਾ ਕਿ ਉਹ ਇਸ ਨੂੰ ਸਿਰਫ਼ ਪ੍ਰਦਰਸ਼ਨੀ ਮੁਕਾਬਲਾ ਨਹੀਂ ਮੰਨ ਰਹੇ ਹਨ ਤੇ ਉਸ ਨੂੰ ਗੰਭੀਰਤਾ ਨਾਲ ਲੈ ਰਹੇ ਹਨ।

## ਟੈਨਿਸ ਖਿਡਾਰਨ ਸਿਮੋਨਾ ਹਾਲੇਪ ਨੂੰ ਹੋਇਆ ਕੋਰੋਨਾ



**ਲੰਡਨ/ਏ.ਟੀ.ਨਿਊਜ਼:** ਵਿਸ਼ਵ ਦੀ ਦੂਜੇ ਨੰਬਰ ਦੀ ਟੈਨਿਸ ਖਿਡਾਰਨ ਸਿਮੋਨਾ ਹਾਲੇਪ ਕੋਵਿਡ-19 ਟੈਸਟ ਵਿਚ ਪਾਜ਼ੇਟਿਵ ਆਈ ਹੈ। 29 ਸਾਲਾ ਰੋਮਾਨੀਆ ਦੀ ਖਿਡਾਰਨ ਨੇ ਕਿਹਾ ਕਿ ਮੈਂ ਘਰ ਵਿਚ ਕੁਆਰੰਟਾਈਨ ਹੋ ਗਈ ਹਾਂ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**




**RANJIT SINGH**

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com